# ਵਿਗਿਆਨ ਜੋਤ

**ਸਾਲ 9, ਅੰਕ 5**

**ਸਤੰਬਰ-ਅਕਤੂਬਰ, 2014**

**PUNPUN/2006/17457**

ਮੁੱਖ ਸੰਪਾਦਕ : ਮੇਘ ਰਾਜ ਮਿੱਤਰ
ਸੰਪਾਦਕ :ਅਜਮੇਰ ਸਿੱਧੂ
ਰਣਜੀਤ ਝਨੇਰ
ਮੁੱਖ ਪ੍ਰਬੰਧਕ : ਅਮਿੱਤ ਮਿੱਤਰ



ਸੰਪਾਦਕੀ ਬੋਰਡ:
* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**
* ਸੁਖਵੀਰ ਰੈਨਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 80/- |
| ਦੋ ਸਾਲਾਂ ਦਾ ਚੰਦਾ | 150/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਲਾਈਫ਼ ਮੈਂਬਰਸ਼ਿਪ | 1000/- |
| ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ | 5000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744
Email : tarksheel@gmail.com



**ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


ਸੰਪਾਦਕੀ

# ਧਿਆਨ ਰੱਖਣ ਯੋਗ ਗੱਲਾਂ

10 ਅਗਸਤ 2014 ਨੂੰ ਮੈਂ ਆਪਣੀ ਜ਼ਿੰਦਗੀ ਦੇ 65 ਵਰ੍ਹੇ ਪੂਰੇ ਕਰ ਲਏ ਹਨ। ਮੈਂ ਦੂਸਰੀ ਕਲਾਸ ਵਿੱਚ ਪੜ੍ਹਨ ਸਮੇਂ ਹੀ ਸਾਹਿਤਕ ਪੁਸਤਕਾਂ ਨਾਲ ਜੁੜ ਗਿਆ ਸਾਂ। ਸੱਤਵੀਂ ਵਿੱਚ ਤਾਂ ਮੈਂ 200-300 ਪੇਜ ਦੀਆਂ ਕਿਤਾਬਾਂ ਨੂੰ ਵੀ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਮੈਂ ਕਿਤਾਬਾਂ ਨੂੰ ਸਰਸਰੀ ਨਜ਼ਰ ਨਾਲ ਨਹੀਂ ਪੜ੍ਹਿਆ ਸਗੋਂ ਖੋਜੀ ਨਜ਼ਰਾਂ ਨਾਲ ਅਧਿਆਤਮਕ ਰਸਤੇ ਤੋਂ ਹਟ ਕੇ ਪੜ੍ਹਿਆ ਘੋਖਿਆ ਹੈ। ਹੁਣ ਤੱਕ ਲਗਭੱਗ 5000 ਦੇ ਕਰੀਬ ਕਿਤਾਬਾਂ ਪੜ੍ਹ ਚੁੱਕਿਆ ਹਾਂ। ਇਕੱਲਾ ਕਿਤਾਬਾਂ ਹੀ ਪੜ੍ਹੀਆ ਨਹੀਂ ਸਗੋਂ ਵਿਅਕਤੀਆਂ ਨੂੰ ਵੀ ਨੇੜਿਓ ਪੜ੍ਹਨ ਦਾ ਮੌਕਾ ਵੀ ਮਿਲਿਆ ਹੈ। ਇਕੱਲਾ ਭਾਰਤੀਆਂ ਨੂੰ ਹੀ ਨਹੀਂ ਸਗੋਂ ਦੁਨੀਆਂ ਦੇ ਕਾਫੀ ਦੇਸ਼ਾਂ ਦੇ ਲੋਕਾਂ ਨੂੰ ਪੜ੍ਹਿਆ ਹੈ। ਕੁਝ ਸਚਾਈਆਂ ਜੋ ਮੇਰੇ ਦੇਸ਼ ਦੇ ਲੋਕਾਂ ਤੋਂ ਛੁਪਾਈਆਂ ਜਾ ਰਹੀਆਂ ਹਨ ਉਹ ਵੀ ਤੁਹਾਡੇ ਨਾਲ ਸਾਂਝੀਆਂ ਕਰਨ ਦਾ ਯਤਨ ਕਰ ਰਿਹਾ ਹਾਂ।

1. ਮਨੁੱਖ ਜਾਤੀ ਹਮੇਸ਼ਾ ਅੱਜ ਦੀ ਪੱਧਰ ਜਿੰਨੀ ਵਿਕਸਿਤ ਨਹੀਂ ਸੀ। ਜੇ ਇਹ ਕਹਿ ਲਈਏ ਕਿ ਚਾਰ ਸੌ ਵਰ੍ਹੇ ਪਹਿਲਾ ਦਾ ਮਨੁੱਖ ਅੱਜ ਦੇ ਮਨੁੱਖ ਨਾਲੋਂ ਵਿਕਾਸ ਪੱਖੋ ਘੱਟੋ ਘੱਟ ਚਾਲੀ ਗੁਣਾ ਪਿੱਛੇ ਸੀ। ਜਿਹੜੇ ਗਰੰਥ ਹਜ਼ਾਰ ਜਾਂ ਦੋ ਹਜ਼ਾਰ ਵਰ੍ਹੇ ਪਹਿਲਾਂ ਵਿਅਕਤੀਆਂ ਦੇ ਦੁਆਰਾ ਲਿਖੇ ਗਏ ਸਨ ਉਹ ਉਸ ਸਮੇਂ ਦੀ ਮਨੁੱਖ ਜਾਤੀ ਉਸੇ ਪੱਧਰ ਨੂੰ ਦਰਸਾਉਂਦੇ ਹਨ। ਉਹ ਕਦੇ ਵੀ ਅੱਜ ਦੀ ਮਨੁੱਖ ਜਾਤੀ ਦੇ ਹਾਣ ਦੇ ਨਹੀਂ ਹੋ ਸਕਦੇ ਅਤੇ ਨਾ ਹੀ ਅੱਜ ਦੀ ਮਨੁੱਖ ਜਾਤੀ ਨੂੰ ਕੋਈ ਅਗਵਾਈ ਦੇ ਸਕਦੇ ਹਨ।

2. ਹਰੇਕ ਮਨੁੱਖ ਆਪਣੇ ਜਨਮ ਸਮੇਂ ਹੀ ਆਪਣੇ ਮਾਪਿਆਂ ਤੋਂ ਆਲੇ-ਦੁਆਲੇ ਤੋਂ ਕੁੱਝ ਗਿਆਨ ਤੇ ਸਿੱਖਿਆਵਾਂ ਪ੍ਰਾਪਤ ਕਰਨੀਆਂ ਸ਼ੁਰੂ ਕਰ ਦਿੰਦਾ ਹੈ। ਸਚਾਈ, ਇਮਾਨਦਾਰੀ, ਮੇਹਨਤ ਆਦਿ ਹਰੇਕ ਨਾਸਤਿਕ ਜਾਂ ਆਸਤਿਕ ਵਿਅਕਤੀਆਂ ਵਿੱਚ ਹੁੰਦੀਆਂ ਹਨ। ਧਾਰਮਿਕ ਉਪਦੇਸ਼ਾਂ ਆਦਿ ਨਾਲ ਇਹਨਾਂ ਦਾ ਕੋਈ ਸਬੰਧ ਨਹੀਂ ਹੁੰਦਾ।

3. ਹਰੇਕ ਧਾਰਮਿਕ ਸਥਾਨ ਜੋ ਦਾਨ ਜਾਂ ਚੜ੍ਹਾਵਾ ਪ੍ਰਾਪਤ ਕਰਦਾ ਹੈ। ਉਹ ਧੰਦੇਬਾਜ਼ ਹੈ।

4. ਹਰੇਕ ਸਿਆਸੀ ਪਾਰਟੀ ਧਰਮ ਦਾ ਇਸਤੇਮਾਲ ਆਪਣੀ ਸਿਆਸੀ ਪਕੜ ਨੂੰ ਮਜ਼ਬੂਤ ਬਣਾਉਣ ਲਈ ਜਾਂ ਸਿਆਸਤ ਤੇ ਕਾਬਜ ਹੋਣ ਲਈ ਕਰਦੀ ਹੈ। ਦੁਨੀਆਂ ਨੂੰ ਅਗਵਾਈ ਵਾਲੀ ਸੰਸਥਾ ਯੂ. ਐਨ. ਓ. ਵੀ ਧਰਮ ਦਾ ਉਪਯੋਗ ਗਰੀਬਾਂ ਹੱਥੋਂ ਅਮੀਰਾਂ ਨੂੰ ਬਚਾਉਣ ਲਈ ਕਰਦੀ ਹੈ ਕਿਉਂਕਿ ਗਰੀਬਾਂ ਦੀ ਸੰਖਿਆ ਅਮੀਰਾਂ ਦੀ ਸੰਖਿਆ ਨਾਲੋਂ ਕਈ ਗੁਣਾ ਹੈ।

5. ਜੁਰਮ, ਦੁਰਘਟਨਾਵਾਂ, ਬਿਮਾਰੀਆਂ, ਰਿਸ਼ਵਤ ਖੋਰੀ, ਸਮੇਂ ਦੀ ਵਰਤੋਂ, ਨਸਲੀ ਭੇਦ ਭਾਵ, ਲਿੰਗੀ ਭੇਦਭਾਵ, ਛੂਤ ਛਾਤ, ਕੰਮ ਚੋਰੀ ਆਦਿ ਦੀ ਮਾਤਰਾ ਆਸਤਿਕ ਲੋਕਾਂ ਤੇ ਦੇਸ਼ਾਂ ਵਿੱਚ ਨਾਸਤਿਕ ਲੋਕਾਂ ਤੇ ਦੇਸ਼ਾਂ ਨਾਲ ਵਧੇਰੇ ਹੁੰਦੀ ਹੈ।

6. ਬਹੁਤੇ ਆਸਤਿਕ ਆਗੂ ਲੋਕਾਂ ਨੂੰ ਸਲਾਹ ਦਿੰਦੇ ਹਨ ਕਿ ਉਹਨਾਂ ਨੂੰ ਆਪਣੇ ਪ੍ਰੀਵਾਰਕ ਜੀਆਂ ਨਾਲ ਮੋਹ ਤਿਆਗ ਦੇਣਾ ਚਾਹੀਦਾ ਅਤੇ ਦੁਨਿਆਵੀ ਰਿਸ਼ਤਿਆਂ ਨਾਲੋਂ ਅਗਲੇ ਜਨਮ ਨੂੰ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਜਿਸਦਾ ਸਿੱਧਾ ਜਿਹਾ ਮਤਲਬ ਹੈ ਆਪਣੀ ਪਤਨੀ ਔਲਾਦ ਰਿਸ਼ਤੇਦਾਰਾਂ ਅਤੇ ਮਿੱਤਰ ਦੋਸਤਾਂ ਤੋਂ ਦੂਰੀਆਂ ਵਧਾ ਲੈਣੀਆਂ ਚਾਹੀਦੀਆਂ ਹਨ। ਜਦ ਕਿ ਨਾਸਤਿਕ ਇਸਦੇ ਉਲਟ ਸੋਚਦੇ ਹਨ। ਉਹ ਆਪਣੇ ਸਾਰੇ ਅਜਿਹੇ ਰਿਸ਼ਤਿਆਂ ਨਾਲ ਮੋਹ ਦੀਆਂ ਤੰਦਾਂ ਵਧਾਉਣ ਤੇ ਜ਼ੋਰ ਦਿੰਦੇ ਹਨ।

7. ਧਾਰਮਿਕ ਆਗੂਆਂ ਦਾ ਉਪਦੇਸ਼ ਹੁੰਦਾ ਹੈ ਕਿ ਦਿਮਾਗ ਦੀਆਂ ਛੱਤਰੀਆਂ ਬੰਦ ਰੱਖੋ, ਅੱਖਾਂ ਤੇ ਖੋਪੇ ਚੜ੍ਹਾ ਕੇ ਤੁਰੋ ਅਤੇ ਆਪਣੇ ਆਪ ਨੂੰ ਧਾਰਮਿਕ ਪਿੰਜਰੇ ਵਿੱਚ ਕੈਦ ਕਰਕੇ ਰੱਖੋ। ਕਿਸੇ ਕਿਸਮ ਦਾ ਗਿਆਨ ਤੁਹਾਡੇ ਅੰਦਰ ਪ੍ਰਵੇਸ਼ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਤੁਸੀਂ ਖੁੱਲ੍ਹੇ ਅਸਮਾਨ ਵੱਲ ਵੇਖਣਾ ਸ਼ੁਰੂ ਕਰ ਦੇਵੋਗੇ।

8. ਹਰੇਕ ਧਾਰਮਿਕ ਆਗੂ ਆਪਣੇ ਧਰਮ ਨੂੰ ਵੱਡਾ ਦਰਸਾਉਣ ਲਈ ਵੱਡੇ ਤੋਂ ਵੱਡਾ ਝੂਠ ਮਾਰਨ ਤੋਂ ਕਦੇ ਗੁਰੇਜ ਨਹੀਂ ਕਰੇਗਾ। ਹਿੰਦੂ ਦਾਅਵਾ ਕਰਦੇ ਹਨ ਕਿ ਵੇਦਾਂ ਵਿੱਚ ਸਾਰਾ ਵਿਗਿਆਨ ਭਰਿਆ ਹੈ। ਇਹੀ ਗੱਲ ਸਿੱਖ, ਮੁਸਲਮ ਤੇ ਇਸਾਈ ਆਪਣੇ ਗਰੰਥਾਂ ਬਾਰੇ ਕਹਿਣਗੇ। ਪਰ ਜਦੋਂ ਉਹਨਾਂ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਕਿ ਇਹ ਦੱਸੋ ਕਿ ਕਿਹੜੇ ਗਰੰਥ ਵਿੱਚ ਪਾਣੀ ਦੀ ਬਣਤਰ ਬਾਰੇ ਦਰਸਾਇਆ ਗਿਆ ਹੈ ਤਾਂ ਉਹ ਚੁੱਪ ਕਰ ਜਾਂਦੇ ਹਨ।

9. ਮੈਂ ਇਹ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਭਾਰਤ ਦੇ ਸਾਰੇ ਧਾਰਮਿਕ ਸਥਾਨਾਂ ਕੋਲ ਜਮਾਂ ਜਾਇਦਾਦਾਂ ਤੇ ਸੋਨਾ ਸਰਕਾਰ ਲੈ ਲਵੇ ਅਤੇ ਉਸ ਪੈਸੇ ਦੇ ਇਸਤੇਮਾਲ ਨਾਲ ਹਰੇਕ ਭਾਰਤੀ ਨੂੰ ਰੁਜਗਾਰ ਮਕਾਨ ਤੇ ਭੋਜਨ ਸਮੱਗਰੀ ਮੁਹੱਈਆ ਕਰਵਾਈ ਜਾ ਸਕਦੀ ਹੈ। ਬਿਆਸ ਦੇ ਇੱਕ ਸੰਤ ਦੀ ਚੰਡੀਗੜ੍ਹ ਵਿਚਲੀ ਇਕੱਲੀ ਜਾਇਦਾਦ ਹੀ ਪੰਜਾਬ ਦੇ ਹਰੇਕ ਪਿੰਡ ਦੇ ਹਸਪਤਾਲ ਤੇ ਸਕੂਲ ਦੀ ਸ਼ਾਨਦਾਰ ਇਮਾਰਤ ਬਣਾਉਣ ਲਈ ਕਾਫੀ ਹੈ।

ਮੈਂ ਉਮੀਦ ਕਰਦਾ ਹਾਂ ਕਿ ਭਾਰਤ ਦੇ ਲੋਕ ਇਸ ਪੱਖ ਨੂੰ ਆਪਣੇ ਧਿਆਨ ਵਿੱਚ ਰੱਖਦੇ ਹੋਏ ਆਪਣੀ ਜ਼ਿੰਦਗੀ ਦੇ ਫੈਸਲੇ ਕਰਨਗੇ।

**- ਮੇਘ ਰਾਜ ਮਿੱਤਰ**




# ਓਸ਼ੋ ਰਜਨੀਸ਼ ਦੀ ਕਹਾਣੀ 'ਸ਼ੀਲਾ' ਦੀ ਜ਼ੁਬਾਨੀ

ਜਿਤੇਂਦਰ ਕੁਮਾਰ ਮਿੱਤਲ
ਅਨੁਵਾਦਕ :
ਪਵਨ ਕੁਮਾਰ ਰੱਤੋਂ

ਰਜਨੀਸ਼ ਆਪਣੇ ਗਿਆਨ ਤੇ ਤਰਕ ਸ਼ਕਤੀ ਦੇ ਸਹਾਰੇ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਭਗਵਾਨ ਬਣਾਈ ਬੈਠੇ ਦੇ ਭਰਮ ਜਾਲ ਨੂੰ ਖ਼ੁਦ ਉਨ੍ਹਾਂ ਦੀ ਹੀ ਇਕ ਚੇਲੀ ਨੇ ਤੋੜ ਦਿੱਤਾ ਹੈ। ਉਸ ਦਾ ਦਾਅਵਾ ਹੈ ਕਿ ਇਸ ਪਾਖੰਡੀ ਬਾਬੇ ਨੇ ਅਧਿਆਤਮ (ਆਤਮਾ-ਪਰਮਾਤਮਾ ਨਾਲ ਸਬੰਧਤ ਗਿਆਨ) ਦੀ ਓਟ ਵਿਚ ਸੈਕਸ ਅਤੇ ਡਰੱਗਜ਼ (ਨਸ਼ੀਲੀਆਂ ਦਵਾਈਆਂ) ਦਾ ਚਮਤਕਾਰੀ ਮਾਇਆ ਜਾਲ ਵਿਛਾ ਕੇ ਦੁਨੀਆਂ ਭਰ ਵਿੱਚ ਲੱਖਾਂ ਕਰੋੜਾਂ ਲੋਕਾਂ ਨੂੰ ਗੁੰਮਰਾਹ ਕੀਤਾ ਹੈ।

ਕਿਵੇਂ ਮੱਧ ਪ੍ਰਦੇਸ਼ ਦੇ ਇਕ ਸ਼ਹਿਰ ਜਬਲਪੁਰ ਦਾ ਦਰਸ਼ਨ-ਸ਼ਾਸਤਰ ਦਾ ਪ੍ਰੋਫ਼ੈਸਰ ਆਪਣੀਆਂ ਭੋਗਵਿਲਾਸ ਦੀਆਂ ਸੰਸਾਰਕ ਇੱਛਾਵਾਂ ਨੂੰ ਪੂਰਾ ਕਰਨ ਲਈ ਆਪਣੇ ਗਿਆਨ ਅਤੇ ਤਰਕ-ਸ਼ਕਤੀ ਦੇ ਬਲ 'ਤੇ ਸ਼ਬਦਾਂ ਦਾ ਅਜਿਹਾ ਚੱਕਰਵਿਊ ਰਚਣ ਵਿਚ ਕਾਮਯਾਬ ਰਿਹਾ, ਜਿਸ ਵਿੱਚ ਦੁਨੀਆਂ ਭਰ ਦੇ ਸਰਵੋਤਮ ਵਿਦਵਾਨ ਵੀ ਫਸੇ ਬਿਨਾਂ ਨਹੀਂ ਰਹਿ ਸਕੇ ਅਤੇ ਕਿਵੇਂ ਉਸ ਦੇ ਇਕ ਇਸ਼ਾਰੇ ਉਤੇ ਲੱਖਾਂ ਡਾਲਰ (ਸੰਯੁਕਤ ਰਾਜ ਅਮਰੀਕਾ/ਕੈਨੇਡਾ ਆਦਿ ਦਾ ਪ੍ਰਚੱਲਤ ਸਿੱਕਾ) ਲੁਟਾਉਣ ਲਈ ਤਿਆਰ ਹੋ ਜਾਂਦੇ ਸਨ। ਕਿਵੇਂ ਮਾਮੂਲੀ ਚੱਪਲਾਂ, ਘੜੀ ਅਤੇ ਸੂਤੀ ਕੱਪੜੇ ਪਾਉਣ ਵਾਲਾ ਬੰਦਾ, ਹੀਰੇ ਜੜੀਆਂ ਸਵਿਸ ਘੜੀਆਂ, ਮਹਿੰਗੇ ਰੇਸ਼ਮੀ ਕੱਪੜੇ, ਮਹਿੰਗੀਆਂ ਐਨਕਾਂ ਲਾ ਕੇ ਦੁਨੀਆਂ ਦੀ ਸੱਭ ਤੋਂ ਕੀਮਤੀ ਕਾਰ ਰੌਲਜ਼ ਰਾਇਸ ਵਿੱਚ ਘੁੰਮਣ ਲੱਗਾ। ਕਿਵੇਂ ਪ੍ਰੋਫ਼ੈਸਰ ਤੋਂ ਆਚਾਰੀਆ ਰਜਨੀਸ਼, ਫਿਰ ਭਗਵਾਨ ਰਜਨੀਸ਼ ਅਤੇ ਆਖ਼ਰ ਵਿੱਚ ਓਸ਼ੋ ਦਾ ਨਾਂ ਧਾਰਨ ਕਰਨ ਵਾਲਾ ਇਹ ਬੰਦਾ ਭਾਰਤ ਤੋਂ ਲੈ ਕੇ ਅਮਰੀਕਾ ਜਿਹੇ ਦੇਸ਼ਾਂ ਵਿੱਚ ਕਰੋੜਾਂ-ਅਰਬਾਂ ਰੁਪਏ ਦੀ ਜਾਇਦਾਦ ਖੜ੍ਹੀ ਕਰਨ ਵਿੱਚ ਕਾਮਯਾਬ ਰਿਹਾ।

ਇਸ ਦੀ ਇਕ ਅਜਿਹੀ ਅਜੀਬੋ-ਗ਼ਰੀਬ ਕਹਾਣੀ ਹੈ, ਜਿਸ ਵਿੱਚ ਕਿਸੇ ਸਸਤੇ ਨਾਵਲਾਂ ਵਰਗਾ ਰਸ ਤਾਂ ਹੈ ਹੀ, ਨਾਲ ਹੀ ਧਰਮ ਦਾ ਘਿਨਾਉਣਾ ਸਵਰੂਪ (ਸ਼ਕਲ) ਵੀ ਵੇਖਣ ਨੂੰ ਮਿਲਦਾ ਹੈ। ਸਾਰੀ ਕਹਾਣੀ ਦਾ ਦਿਲਚਸਪ ਵੇਰਵਾ ਰਜਨੀਸ਼ ਦੀ ਇਕ ਪਹਿਲੀ ਪ੍ਰੇਮਿਕਾ ਆਨੰਦ ਸ਼ੀਲਾ ਨੇ ਆਪਣੀ ਹੁਣੇ ਹੀ ਪ੍ਰਕਾਸ਼ਤ ਪੁਸਤਕ 'ਡੋਂਟ ਕਿਲ ਹਿਮ' ਵਿਚ ਪੇਸ਼ ਕੀਤਾ ਹੈ।

ਸ਼ੀਲਾ ਨੇ ਆਪ ਇਹ ਮੰਨਿਆ ਹੈ ਕਿ ਉਸ ਦੀ ਦਿਲਚਸਪੀ ਰਜਨੀਸ਼ ਦੇ ਅਧਿਆਤਮਕ ਗਿਆਨ ਵਿਚ ਨਹੀਂ ਸੀ, ਉਹ ਤਾਂ ਉਸ ਨੂੰ ਪਿਆਰ ਕਰਨ ਲੱਗ ਪਈ ਸੀ। ਰਜਨੀਸ਼ ਨਾਲ ਆਪਣੀ ਪਹਿਲੀ ਮੁਲਾਕਾਤ ਦਾ ਵੇਰਵਾ ਇਸ ਗੁਜਰਾਤੀ ਇਸਤਰੀ ਨੇ ਕੁੱਝ ਇਨ੍ਹਾਂ ਸ਼ਬਦਾਂ ਵਿੱਚ ਦਿੱਤਾ ਹੈ : "ਮੁੰਬਈ ਵਿੱਚ ਅਸੀਂ ਆਪਣੇ ਜਿਹੜੇ ਚਾਚੇ ਦੇ ਲੜਕੇ ਕੋਲ ਠਹਿਰਦੇ ਸੀ, ਉਸ ਦੇ ਸਾਹਮਣੇ ਦੇ ਹੀ ਬੰਗਲੇ ਵਿਚ ਰਜਨੀਸ਼ ਰਹਿ ਰਹੇ ਸਨ। ਇਸ ਲਈ ਮੇਰੀ ਉਸ ਨੂੰ ਮਿਲਣ ਦੀ ਇੱਛਾ ਛੇਤੀ ਹੀ ਪੂਰੀ ਹੋ ਗਈ। ਉਨ੍ਹਾਂ ਦੀ ਸੈਕਟਰੀ ਯੋਗ-ਲਕਸ਼ਮੀ ਨੇ ਸਾਡਾ ਸਵਾਗਤ ਕੀਤਾ। ਕੁੱਝ ਪਲਾਂ ਦੇ ਬਾਅਦ ਮੈਂ ਆਪਣੇ ਪਿਤਾ ਨਾਲ ਰਜਨੀਸ਼ ਦੇ ਕਮਰੇ ਵਿਚ ਜਾ ਪੁੱਜੀ। ਉਨ੍ਹਾਂ ਨੇ ਮੁਸਕਰਾਉਂਦੇ ਹੋਏ ਆਪਣੇ ਹੱਥ ਫੈਲਾ ਕੇ ਮੇਰਾ ਸਵਾਗਤ ਕੀਤਾ। ਮੈਂ ਖ਼ੁਸ਼ੀ ਵਿਚ ਮਸਤ ਹੋ ਕੇ ਸਿੱਧੀ ਉਨ੍ਹਾਂ ਦੀ ਗਲਵੱਕੜੀ ਵਿਚ ਸਮਾਅ ਗਈ ਸੀ। ਕੁੱਝ ਪਲ ਬਾਅਦ ਉਨ੍ਹਾਂ ਨੇ ਜੱਫੀ ਢਿੱਲੀ ਕਰ ਦਿੱਤੀ, ਪਰ ਮੇਰਾ ਹੱਥ ਫੇਰ ਵੀ ਫੜੀ ਰੱਖਿਆ। ਮੈਂ ਪੂਰੀ ਆਤਮਸਮਰਪਨ ਦੀ ਭਾਵਨਾ ਨਾਲ ਆਪਣਾ ਸਿਰ ਉਨ੍ਹਾਂ ਦੀ ਗੋਦੀ ਵਿਚ ਰੱਖਿਆ ਹੋਇਆ ਸੀ ਅਤੇ ਅਚਾਨਕ ਮੈਨੂੰ ਲੱਗਾ ਕਿ ਮੈਂ ਉਨ੍ਹਾਂ ਦੇ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੀ।"

ਰਜਨੀਸ਼ ਨੇ ਸ਼ੀਲਾ ਨੂੰ ਅਗਲੇ ਦਿਨ ਦੁਪਹਿਰ ਦੇ ਢਾਈ ਵਜੇ ਫੇਰ ਮਿਲਣ ਲਈ ਬੁਲਾਇਆ। ਸ਼ੀਲਾ ਦੂਜੀ ਮੁਲਾਕਾਤ ਲਈ ਬਹੁਤ ਬੇਚੈਨ ਸੀ ਤੇ ਉਸ ਨੇ ਬੜੀ ਮੁਸ਼ਕਲ ਤੋਂ ਰਾਤ ਬਿਸਤਰੇ ਉਤੇ ਕਰਵਟਾਂ ਬਦਲਦੇ ਹੋਏ ਕੱਟੀ।

ਦੂਜੀ ਮੁਲਾਕਾਤ ਵਿਚ ਸ਼ੀਲਾ ਨੇ ਰਜਨੀਸ਼ ਨੂੰ ਦੱਸਿਆ ਕਿ ਉਸ ਲਈ ਰਾਤ ਕੱਟਣੀ ਮੁਸ਼ਕਲ ਹੋ ਗਈ ਸੀ। ਇਸ 'ਤੇ ਰਜਨੀਸ਼ ਦਾ ਉੱਤਰ ਸੀ, "ਸ਼ੀਲਾ, ਇਹ ਬਿਲਕੁੱਲ ਸਿੱਧੀ ਗੱਲ ਹੈ, ਤੂੰ ਮੇਰੇ ਨਾਲ ਪਿਆਰ ਕਰਨ ਲੱਗੀ ਹੈਂ ਅਤੇ ਮੈਂ ਵੀ ਤੈਨੂੰ ਪਿਆਰ ਕਰਨ ਲੱਗਾ ਹਾਂ।"

ਇਹ ਸ਼ਾਇਦ ਰਜਨੀਸ਼ ਦਾ ਸ਼ੀਲਾ ਵਰਗੀ ਅੱਲ੍ਹੜ ਜਵਾਨ ਲੜਕੀਆਂ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣ ਦਾ ਇੱਕ ਹੱਥਕੰਡਾ ਸੀ, ਜਿਹੜਾ ਉਹ ਆਪਣੇ ਕੋਲ ਆਉਣ ਵਾਲੀ ਹਰ ਮੁਟਿਆਰ ਲੜਕੀ ਉਤੇ ਅਜ਼ਮਾਉਂਦੇ ਰਹੇ ਹੋਣਗੇ ਅਤੇ ਇਸ ਪ੍ਰਕਾਰ ਰਜਨੀਸ਼ ਦੇ ਪ੍ਰੇਮ ਜਾਲ ਵਿਚ ਪਾਗ਼ਲ ਸ਼ੀਲਾ ਸੱਭ ਕੁੱਝ ਛੱਡ ਕੇ ਰਜਨੀਸ਼ ਦੀ ਚੇਲੀ ਬਣ ਗਈ ਸੀ। ਭਗਵੇਂ ਕੱਪੜੇ, ਗਲੇ ਵਿਚ ਰਜਨੀਸ਼ ਦੀ ਫ਼ੋਟੋ ਵਾਲਾ ਲਾਕਿਟ ਅਤੇ ਰਜਨੀਸ਼ ਵਲੋਂ ਦਿੱਤਾ ਗਿਆ ਨਵਾਂ ਨਾਂ 'ਮਾਂ ਆਨੰਦ ਸ਼ੀਲਾ'।

ਰਜਨੀਸ਼ ਦੇ ਨੇੜੇ ਪਹੁੰਚਣ ਤੋਂ ਬਾਅਦ ਸ਼ੀਲਾ ਨੇ ਮਹਿਸੂਸ ਕੀਤਾ ਕਿ ਸੈਕਸ ਪ੍ਰਤੀ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਕੋਈ ਮਨਾਹੀ ਨਹੀਂ ਸੀ। ਏਨਾ ਹੀ ਨਹੀਂ, ਉਹ ਇਕ ਚਲਾਕ ਵਪਾਰੀ ਵੀ ਸਨ ਅਤੇ ਆਦਮੀ ਦੀਆਂ ਅਸਲੀ ਕਮਜ਼ੋਰੀਆਂ ਦਾ ਲਾਭ ਲੈਣਾ ਜਾਣਦੇ ਸਨ। ਉਹ ਛੇਤੀ ਹੀ ਮੁੰਬਈ ਛੱਡ ਕੇ ਪੂਨਾ ਜਾ ਪਹੁੰਚੇ ਜਿੱਥੇ ਉਨ੍ਹਾਂ ਨੇ ਆਪਣੇ ਵਿਦੇਸ਼ੀ ਚੇਲਿਆਂ ਦੇ ਪੈਸਿਆਂ ਨਾਲ ਕੁੱਝ ਹੀ ਸਮੇਂ ਵਿੱਚ ਇਕ ਸ਼ਾਨਦਾਰ ਆਸ਼ਰਮ ਖੜ੍ਹਾ ਕਰ ਲਿਆ। ਉਹ ਆਪਣੀਆਂ ਸਾਰੀਆਂ ਸਕੀਮਾਂ ਦੇ ਮਹੱਤਵ, ਉਨ੍ਹਾਂ ਦੇ ਬਾਜ਼ਾਰ ਅਤੇ ਉਨ੍ਹਾਂ ਦੀ ਮੰਗ ਤੋਂ ਵਾਕਿਫ਼ ਸਨ। ਪੂਨਾ ਆਸ਼ਰਮ ਕੁੱਝ ਇਸ ਤਰ੍ਹਾਂ ਚਲਦਾ ਸੀ ਕਿ ਉਥੇ ਆਉਣ ਵਾਲੇ ਹਰ ਬੰਦੇ ਨੂੰ ਆਸ਼ਰਮ ਦੀਆਂ ਹਰ ਗਤੀਵਿਧੀਆਂ ਵਿਚ ਭਾਗ ਲੈਣ ਲਈ ਇਕ ਨਿਰਧਾਰਤ ਫ਼ੀਸ ਦੇਣੀ ਪੈਂਦੀ ਸੀ, ਇਥੋਂ ਤੱਕ ਕਿ ਉਨ੍ਹਾਂ ਦਾ ਪ੍ਰਵਚਨ ਸੁਣਨ ਲਈ ਵੀ ਟਿਕਟ ਖ਼ਰੀਦਣੀ ਪੈਂਦੀ ਸੀ।

ਉਨ੍ਹਾਂ ਨੇ ਵਿਦੇਸ਼ੀ ਦਿਮਾਗ਼ੀ ਮਾਹਰ ਡਾਕਟਰ ਨੂੰ ਬੁਲਾ ਕੇ ਇਲਾਜ ਦੇ ਵੱਖ-ਵੱਖ ਕੋਰਸ

ਸ਼ੁਰੂ ਕਰ ਦਿੱਤੇ ਸਨ। ਹਰ ਬੰਦਾ ਆਪਣੀ ਇੱਛਾ ਜਾਂ ਲੋੜ ਮੁਤਾਬਕ ਕੋਈ ਵੀ ਕੋਰਸ ਚੁਣ ਸਕਦਾ ਸੀ। ਭਾਰਤ ਲਈ ਇਸ ਤਰ੍ਹਾਂ ਦੇ ਕੋਰਸ ਇਕ ਨਵੀਂ ਗੱਲ ਸੀ। ਇਨ੍ਹਾਂ ਕੋਰਸਾਂ ਵਿੱਚੋਂ ਸੱਭ ਤੋਂ ਹਰਮਨ ਪਿਆਰਾ ਕੋਰਸ ਸੀ ਸਮੂਹਕ ਸੈਕਸ ਵਾਲਾ, ਜਿਸ ਵਿਚ ਲੋਕ ਚੀਕਾਂ ਕੂਕਾਂ ਮਾਰਨ ਦੇ ਨਾਲ-ਨਾਲ ਸਮੂਹਕ ਰੂਪ ਤੋਂ ਸੈਕਸ ਆਨੰਦ ਵਿਚ ਲੀਨ ਹੋ ਜਾਂਦੇ ਸਨ।

ਇਸ ਕੋਰਸ ਦਾ ਸਿਰਫ਼ ਇਕ ਹੀ ਨਿਯਮ ਸੀ ਕਿ ਬਿਨਾਂ ਇਕ-ਦੂਜੇ ਦੀ ਸਹਿਮਤੀ ਦੇ ਸੈਕਸ ਆਨੰਦ ਲੈਣ ਵਿਚ ਲੀਨ ਨਹੀਂ ਹੋਇਆ ਜਾ ਸਕਦਾ। ਕਈ ਵਾਰ ਇਸ ਕੋਰਸ ਵਿਚ ਹਿੱਸਾ ਲੈਣ ਵਾਲੇ ਬੰਦੇ ਚੀਕਦੇ-ਚਿਲਾਉਂਦੇ ਸਨ ਅਤੇ ਅਕਸਰ ਸੈਕਸ ਕ੍ਰਿਆਵਾਂ ਹਿੰਸਕ ਰੂਪ ਧਾਰਨ ਕਰ ਲੈਂਦੀਆਂ ਸਨ। ਸੈਕਸ ਨੂੰ ਰਜਨੀਸ਼ ਅਨੇਕ ਦੁੱਖਾਂ ਦਾ ਕਾਰਨ ਮੰਨਦੇ ਸਨ ਅਤੇ ਅਪਣੇ ਚੇਲਿਆਂ ਦੇ ਮਨ ਤੋਂ ਸੈਕਸ ਸਬੰਧੀ ਸਾਰੀਆਂ ਰੋਕਾਂ ਖ਼ਤਮ ਕਰ ਕੇ ਉਨ੍ਹਾਂ ਨੂੰ ਖੁੱਲ੍ਹੀ ਛੂਟ ਦੇ ਦਿੰਦੇ ਸਨ।

ਆਸ਼ਰਮ ਵਿਚ ਸੈਕਸ ਨਾਲ ਜੁੜੀਆਂ ਸਾਰੀਆਂ ਨੈਤਿਕ ਮਾਨਤਾਵਾਂ ਨੂੰ ਤੋੜ ਦਿੱਤਾ ਗਿਆ ਸੀ ਅਤੇ ਹਰ ਆਸ਼ਰਮ ਵਾਸੀ ਨੂੰ ਕਿਸੇ ਵੀ ਇਸਤਰੀ ਨਾਲ ਸੌਣ ਦੀ ਖੁੱਲ੍ਹੀ ਛੋਟ (ਆਜ਼ਾਦੀ) ਸੀ, ਪਰ ਸ਼ਰਤ ਸੀ ਕਿ ਉਹ ਇਸਤਰੀ ਵੀ ਉਸ ਆਦਮੀ ਨਾਲ ਸੌਣ ਲਈ ਤਿਆਰ ਹੋਵੇ। ਇਹ ਇਕ ਤਰ੍ਹਾਂ ਦਾ ਹਿਪੀਆਂ ਵਰਗਾ ਸਭਿਆਚਾਰ ਸੀ, ਜਿਸ ਵਿਚ ਸੈਕਸ ਦੇ ਨਾਲ-ਨਾਲ ਨਸ਼ੀਲੇ ਪਦਾਰਥਾਂ ਦਾ ਸੇਵਨ ਵੀ ਜੁੜ ਗਿਆ ਸੀ, ਪਰ ਆਸ਼ਰਮ ਵਿਚ ਕਿਸੇ ਲੜਕੀ ਦਾ ਗਰਭਵਤੀ ਹੋਣਾ ਠੀਕ ਨਹੀਂ ਸੀ ਮੰਨਿਆ ਜਾਂਦਾ। ਜੇ ਕੋਈ ਇਸਤਰੀ ਗਰਭਵਤੀ ਹੋ ਜਾਂਦੀ ਸੀ ਤਾਂ ਰਜਨੀਸ਼ ਉਸ ਨੂੰ ਗਰਭਪਾਤ ਕਰਵਾਉਣ ਦੀ ਸਲਾਹ ਦਿੰਦੇ ਸਨ।

ਖੁੱਲ੍ਹੇ ਸੈਕਸ ਸਬੰਧਾਂ ਦਾ ਨਤੀਜਾ ਇਹ ਹੋਇਆ ਕਿ 70 ਤੋਂ 80 ਫ਼ੀਸਦੀ ਆਸ਼ਰਮਵਾਸੀ ਲਿੰਗਕ ਰੋਗਾਂ ਨਾਲ ਪੀੜਤ ਹੋ ਗਏ ਸਨ, ਜਿਸ ਕਾਰਨ ਬਾਅਦ ਵਿਚ ਨਿਰੋਧ ਦੀ ਵਰਤੋਂ ਉਤੇ ਜ਼ੋਰ ਦਿੱਤਾ ਜਾਣ ਲੱਗਾ। ਹੁਣ ਰਜਨੀਸ਼ ਸਾਰੀ ਦੁਨੀਆਂ ਵਿਚ ਸੈਕਸ ਗੁਰੂ ਦੇ ਰੂਪ ਵਿੱਚ ਮਸ਼ਹੂਰ ਹੋ ਗਏ ਸਨ ਅਤੇ ਸਾਰੀ ਦੁਨੀਆਂ ਤੋਂ ਲੋਕ ਕੁੱਝ ਸਮੇਂ ਲਈ ਆਪਣੇ ਮਾਨਸਕ ਤਣਾਅ ਨੂੰ ਦੂਰ ਕਰਨ ਅਤੇ ਇਕ ਰੁਝੇਵੇਂ ਭਰੀ ਜ਼ਿੰਦਗੀ ਤੋਂ ਕੁੱਝ ਦਿਨਾਂ ਦੀ ਨਜ਼ਾਤ ਪਾਉਣ ਲਈ ਰਜਨੀਸ਼ ਦੇ ਪੂਨਾ ਸਥਿਤ ਆਸ਼ਰਮ ਵਿਚ ਆਉਣ ਲੱਗੇ ਸਨ। ਹੁਣ ਆਸ਼ਰਮ ਵਿਚ ਪੈਸੇ ਦੀ ਕੋਈ ਕਮੀ ਨਹੀਂ ਸੀ ਰਹੀ ਅਤੇ ਆਸ-ਪਾਸ ਦੇ ਸਾਰੇ ਬੰਗਲੇ ਮਹਿੰਗੇ ਰੇਟਾਂ ਉਤੇ ਖ਼ਰੀਦ ਕੇ ਉਨ੍ਹਾਂ ਨੂੰ ਵੀ ਆਸ਼ਰਮ ਵਿਚ ਹੀ ਸ਼ਾਮਲ ਕਰ ਲਿਆ ਗਿਆ ਸੀ। ਇਸ ਦੇ ਬਾਵਜੂਦ ਆਸ਼ਰਮ ਵਿਚ ਰਜਨੀਸ਼ ਦੇ ਚੇਲਿਆਂ ਦੀ ਭੀੜ ਏਨੀ ਜ਼ਿਆਦਾ ਵੱਧ ਗਈ ਸੀ ਕਿ ਇਨ੍ਹਾਂ ਤਥਾ-ਕਥਿਤ ਸੰਨਿਆਸੀਆਂ ਨੂੰ ਵਾਰੀ-ਵਾਰੀ ਤੋਂ ਵੱਖ-ਵੱਖ ਪਾਰੀਆਂ ਵਿਚ ਸੱਦਵਾਉਣਾ ਪੈਂਦਾ ਸੀ।

ਦਿਨ-ਬ-ਦਿਨ ਪੈਰੋਕਾਰਾਂ ਦੀ ਵਧਦੀ ਭੀੜ ਕਾਰਨ ਆਸ਼ਰਮ ਵਿਚ ਗੰਦਗੀ ਵਧਦੀ ਜਾ ਰਹੀ ਸੀ ਅਤੇ ਲੋਕ ਬੀਮਾਰ ਪੈਣ ਲੱਗ ਪਏ ਸਨ। ਹਾਲਾਂਕਿ ਆਸ਼ਰਮ ਦੇ ਅੰਦਰ ਹੀ ਗਰਭਪਾਤ ਤੇ ਦੂਜੇ ਇਲਾਜਾਂ ਲਈ ਹਸਪਤਾਲ ਬਣਾ ਦਿੱਤਾ ਗਿਆ ਸੀ, ਪਰ ਇਹ ਹਸਪਤਾਲ ਵੀ ਬੀਮਾਰਾਂ ਦੀ ਵਧਦੀ ਭੀੜ ਕਾਰਨ ਛੋਟਾ ਸੀ। ਨੌਬਤ ਇੱਥੋਂ ਤੱਕ ਆ ਪੁੱਜੀ ਸੀ ਕਿ ਆਪ ਰਜਨੀਸ਼ ਵੀ ਆਮ ਤੌਰ 'ਤੇ ਬੀਮਾਰ ਰਹਿਣ ਲੱਗੇ। ਦਮਾ, ਸ਼ੂਗਰ, ਪਿੱਠ ਦਾ ਦਰਦ ਅਤੇ ਰੋਜ਼ਾਨਾ ਮਿਲਣ ਵਾਲੀ ਮੌਤ ਦੀਆਂ ਧਮਕੀਆਂ ਕਾਰਨ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਪ੍ਰਵਚਨ ਬੰਦ ਕਰਨੇ ਪਏ। ਉਨ੍ਹਾਂ ਦੇ ਨੇੜਲੇ ਸਾਰੇ ਚੇਲੇ ਇਸ ਗੱਲ ਦੀ ਕੋਸ਼ਿਸ਼ ਵਿੱਚ ਪੂਰੀ ਤਰ੍ਹਾਂ ਜੁੱਟ ਗਏ ਕਿ ਕਿਸੇ ਤਰ੍ਹਾਂ ਉਨ੍ਹਾਂ ਨੂੰ ਤੰਦਰੁਸਤ ਰੱਖਿਆ ਜਾ ਸਕੇ। ਪਰਫ਼ਿਊਮ, ਇਤਰ, ਸੁਗੰਧ ਦੀ ਖ਼ੁਸ਼ਬੂ ਨਾਲ ਉਨ੍ਹਾਂ ਦਾ ਦਮਾ ਭੜਕ ਜਾਂਦਾ ਸੀ, ਇਸ ਲਈ ਉਨ੍ਹਾਂ ਨਾਲ ਮਿਲਣ ਵਾਲੇ ਹਰ ਬੰਦੇ ਉਤੇ



ਸਖ਼ਤ ਨਜ਼ਰ ਰੱਖੀ ਜਾਣ ਲੱਗੀ। ਜੇਕਰ ਉਨ੍ਹਾਂ ਵਿੱਚੋਂ ਕਿਸੇ ਨੇ ਇਤਰ ਜਾਂ ਸੈਂਟ ਲਾਇਆ ਹੁੰਦਾ ਸੀ ਤਾਂ ਉਸ ਨੂੰ ਰਜਨੀਸ਼ ਨਾਲ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ।

ਉਪਰੋਕਤ ਖੁੱਲ੍ਹੇ ਸੈਕਸ ਬਾਰੇ ਸ਼ੀਲਾ ਨੇ ਆਪਣੀ ਪੁਸਤਕ ਵਿਚ ਬਹੁਤ ਦਿਲਚਸਪ ਵਰਨਣ ਕੀਤਾ ਹੈ। ਉਸ ਨੇ ਜਦ ਇਕ ਸੰਨਿਆਸੀ ਨਾਲ ਇਸ ਵਿਸ਼ੇ ਵਿਚ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਸਵੇਰੇ ਨਾਸ਼ਤੇ ਦੌਰਾਨ ਉਸ ਨੂੰ ਇਕ ਲੜਕੀ ਪਸੰਦ ਆ ਗਈ, ਉਸ ਤੋਂ ਬਾਅਦ ਦੁਪਹਿਰ ਦੇ ਭੋਜਨ ਤੋਂ ਬਾਅਦ ਇਕ ਹੋਰ ਸੁੰਦਰੀ ਉਸ ਪਾਸ ਚਲੀ ਗਈ ਜਦਕਿ ਰਾਤ ਨੂੰ ਉਹ ਇਕ ਤੀਜੀ ਲੜਕੀ ਨਾਲ ਸੁੱਤਾ ਸੀ। ਇਸ 'ਤੇ ਸ਼ੀਲਾ ਨੇ ਉਸ ਨੂੰ ਵਿਅੰਗ ਵਿਚ ਕਿਹਾ ਸੀ, 'ਇਸ ਦਾ ਮਤਲਬ ਤਾਂ ਇਹ ਹੈ ਕਿ ਹਰ ਖਾਣੇ ਤੋਂ ਬਾਅਦ ਤੁਹਾਨੂੰ ਨਵਾਂ ਡੈਜ਼ਰਟ (ਕੁੱਝ ਮਿੱਠਾ ਪਕਵਾਨ) ਖਾਣ ਦੀ ਆਦਤ ਪੈ ਗਈ ਹੈ।'

ਹੁਣ ਤਕ ਸ਼ੀਲਾ ਰਜਨੀਸ਼ ਦੇ ਕੁੱਝ ਗਿਣੇ ਚੁਣੇ ਅੰਦਰੂਨੀ ਲੋਕਾਂ ਵਿੱਚ ਸ਼ਾਮਲ ਹੋ ਗਈ ਸੀ ਅਤੇ ਰਜਨੀਸ਼ ਦੇ ਆਸ਼ਰਮ ਦੇ ਸੰਚਾਲਨ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਉਸ ਨੂੰ ਸੰਭਾਲ ਦਿੱਤੀਆਂ ਗਈਆਂ ਸਨ। ਤਦੇ 'ਭਗਵਾਨ' ਨੇ ਸ਼ੀਲਾ ਸਾਹਮਣੇ ਅਪਣਾ ਇਕ ਅਜੀਬ ਕਮਿਊਨ (ਪ੍ਰਵਾਰਾਂ ਦਾ ਸਮੂਹ ਜਿਨ੍ਹਾਂ ਦੀ ਸਾਂਝੀ ਸੰਪਤੀ ਅਤੇ ਜਿਨ੍ਹਾਂ ਦਾ ਕੰਮ ਵਿਚ ਬਰਾਬਰ ਉਤਰਦਾਇਤਵ ਹੋਵੇ) ਬਣਾਉਣ ਦਾ ਸੁਪਨਾ ਵਿਸਥਾਰ ਨਾਲ ਰੱਖਿਆ, ਜਿਸ ਨੂੰ ਉਹ ਅਮਰੀਕਾ ਵਿਚ ਸਥਾਪਤ ਕਰਨਾ ਚਾਹੁੰਦੇ ਸਨ। ਸ਼ੀਲਾ ਨੇ ਉੱਤਰ-ਪੱਛਮੀ ਅਮਰੀਕਾ ਦੇ ਔਰਗੌਨ ਨਾਂ ਦੀ ਜਗ੍ਹਾ ਉਪਰ 65 ਹਜ਼ਾਰ ਏਕੜ ਵਿਚ ਫੈਲੀ ਇਕ ਨਿਰਜਨ ਥਾਂ ਖ਼ਰੀਦ ਕੇ ਉਨ੍ਹਾਂ ਦੇ ਇਸ ਸੁਪਨੇ ਨੂੰ ਸਾਕਾਰ ਕਰ ਵਿਖਾਇਆ।

ਰਜਨੀਸ਼ ਸ਼ੀਲਾ ਦੇ ਇਸ ਕੰਮ ਤੋਂ ਬਹੁਤ ਪ੍ਰਭਾਵਤ ਹੋਏ ਸਨ ਅਤੇ ਉਸ ਨੂੰ ਕਮਯੂਨ ਦਾ ਕਰਤਾ-ਧਰਤਾ ਬਣਾ ਦਿੱਤਾ ਸੀ। ਕਮਯੂਨ ਦੇ ਸਾਰੇ ਪ੍ਰੋਗਰਾਮ ਠੀਕ ਢੰਗ ਨਾਲ ਚੱਲਣ ਲੱਗੇ ਸਨ। ਰਜਨੀਸ਼ ਦੇ ਸੁਪਨੇ ਦੇ ਆਖ਼ਰੀ ਅਧਿਆਏ (ਪੁਸਤਕ ਦਾ ਇਕ ਪਾਠ) ਦੀ ਸ਼ੁਰੂਆਤ ਹੋ ਚੁੱਕੀ ਸੀ। ਰਜਨੀਸ਼ ਅਕਾਦਮੀ ਅਤੇ ਇਕ ਸ਼ਾਨਦਾਰ ਪੁਸਤਕਾਲਿਆ ਦਾ ਕੰਮ ਵੀ ਸ਼ੁਰੂ ਹੋ ਚੁੱਕਾ ਸੀ। ਰਜਨੀਸ਼ ਦੇ ਪ੍ਰਵਚਨਾਂ ਦੀਆਂ ਕਿਤਾਬਾਂ ਠੀਕ ਸਮੇਂ ਪ੍ਰਕਾਸ਼ਤ ਹੋਣ ਲੱਗੀਆਂ ਸਨ, ਵੱਖ-ਵੱਖ ਮੇਲਿਆਂ ਦਾ ਪ੍ਰਬੰਧ ਵੀ ਨਿਯਮਤ ਰੂਪ ਨਾਲ ਸ਼ੁਰੂ ਹੋਣ ਲੱਗਾ ਸੀ।



ਸ਼ੀਲਾ ਅਤੇ ਰਜਨੀਸ਼ 1984 ਵਿੱਚ

ਰਜਨੀਸ਼ ਦੁਨੀਆਂ ਭਰ ਵਿੱਚ ਸੱਭ ਤੋਂ ਵੱਧ ਬਹਿਸਯੋਗ ਅਤੇ ਵਿਲੱਖਣ ਬੰਦੇ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆ ਚੁੱਕੇ ਸਨ। ਇਨ੍ਹਾਂ ਸਭਨਾਂ ਨਾਲ ਹੀ ਯੂਰੋਪ ਵਿੱਚ ਫੈਲੇ ਰਜਨੀਸ਼ ਦੇ ਭਿੰਨ-ਭਿੰਨ ਕੇਂਦਰ ਵੀ ਬਹੁਤ ਸੁਚਾਰੂ ਰੂਪ ਨਾਲ ਚਲ ਰਹੇ ਸਨ ਅਤੇ ਆਏ ਦਿਨ ਆਮਦਨੀ ਦੇ ਨਵੇਂ-ਨਵੇਂ ਸਰੋਤ ਖੁਲ੍ਹਦੇ ਜਾ ਰਹੇ ਸਨ, ਪਰ ਰਜਨੀਸ਼ ਹੁਣ ਉਦਾਸ ਰਹਿਣ ਲੱਗੇ ਸਨ। ਉਹ ਆਪਣੇ ਜੀਵਨ ਵਿੱਚ ਇੱਕ ਨਵੇਂ ਅਨੰਦ ਦੀ ਖੋਜ ਵਿੱਚ ਸਨ ਅਤੇ ਇਸ ਲਈ ਇੱਕ ਦਿਨ ਉਨ੍ਹਾਂ ਨੇ ਸ਼ੀਲਾ ਨੂੰ ਆਪਣੇ ਕੋਲ ਬੁਲਾ ਕੇ ਹੁਕਮ ਦਿੱਤਾ ਕਿ ਉਹ 30 ਦਿਨਾਂ ਦੇ ਅੰਦਰ ਉਸ ਦੇ ਨਿਜੀ ਵਰਤੋਂ ਲਈ 30 ਨਵੀਆਂ ਰੌਲਜ਼ ਰਾਇਸ ਕਾਰਾਂ ਖ਼ਰੀਦ ਲਵੇ। ਸਾਰੀ ਦੁਨੀਆਂ ਸਾਹਮਣੇ ਆਪਣੇ ਆਪ ਨੂੰ ਭਗਵਾਨ ਸਥਾਪਤ ਕਰਨ ਵਾਲਾ ਤਥਾ-ਕਥਿਤ ਅਧਿਆਤਮਕ ਬੰਦਾ ਅਚਾਨਕ ਇੱਕ ਅਜਿਹੇ ਨੰਨ੍ਹੇ ਬਾਲਕ ਵਿੱਚ ਤਬਦੀਲ ਹੋ ਗਿਆ ਸੀ ਜਿਸ ਨੂੰ ਆਪਣੇ ਮਨੋਰੰਜਨ ਲਈ ਹਰ ਦਿਨ ਇੱਕ ਨਵੇਂ ਖਿਡੌਣੇ ਦੀ ਭਾਲ ਹੁੰਦੀ ਸੀ।

ਇਹ 30 ਮਹਿੰਗੀਆਂ ਕਾਰਾਂ ਨੂੰ ਖ਼ਰੀਦਣ ਲਈ ਉਦੋਂ 40 ਲੱਖ ਡਾਲਰ ਦੀ ਲੋੜ ਸੀ ਅਤੇ ਏਨਾ ਨਕਦ ਪੈਸਾ ਕਮਯੂਨ ਕੋਲ ਨਹੀਂ ਸੀ। ਉਦੋਂ ਤੱਕ ਕਰੋੜਾਂ ਡਾਲਰ ਉਸ ਬੀਆਬਾਨ ਵਿੱਚ ਰਜਨੀਸ਼ ਦਾ ਸੁਪਨ ਲੋਕ ਬਣਾਉਣ ਵਿੱਚ ਖ਼ਰਚ ਹੋ ਚੁੱਕੇ ਸਨ। ਇਸ ਤੋਂ ਇਲਾਵਾ ਕਮਯੂਨ ਦਾ ਰੋਜ਼ਾਨਾ ਦਾ ਖ਼ਰਚ ਚਲਾਉਣ ਲਈ ਵੀ ਹਰ ਮਹੀਨੇ ਇੱਕ ਵੱਡੀ ਰਕਮ ਦੀ ਜ਼ਰੂਰਤ ਪੈਂਦੀ ਸੀ, ਪਰ ਇਨ੍ਹਾਂ ਸੱਭ ਸਮੱਸਿਆਵਾਂ ਦੇ ਬਾਵਜੂਦ ਰਜਨੀਸ਼ ਨੂੰ ਨਾਰਾਜ਼ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਸ਼ੀਲਾ ਨੇ ਕਿਸੇ ਤਰ੍ਹਾਂ ਕੁੱਝ ਨਵੇਂ ਜੁਗਾੜ ਕਰ ਕੇ ਉਨ੍ਹਾਂ ਲਈ ਇਨ੍ਹਾਂ ਕਾਰਾਂ ਦਾ ਬੰਦੋਬਸਤ ਕਰ ਦਿੱਤਾ ਸੀ।

ਇੱਕ ਦਿਨ ਭਾਰੀ ਵਰਖਾ ਕਾਰਨ ਕਮਯੂਨ ਨੇੜੇ ਸਥਿਤ ਬੰਨ੍ਹ ਟੁੱਟ ਗਿਆ ਸੀ ਅਤੇ ਚਾਰੇ ਪਾਸੇ ਹੜ੍ਹ ਵਰਗੀ ਹਾਲਤ ਬਣ ਗਈ ਸੀ। ਇਸ ਹੜ੍ਹ ਨੇ ਬੜ੍ਹਾ ਭਿਆਨਕ ਰੂਪ ਧਾਰਨ ਕਰ ਲਿਆ ਸੀ। ਜਿਵੇਂ ਉਹ ਸਾਰੇ ਕਮਯੂਨ ਨੂੰ ਹੀ ਨਿਗਲ ਜਾਵੇਗਾ। ਉਸ ਦਿਨ ਰਜਨੀਸ਼ ਬਹੁਤ ਬੁਰੇ ਮੂਡ (ਮਨੋਦਸ਼ਾ) ਵਿੱਚ ਸਨ। ਉਨ੍ਹਾਂ ਦਾ ਵਿਵੇਕ ਨਾਲ ਝਗੜਾ ਹੋ ਗਿਆ ਸੀ।

ਵਿਵੇਕ ਲੰਡਨ ਦੀ ਉਹ ਇਸਤਰੀ ਸੀ ਜਿਹੜੀ ਰਜਨੀਸ਼ ਨਾਲ ਇਸ ਤਰ੍ਹਾਂ ਰਹਿੰਦੀ ਸੀ ਕਿ ਜਿਵੇਂ ਉਹ ਉਨ੍ਹਾਂ ਦੀ ਪਤਨੀ ਹੀ ਹੋਵੇ। ਅਕਸਰ ਰਜਨੀਸ਼ ਦੂਜੀਆਂ ਇਸਤਰੀਆਂ ਨਾਲ ਵੀ ਸਰੀਰਕ ਸਬੰਧ ਕਾਇਮ ਕਰਦੇ ਸਨ ਅਤੇ ਉਸ ਦਿਨ ਉਹ ਉਨ੍ਹਾਂ ਦੇ ਇਸੇ ਵਰਤਾਅ ਕਾਰਨ ਭੜਕ ਗਈ ਸੀ। ਉਹ ਉਨ੍ਹਾਂ ਨਾਲ ਝਗੜਦੇ ਸਮੇਂ ਉਨ੍ਹਾਂ ਨੂੰ ਧਮਕੀ ਦਿੰਦੀ ਰਹਿੰਦੀ ਸੀ ਕਿ ਉਹ ਉਨ੍ਹਾਂ ਨੂੰ ਛੱਡ ਕੇ ਚਲੀ ਜਾਵੇਗੀ ਅਤੇ ਸਾਰੀ ਦੁਨੀਆਂ ਨੂੰ ਉਨ੍ਹਾਂ ਦੀ ਸਚਾਈ ਦੱਸ ਕੇ ਉਨ੍ਹਾਂ ਨੂੰ ਬਰਬਾਦ ਕਰ ਦੇਵੇਗੀ।

ਇਸ ਤੋਂ ਪਹਿਲਾਂ 1978 ਵਿੱਚ ਪੂਨਾ ਵਿੱਚ ਉਹ ਕਿਸੇ ਗੱਲ ਤੋਂ ਨਾਰਾਜ਼ ਹੋ ਚੁੱਕੀ ਸੀ ਅਤੇ ਖਿਝ ਕਾਰਨ ਉਸ ਨੇ ਉਨ੍ਹਾਂ ਤੋਂ ਬਦਲਾ ਲੈਣ ਲਈ ਇੱਕ ਸਕੀਮ ਬਣਾਈ ਸੀ। ਉਸ ਦਿਨ ਉਹ ਬਿਨਾਂ ਕਿਸੇ ਕਾਂਡੋਮ ਦੇ ਉਨ੍ਹਾਂ ਨਾਲ ਸੌਂ ਗਈ ਅਤੇ ਇਸ ਵਜ੍ਹਾ ਕਰ ਕੇ ਉਹ ਗਰਭਵਤੀ ਹੋ ਗਈ। ਇਹ ਇੱਕ ਧਰਮ ਗੁਰੂ ਲਈ ਬਹੁਤ ਖ਼ਤਰਨਾਕ ਹਾਲਤ ਸੀ, ਜੋ ਦੁਨੀਆਂ ਦੀਆਂ ਅੱਖਾਂ ਵਿੱਚ ਰਜਨੀਸ਼ ਦੀ ਇੱਜ਼ਤ ਨੂੰ ਹਮੇਸ਼ਾ ਲਈ ਮਿੱਟੀ ਵਿੱਚ ਮਿਲਾ ਸਕਦੀ ਸੀ। ਰਜਨੀਸ਼ ਨੂੰ ਜਦ ਵਿਵੇਕ ਦੇ ਗਰਭਵਤੀ ਹੋਣ ਦੀ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਕਿਸੇ ਤਰ੍ਹਾਂ ਉਸ ਦਾ ਗਰਭਪਾਤ ਕਰਵਾ ਕੇ ਆਪਣੇ ਆਪ ਨੂੰ ਇਸ ਸਥਿਤੀ ਤੋਂ ਬਾਹਰ ਕੱਢ ਲਿਆ ਸੀ।

ਉਸ ਭਿਅੰਕਰ ਹੜ੍ਹ ਵਾਲੇ ਦਿਨ ਕਮਯੂਨ ਵਿੱਚ ਕਿਸੇ ਦੂਜੀ ਇਸਤਰੀ ਨੂੰ ਲੈ ਕੇ ਰਜਨੀਸ਼ ਅਤੇ ਵਿਵੇਕ ਦਾ ਝਗੜਾ ਕਾਫ਼ੀ ਵੱਧ ਚੁੱਕਾ ਸੀ। ਇਸ ਲਈ ਉਨ੍ਹਾਂ ਨੇ ਰੇਡੀਓ ਉਤੇ ਸੁਨੇਹਾ ਭੇਜ ਕੇ ਸ਼ੀਲਾ ਨੂੰ ਤੁਰੰਤ ਆਪਣੇ ਕੋਲ ਆਉਣ ਦਾ ਹੁਕਮ ਦੇ ਦਿੱਤਾ ਕਿਉਂਕਿ ਉਹੀ ਉਨ੍ਹਾਂ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢ ਸਕਦੀ ਸੀ। ਹੜ੍ਹ ਕਾਰਨ ਘੋੜੇ ਤੋਂ ਇਲਾਵਾ ਰਜਨੀਸ਼ ਪਾਸ ਪਹੁੰਚਣ ਦਾ ਹੋਰ ਕੋਈ ਸਾਧਨ ਨਹੀਂ ਸੀ।

ਜਦ ਸ਼ੀਲਾ ਰਜਨੀਸ਼ ਪਾਸ ਪਹੁੰਚੀ ਤਾਂ ਉਨ੍ਹਾਂ ਉਸ ਨੂੰ ਕਿਹਾ ਕਿ, 'ਉਹ ਵਿਵੇਕ ਤੋਂ ਤੰਗ ਆ ਚੁੱਕੇ ਹਨ ਅਤੇ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।' ਉਨ੍ਹਾਂ ਨੇ ਸ਼ੀਲਾ ਨੂੰ ਹੁਕਮ ਦਿੰਦੇ ਹੋਏ ਕਿਹਾ ਕਿ, "ਇਸ ਦਾ ਲੰਡਨ ਦਾ ਟਿਕਟ ਕਟਵਾ ਕੇ ਇਸ ਨੂੰ ਤੁਰਤ ਇੱਥੋਂ ਰਵਾਨਾ ਕਰ ਦਿਉਂ। ਹੁਣ ਮੈਂ ਇਸ ਨੂੰ ਇੱਕ ਮਿੰਟ ਲਈ ਬਰਦਾਸ਼ਤ ਨਹੀਂ ਕਰ ਸਕਦਾ।"

ਸ਼ੀਲਾ ਇਹ ਕਹਿ ਕੇ ਵਾਪਸ ਆਪਣੇ ਨਿਵਾਸ ਉਤੇ ਮੁੜ ਆਈ ਕਿ ਉਹ ਜਲਦੀ ਤੋਂ ਜਲਦੀ ਉਨ੍ਹਾਂ ਦੇ ਹੁਕਮ ਦਾ ਪਾਲਨ ਕਰੇਗੀ, ਪਰ ਆਪਣੇ ਨਿਵਾਸ ਉਤੇ ਪੁਜਦੇ ਸਾਰ ਉਸ ਨੂੰ ਰਜਨੀਸ਼ ਦਾ ਇਹ ਸੁਨੇਹਾ ਮਿਲਿਆ ਕਿ ਵਿਵੇਕ ਨੇ ਆਪਣੇ ਦੁਰ-ਵਿਵਹਾਰ ਲਈ ਮੁਆਫ਼ੀ ਮੰਗ ਲਈ ਹੈ ਅਤੇ ਉਹ ਉਸ ਨੂੰ ਇੱਕ ਮੌਕਾ ਹੋਰ ਦੇਣਾ ਚਾਹੁੰਦੇ ਹਨ।

ਸ਼ੀਲਾ ਨੇ ਆਪਣੀ ਪੁਸਤਕ ਵਿੱਚ ਇਸ ਕਿੱਸੇ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ ਇਸ ਹਾਦਸੇ ਤੋਂ ਮੈਨੂੰ ਕਈ ਸਿਖਿਆਵਾਂ ਮਿਲੀਆਂ ਹਨ। ਪਹਿਲੀ ਤਾਂ ਇਹ ਕਿ ਰਜਨੀਸ਼ ਵੀ ਸਾਧਾਰਣ ਲੋਕਾਂ ਵਰਗੀਆਂ ਭਾਵਨਾਵਾਂ ਅਤੇ ਕਮਜ਼ੋਰੀਆਂ ਵਾਲੇ ਬੰਦੇ ਹਨ। ਦੂਜੀ ਇਹ ਕਿ, ਇਹ ਤਥਾ-ਕਥਿਤ ਬ੍ਰਹਮਗਿਆਨੀ ਆਦਮੀ ਵੀ ਸੈਕਸ ਤੋਂ ਬਿਨਾਂ ਨਹੀਂ ਰਹਿ ਸਕਦਾ।

ਸ਼ੀਲਾ ਅਤੇ ਰਜਨੀਸ਼ ਦਾ ਸਾਥ ਜ਼ਿਆਦਾ ਦਿਨਾਂ ਤੱਕ ਨਾ ਚੱਲ ਸਕਿਆ। ਇਕ ਦਿਨ ਉਹ ਰਜਨੀਸ਼ ਨੂੰ ਛੱਡ ਕੇ ਸਵਿਟਜ਼ਰਲੈਂਡ

ਚਲੀ ਗਈ ਅਤੇ ਉਸ ਦੇ ਜਾਂਦੇ ਸਾਰ ਹੀ ਕਮਯੂਨ ਨਾ ਸਿਰਫ਼ ਝਗੜਿਆਂ ਵਿੱਚ ਘਿਰਦਾ ਗਿਆ ਸਗੋਂ ਹੌਲ਼ੀ-ਹੌਲ਼ੀ ਉਸ ਦੀ ਹੋਂਦ ਹੀ ਖ਼ਤਮ ਹੋ ਗਈ। ਰਜਨੀਸ਼ ਨੇ ਸ਼ੀਲਾ ਉਤੇ ਦੋਸ਼ ਲਾਇਆ ਕਿ ਉਹ ਕਮਯੂਨ ਦੇ ਸਾਢੇ 5 ਕਰੋੜ ਡਾਲਰ ਲੈ ਕੇ ਭੱਜ ਗਈ ਸੀ। ਇਸ ਦੇ ਉਲਟ ਸ਼ੀਲਾ ਦਾ ਕਹਿਣਾ ਸੀ ਕਿ ਕਮਯੂਨ ਤਾਂ ਕਰਜ਼ੇ ਵਿੱਚ ਦਬਿਆ ਹੋਇਆ ਸੀ ਅਤੇ ਉਸ ਕੋਲ ਏਨਾ ਪੈਸਾ ਕਦੇ ਰਿਹਾ ਹੀ ਨਹੀਂ।

ਸ਼ੀਲਾ ਅਨੁਸਾਰ, ਉਹ ਰਜਨੀਸ਼ ਦੇ ਪਾਗ਼ਲਪਨ ਦੀਆਂ ਮੰਗਾਂ ਪੂਰੀਆਂ ਕਰਦੇ-ਕਰਦੇ ਤੰਗ ਆ ਗਈ ਸੀ ਅਤੇ ਇਸ ਲਈ ਉਸ ਨੂੰ ਅਤੇ ਉਸ ਦੇ ਕਈ ਨੇੜੇ ਦੇ ਸਾਥੀਆਂ ਨੂੰ ਕਮਯੂਨ ਛੱਡਣ ਲਈ ਮਜਬੂਰ ਹੋਣਾ ਪਿਆ, ਪਰ ਕਮਯੂਨ ਛੱਡਣ ਨਾਲ ਵੀ ਸ਼ੀਲਾ ਨੂੰ ਇਸ ਮਾਮਲੇ ਤੋਂ ਮੁਕਤੀ ਨਾ ਮਿਲੀ। ਉਸ ਉਤੇ ਅਤੇ ਆਸ਼ਰਮ ਦੇ ਹੋਰ ਲੋਕਾਂ ਉਤੇ ਆਪਣੇ ਵਿਰੋਧੀਆਂ ਨੂੰ ਜ਼ਹਿਰ ਦੇ ਕੇ ਮਾਰਨਾ, ਅਮਰੀਕਾ ਦਾ ਵੀਜ਼ਾ ਪ੍ਰਾਪਤ ਕਰਨ ਦੇ ਇਰਾਦੇ ਨਾਲ ਰਜਨੀਸ਼ ਦੇ ਦੁਨੀਆਂ ਭਰ ਦੇ ਪੈਰੋਕਾਰਾਂ ਦੀਆਂ ਫ਼ਰਜ਼ੀ ਸ਼ਾਦੀਆਂ ਦੀ ਸਾਜ਼ਸ਼ ਰਚਣ ਵਰਗੇ ਕਈ ਦੋਸ਼ ਲਾਏ ਗਏ। ਏਨਾ ਹੀ ਨਹੀਂ, ਔਰੇਗੌਨ ਦੇ ਸਾਰੇ ਸਥਾਨਕ ਲੋਕ ਸੈਕਸ ਅਤੇ ਡਰੱਗਜ਼ ਦਾ ਕੇਂਦਰ ਬਣੇ ਰਜਨੀਸ਼ ਦੇ ਕਮਯੂਨ ਦੇ ਘੋਰ ਵਿਰੋਧੀ ਬਣ ਗਏ ਅਤੇ ਉਹ ਉਸ ਨੂੰ ਤੁਰਤ ਬੰਦ ਕਰਨ ਦੀ ਮੰਗ ਕਰਨ ਲੱਗੇ।

ਉਪਰੋਕਤ ਸਾਰੇ ਕੇਸਾਂ ਵਿੱਚ ਸ਼ੀਲਾ, ਰਜਨੀਸ਼ ਅਤੇ ਉਸ ਦੇ ਹੋਰ ਕਈ ਪੈਰੋਕਾਰਾਂ ਵਿਰੁੱਧ ਮੁਕੱਦਮਾ ਸ਼ੁਰੂ ਹੋ ਗਿਆ। ਸ਼ੀਲਾ ਨੇ ਆਖ਼ਰਕਾਰ ਉਸ ਇਲਾਕੇ ਦੇ ਸਲਾਦ ਪਾਰਲਰ ਦੇ ਖਾਣੇ ਵਿੱਚ ਜ਼ਹਿਰ ਮਿਲਾਉਣ, ਰਜਨੀਸ਼ ਦੇ ਨਿਜੀ ਡਾਕਟਰ ਅਤੇ ਔਰੇਗੌਨ ਦੇ ਇੱਕ ਜੱਜ ਦੀ ਹਤਿਆ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਨੂੰ ਮੰਨ ਲਿਆ। ਇਸ ਦੇ ਨਤੀਜੇ ਵਜੋਂ ਉਸ ਨੂੰ 30 ਮਹੀਨੇ ਦੀ ਜੇਲ ਕਟਣੀ ਪਈ।

ਸ਼ੀਲਾ ਦਾ ਆਪਣੇ ਬਚਾਅ ਵਿੱਚ ਕਹਿਣਾ ਹੈ ਕਿ ਅਮਰੀਕਾ ਵਿੱਚ ਮੁਕੱਦਮਾ ਲੜਨ ਲਈ 20 ਲੱਖ ਡਾਲਰ ਦੀ ਲੋੜ ਸੀ, ਜੋ ਉਸ ਕੋਲ ਨਹੀਂ ਸਨ। ਉਸ ਤੋਂ ਇਲਾਵਾ ਕਮਯੂਨ ਦੇ ਸਾਰੇ ਲੋਕ ਰਜਨੀਸ਼ ਦੇ ਕਹਿਣ ਤੇ ਉਸ ਵਿਰੁੱਧ ਗਵਾਹੀ ਦੇਣ ਲਈ ਤਿਆਰ ਹੋ ਗਏ ਸਨ, ਜਿਸ ਕਾਰਨ ਉਸ ਨੂੰ ਸਜ਼ਾ ਮਿਲਣੀ ਪੱਕੀ ਸੀ। ਅਜਿਹੇ 'ਚ ਉਸ ਸਾਹਮਣੇ ਅਪਰਾਧ ਮੰਨ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਰਜਨੀਸ਼ ਨੂੰ ਵੀ ਅਪਰਾਧੀ ਮੰਨਦੇ ਹੋਏ ਅਦਾਲਤ ਨੇ 4 ਲੱਖ ਡਾਲਰ ਦੇ ਜੁਰਮਾਨੇ ਅਤੇ 10 ਸਾਲ ਜੇਲ ਦੀ ਸਜ਼ਾ ਸੁਣਾਈ। ਬਾਅਦ ਵਿੱਚ ਉਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਕਰ ਦਿੱਤਾ ਗਿਆ। ਰਜਨੀਸ਼ ਨੇ ਅਮਰੀਕਾ ਤੋਂ ਆਪਣੇ ਨਿਜੀ ਹਵਾਈ ਜਹਾਜ਼ ਵਿੱਚ ਬੈਠ ਕੇ ਕਈ ਦੇਸ਼ਾਂ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਵੀ ਦੇਸ਼ ਉਨ੍ਹਾਂ ਨੂੰ ਆਪਦੇ ਕੋਲ ਰੱਖਣ ਲਈ ਤਿਆਰ ਨਾ ਹੋਇਆ। ਆਖ਼ਰ, ਉਨ੍ਹਾਂ ਨੂੰ ਮਜਬੂਰ ਹੋ ਕੇ ਪੂਨੇ ਸਥਿਤ ਆਪਣੇ ਆਸ਼ਰਮ ਵਿੱਚ ਹੀ ਵਾਪਸ ਆਉਣਾ ਪਿਆ। ਭਾਰਤ ਆਉਣ ਦੇ ਕੁੱਝ ਸਮੇਂ ਬਾਅਦ ਹੀ 1990 ਵਿੱਚ ਉਨ੍ਹਾਂ ਦੀ ਮੌਤ ਹੋ ਗਈ।

ਕ੍ਰਿਸਟੋਫ਼ਰ ਕਾਲਡਰ, ਜੋ ਕਿਸੇ ਸਮੇਂ ਰਜਨੀਸ਼ ਦੇ ਪੱਕੇ ਭਗਤ ਸਨ, ਅੱਜ ਉਨ੍ਹਾਂ ਦੇ ਸੱਭ ਤੋਂ ਕੱਟੜ ਵਿਰੋਧੀ ਬਣ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਤੁਸੀਂ ਆਪਣੇ ਆਪ ਤੋਂ ਹੀ ਪੁੱਛੋ ਕਿ ਆਖ਼ਰ ਰਜਨੀਸ਼ ਕੀ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਮਿਲਦਾ ਕੀ ਸੀ ? ਇਸ ਦਾ ਇੱਕ ਹੀ ਉਤਰ ਹੈ, ਉਹ ਹਮੇਸ਼ਾ ਆਪਣੇ ਭਗਤਾਂ ਤੋਂ ਕਰੋੜਾਂ ਡਾਲਰ ਵਸੂਲ ਕਰਨ ਦੀ ਖੋਜ ਵਿੱਚ ਰਹਿੰਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਲੋੜਾਂ ਵਿੱਚ ਸਰਬਉੱਚ ਹਕੂਮਤ, ਸੁੰਦਰ ਲੜਕੀਆਂ ਦਾ ਹਰਮ ਅਤੇ ਡਰੱਗ ਦੀ ਲਗਾਤਾਰ ਸਪਲਾਈ ਸ਼ਾਮਲ ਹੈ। ਰਜਨੀਸ਼ ਆਪਣੇ ਚਾਰੇ ਪਾਸੇ ਜੈਵਿਕ ਰਹੱਸਾਂ ਦਾ ਅਡੰਬਰ ਖੜਾ ਕਰਕੇ ਆਪਣੇ ਅਸੀਮਤ ਗਿਆਨ ਦੇ ਜ਼ੋਰ ਉਤੇ ਲੋਕਾਂ ਨੂੰ ਮੂਰਖ ਬਣਾ ਰਹੇ ਸਨ। ਉਹ ਸਿੱਧਾ ਤੁਹਾਡੀਆਂ ਅੱਖਾਂ ਵਿੱਚ ਦੇਖ ਕੇ ਬਿਨਾਂ ਪਲਕ ਝਪਕਾਏ ਕਿਸੇ ਝੂਠ ਨੂੰ ਸੱਚ ਸਾਬਤ ਕਰਨ ਦੀ ਸਮੱਰਥਾ ਰੱਖਦੇ ਸਨ ਅਤੇ ਸ਼ਾਇਦ ਇਸੇ ਕਾਰਨ ਉਹ ਆਰਥਕ ਰੂਪ ਤੋਂ ਇੱਕ ਸਫ਼ਲ ਗੁਰੂ ਬਣ ਸਕੇ।


1981 ਵਿੱਚ ਸ਼ੀਲਾ ਅਤੇ ਰਜਨੀਸ਼ ਅਮਰੀਕਾ 'ਚ

ਕਾਲਡਰ ਵਾਂਗ ਹੀ ਪੱਛਮੀ ਆਸਟਰੇਲੀਆਂ ਦੀ ਜੇਨ ਸਟੌਰਕ 9 ਸਾਲ ਤੱਕ ਰਜਨੀਸ਼ ਦੀ ਚੇਲੀ ਰਹੀ ਅਤੇ ਇਸ ਦੌਰਾਨ ਉਹ ਆਪਣਾ ਨਾਂ, ਕੱਪੜੇ ਬਦਲ ਕੇ ਮਾਂ ਸ਼ਾਂਤੀ ਭੱਦਰ ਬਣ ਗਈ। ਉਹ ਰਜਨੀਸ਼ ਦੇ ਪਿੱਛੇ ਏਨੀ ਪਾਗ਼ਲ ਸੀ ਕਿ ਉਹ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਕਹਿਣ ਉਤੇ ਕਿਸੇ ਦੀ ਹੱਤਿਆ ਸਮੇਤ ਕੁੱਝ ਵੀ ਕਰ ਸਕਦੀ ਸੀ। ਆਪਣੀ ਨਵੀਂ ਪੁਸਤਕ 'ਬ੍ਰੇਕਿੰਗ ਦ ਸਪੈਲ' ਵਿੱਚ ਉਸ ਨੇ ਆਪਣੇ ਰਜਨੀਸ਼ ਨਾਲ ਬਿਤਾਏ ਇਨ੍ਹਾਂ ਸਾਲਾਂ ਦਾ ਪੂਰਾ ਵੇਰਵਾ ਦਿੱਤਾ ਹੈ। ਉਸ ਨੇ ਲਿਖਿਆ ਹੈ ਕਿ ਕਿਵੇਂ ਉਹ ਕੈਲਟ (ਕਿਸੇ ਬੰਦੇ ਪ੍ਰਤੀ ਪੱਕੇ ਵਿਸ਼ਵਾਸ ਭਾਵ) ਦੁਆਰਾ ਨਿਗਲ ਲਈ ਗਈ ਅਤੇ ਜਦ ਉਸ ਨੂੰ ਰਜਨੀਸ਼ ਦੇ ਡਾਕਟਰ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦੇ ਜੁਰਮ ਵਿੱਚ ਲੰਮੀ ਜੇਲ ਦੀ ਸਜ਼ਾ ਸੁਣਾਈ ਗਈ, ਤਦ ਉਸ ਦਾ ਇਹ ਮੋਹ ਭੰਗ ਹੋਇਆ।

ਜੇਨ ਸਟੌਰਕ ਨੇ ਗ਼ੌਰ ਕੀਤਾ ਕਿ ਆਸ਼ਰਮ ਦੇ 87 ਫ਼ੀਸਦੀ ਤਥਾ-ਕਥਿਤ ਸੰਨਿਆਸੀ ਯੌਨ/ਲਿੰਗਕ/ਸੈਕਸ ਰੋਗਾਂ ਨਾਲ ਪੀੜਤ ਸਨ ਅਤੇ ਜਿਹੜੀਆਂ ਇਸਤਰੀਆਂ ਨੂੰ ਗਰਭ ਠਹਿਰ ਜਾਂਦਾ ਸੀ ਉਨ੍ਹਾਂ ਦਾ ਰਜਨੀਸ਼ ਤੁਰੰਤ ਗਰਭਪਾਤ ਕਰਵਾ ਦਿੰਦੇ ਸਨ।

ਅਮਰੀਕਾ ਵਿੱਚ ਆਪਣਾ ਕਮਯੂਨ ਬਣਾਉਣ ਤੋਂ ਬਾਅਦ ਰਜਨੀਸ਼ ਨੇ ਅਪਾਰ ਸੰਪਤੀ ਇਕੱਠੀ ਕਰ ਲਈ ਸੀ, ਜਿਸ ਨੂੰ ਉਨ੍ਹਾਂ ਨੇ ਸੋਨੇ ਦੀਆਂ ਘੜੀਆਂ, ਗਹਿਣੇ ਅਤੇ 90 ਰੌਲਸ ਰੌਅਸ ਉਤੇ ਬਿਨਾਂ ਕੁੱਝ ਸੋਚੇ-ਸਮਝੇ ਬਰਬਾਦ ਕਰ ਦਿੱਤਾ। ਜੇਨ ਦੇ ਸ਼ਬਦਾਂ ਵਿੱਚ "ਰਜਨੀਸ਼ ਨੇ ਅਮਰੀਕਾ ਪੁੱਜ ਕੇ ਉਥੋਂ ਦੇ ਤੌਰ-ਤਰੀਕੇ ਅਪਨਾ ਲਏ ਸਨ ਅਤੇ ਉਹ ਸੰਨਿਆਸੀ ਤੋਂ ਇੱਕ ਸਟਾਰ ਸ਼ੋਅ ਮੈਨ ਵਿੱਚ ਤਬਦੀਲ ਹੋ ਗਏ ਸਨ।"

1985 ਵਿੱਚ ਜਦ ਜੇਨ ਦੀ ਪੁਤਰੀ ਕਾਇਲੀ ਦਾ ਬਲਾਤਕਾਰ ਕੀਤਾ ਗਿਆ ਤਾਂ ਸ਼ੁਰੂ ਵਿੱਚ ਉਸ ਨੇ ਸੋਚਿਆ ਕਿ ਲੋਕ ਸ਼ਾਇਦ ਰਜਨੀਸ਼ ਨੂੰ ਬਦਨਾਮ ਕਰਨ ਲਈ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਪਰ ਫਿਰ ਆਖਰਕਾਰ ਉਸ ਨੇ ਸਚਾਈ ਨੂੰ ਮੰਨ ਲਿਆ ਅਤੇ ਇੱਕ ਦਿਨ ਉਹ ਵੀ ਸ਼ੀਲਾ ਵਾਂਗ ਕਮਯੂਨ ਤੋਂ ਭੱਜ ਕੇ ਜਰਮਨੀ ਚਲੀ ਗਈ।

ਕਮਯੂਨ ਛੱਡਣ ਤੋਂ ਬਾਅਦ ਉਸ ਨੂੰ ਵੀ ਸ਼ੀਲਾ ਦੀ ਤਰ੍ਹਾਂ ਗ੍ਰਿਫ਼ਤਾਰ ਕਰ ਲਿਆ ਅਤੇ ਆਖ਼ਰ ਨੂੰ ਹਤਿਆ ਕਰਨ ਦੀ ਕੋਸ਼ਿਸ਼ ਦੇ ਅਪਰਾਧ ਵਿੱਚ ਜੇਲ ਭੇਜ ਦਿੱਤਾ ਗਿਆ। ***

# ਤਰਕਸ਼ੀਲਾਂ ਦੀ ਲਾਇਬਰੇਰੀ 'ਚੋਂ ਭੂਤਾਂ-ਚੁੜੇਲਾਂ ਦਾ ਖਿਸਕਣਾ




ਜਿੰਦੀ ਪੇਂਟਰ ਤਰਕਸ਼ੀਲ

ਮੋ. 98156-81834


1-9-2005 ਨੂੰ ਮੈਂ ਆਪਣੇ ਪਿੰਡ 'ਬਿਰਕ' ਵਿੱਚ ਇੱਕ ਅਜਿਹੇ ਮਕਾਨ ਵਿੱਚ 'ਤਰਕਸ਼ੀਲ ਲਾਇਬਰੇਰੀ' ਖੋਲ੍ਹੀ, ਜਿੱਥੇ ਇਹ ਮੰਨਿਆ ਜਾਂਦਾ ਸੀ ਕਿ ਇਥੇ ਭੂਤਾਂ-ਚੁੜੇਲਾਂ ਦਾ ਵਾਸ ਹੈ। ਕਿਉਂਕਿ ਇਸ ਮਕਾਨ ਦੇ ਅੰਦਰ ਖੂੰਜਿਆਂ ਵਿੱਚੋਂ ਕਈ ਜਗ੍ਹਾ ਉੱਤੇ ਦੱਬਿਆ ਹੋਇਆ ਟੂਣਾ-ਟਾਮਣ ਨਿਕਲਿਆ ਸੀ। (ਇਸ ਬਾਰੇ ਦਸੰਬਰ-ਜਨਵਰੀ 2006 ਦੇ ਮੈਗਜੀਨ 'ਵਿਗਿਆਨ ਜੋਤ' ਵਿੱਚ ਵੀ ਲੇਖ ਛਪਿਆ ਸੀ) ਟੂਣੇ-ਟਾਮਣ ਦਾ ਪਤਾ ਇਸ ਤਰ੍ਹਾਂ ਲੱਗਿਆ ਕਿ ਤਿੰਨ ਮਹੀਨੇ ਤੋਂ ਬੰਦ ਪਏ ਮਕਾਨ ਵਿੱਚ ਜਦੋਂ ਨਵੇਂ ਕਿਰਾਏਦਾਰ ਰਹਿਣ ਲੱਗੇ ਤਾਂ ਉਨ੍ਹਾਂ ਨੇ ਫਰਸ਼ ਦੇ ਖੂੰਜਿਆਂ ਉਪਰ ਕਈ ਜਗ੍ਹਾ ਉਤੇ ਨਵੇਂ ਪੂਰੇ ਹੋਏ ਟੋਇਆ ਨੂੰ ਦੇਖਿਆ ਤੇ ਫਰਸ਼ ਦੀ ਉਨੀ ਜਗ੍ਹਾ ਉੱਤੇ ਪਲੱਸਤਰ ਕੀਤਾ ਹੋਇਆ ਸੀ, ਤਾਂ ਉਨ੍ਹਾਂ ਨੂੰ ਸ਼ੱਕ ਹੋਇਆ ਕੇ ਇਸ ਥਾਂ ਤੇ ਜ਼ਰੂਰ ਕੁੱਝ ਦੱਬਿਆ ਹੋਇਆ ਹੋਵੇਗਾ। ਜਦੋਂ ਉਨੀ ਹੀ ਜਗਾ ਨੂੰ ਪੁੱਟਿਆ ਤਾਂ ਲਾਲ ਰੰਗ ਦੇ ਕੱਪੜੇ ਵਿੱਚ ਲਪੇਟਿਆ ਹੋਇਆ ਕਾਫੀ ਸਾਰਾ ਸਮਾਨ ਜਿਵੇਂ: ਕੁੱਝ ਹੱਡੀਆਂ, ਸੁਆਹ, ਦੰਦ, ਵਾਲ, ਕੌਡੀਆਂ, ਧਾਗੇ-ਤਵੀਤ ਅਤੇ ਕਾਗਜ਼ ਦੇ ਟੁਕੜਿਆਂ ਉਪਰ ਲਿਖੇ ਹੋਏ ਜੰਤਰ-ਮੰਤਰ-ਤੰਤਰ ਆਦਿ ਜਿਸਨੂੰ 'ਖ਼ਤਰਨਾਕ ਟੂਣਾ' ਆਖਿਆ ਜਾਂਦਾ ਹੈ, ਉਸ ਵਿੱਚੋਂ ਨਿਕਲਿਆ। ਕਿਰਾਏਦਾਰ ਇਹ ਦੇਖ ਕੇ ਬਹੁਤ ਡਰ ਗਏ। ਉਹ ਯਿਸੂ ਮਸੀਹ ਦੇ ਸੱਚੇ ਸ਼ਰਧਾਲੂ ਹੋਣ ਕਰਕੇ, ਉਨਾਂ ਨੇ ਆਪਣੇ ਪਾਦਰੀ (ਪਾਸ਼ਟਰ) ਨੂੰ ਬੁਲਾਇਆ। ਪਾਦਰੀ ਨੂੰ ਦੱਸਿਆ ਕੇ ਜਦੋਂ ਤੋਂ ਉਹ ਇਸ ਮਕਾਨ ਵਿੱਚ ਰਹਿਣ ਲੱਗੇ ਹਨ, ਉਦੋਂ ਤੋਂ ਹੀ ਉਨ੍ਹਾਂ ਦੇ ਬੱਚੇ ਬਿਮਾਰ ਰਹਿੰਦੇ ਹਨ। ਇਸ ਮਕਾਨ 'ਚੋਂ ਡਰਾਉਣੀਆਂ-ਡਰਾਉਣੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ ਤੇ ਕਦੇ-ਕਦੇ ਉਨ੍ਹਾਂ ਦਾ ਰਾਤ ਨੂੰ ਸੁੱਤਿਆ ਪਿਆ ਗਲ਼ਾ ਘੁਟਦਾ ਹੈ, ਇਹ ਸਾਰਾ ਕੁਝ ਇਸ ਖਤਰਨਾਕ ਟੂਣੇ ਦੇ ਅਸਰ ਕਰਕੇ ਹੀ ਹੋ ਰਿਹਾ ਹੈ। ਪਾਦਰੀ ਨੇ ਆਖਿਆ ਕੇ ਇਸ ਮਕਾਨ ਵਿੱਚ ਸ਼ੈਤਾਨ ਅਤੇ ਭੂਤਾਂ-ਚੁੜੇਲਾਂ ਦਾ ਵਾਸ ਹੈ ਜਿਸ ਕਰਕੇ ਤੁਹਾਡੇ ਉਪਰ ਇਹ ਖਤਰਨਾਕ ਕਹਿਰ ਬਰਸ ਰਿਹਾ ਹੈ। ਕਿਰਾਇਦਾਰਾਂ ਨੇ ਡਰ ਕਾਰਨ ਉਹ ਮਕਾਨ ਛੱਡ ਕੇ ਪਹਿਲੇ ਵਾਲੇ ਮਕਾਨ ਵਿੱਚ ਦੁਬਾਰਾ ਰਹਿਣਾ ਸ਼ੁਰੂ ਕਰ ਦਿੱਤਾ। ਟੂਣੇ-ਟਾਮਣ ਅਤੇ ਭੂਤਾਂ-ਚੁੜੇਲਾਂ ਵਾਲੇ ਮਕਾਨ ਨੂੰ ਜਿੰਦਰਾ ਲਗਾ ਕੇ ਬੰਦ ਕਰ ਦਿੱਤਾ ਤਾਂ ਜੋ ਖਤਰਨਾਕ ਪ੍ਰਭਾਵ ਤੋਂ ਬਚਿਆ ਜਾ ਸਕੇ। ਆਲੇ-ਦੁਆਲੇ ਦੇ ਲੋਕ ਇਸ ਮਕਾਨ ਤੋਂ ਏਨਾ ਡਰੇ ਹੋਏ ਸਨ ਕੇ ਕੋਈ ਉਸ ਗਲ਼ੀ 'ਚੋਂ ਲੰਘਣਾ ਵੀ ਖ਼ਤਰਨਾਕ ਸਮਝਦਾ ਸੀ। ਕਿਰਾਏਦਾਰ ਤੇ ਪਾਦਰੀ ਦੋਵਾਂ ਨੇ ਆਲੇ-ਦੁਆਲੇ ਦੇ ਬਹੁਤ ਸਾਰੇ ਲੋਕ ਇੱਕਠੇ ਕਰਕੇ ਭੂਤਾਂ-ਚੁੜੇਲਾਂ (ਸ਼ੈਤਾਨ) ਦੇ ਅਸਰ ਨੂੰ ਖ਼ਤਮ ਕਰਨ ਲਈ ਉਸ ਮਕਾਨ ਅੰਦਰ ਹਰ ਰੋਜ਼ ਪ੍ਰਾਰਥਨਾਵਾਂ ਤੇ ਬੰਦਗੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਜਦੋਂ ਮੈਨੂੰ ਪਾਦਰੀ ਦੇ ਇਸ ਗੈਰ ਵਿਗਿਆਨਕ ਅਤੇ ਤਰਕਹੀਣ 'ਧੰਦੇ' ਬਾਰੇ ਪਤਾ ਲੱਗਿਆ ਤਾਂ ਮੈਂ ਭੋਲੇ-ਭਾਲੇ ਅਤੇ ਅਗਿਆਨੀ ਲੋਕਾਂ ਨੂੰ ਪਾਦਰੀ (ਪਾਸ਼ਟਰ) ਦੁਆਰਾ 'ਧਾਰਮਿਕ ਗ੍ਰੰਥ' ਵਿੱਚੋਂ ਮਨਘੜਤ ਤੇ ਕਲਪਨਿਕ ਕਹਾਣੀਆਂ ਤੇ ਗੱਲਾਂ-ਬਾਤਾਂ ਰਾਹੀਂ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਵਿੱਚ ਫਸਣ ਤੋਂ ਬਚਾਉਣ ਲਈ ਸੋਚਣ ਲੱਗਾ ਕਿਉਂਕਿ ਮੈਂ ਤਰਕਸ਼ੀਲ ਤੇ ਵਿਗਿਆਨਕ ਤੌਰ ਤੇ ਇਹ ਸਚਾਈ ਚੰਗੀ ਤਰ੍ਹਾਂ ਜਾਣਦਾ ਹਾਂ ਕੇ ਜਾਦੂ ਟੂਣਿਆਂ, ਭੂਤਾਂ-ਚੁੜੇਲਾਂ, ਜੰਤਰਾਂ-ਮੰਤਰਾਂ, ਦੇਵੀ-ਦੇਵਤਿਆਂ ਅਤੇ ਆਤਮਾ-ਪਰਮਾਤਮਾ ਆਦਿ ਦੀ ਕੋਈ ਹੋਂਦ ਨਹੀਂ ਹੈ, ਇਹ ਸਿਰਫ਼ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਹਨ ਜੋ ਧੋਖੇਬਾਜ਼, ਲੁਟੇਰੇ ਤੇ ਪਖੰਡੀ ਜੋਤਸ਼ੀਆਂ, ਬਾਬਿਆਂ, ਸਾਧੂਆਂ, ਸੰਤਾਂ, ਮਹੰਤਾਂ, ਚੇਲਿਆਂ, ਸਿਆਣਿਆਂ, ਤਾਂਤਰਿਕਾਂ, ਮਦਾਰੀਆਂ, ਜਾਦੂਗਰਾਂ, ਸੁਆਮੀਆਂ, ਮਹਾਰਾਜਾਂ, ਧਾਰਮਿਕ, ਗੁਰੂਆਂ, ਡੇਰੇਦਾਰਾਂ, ਪੁਜਾਰੀਆਂ, ਯਹੋਵਾਹ ਦੇ ਗਵਾਹਾਂ ਅਤੇ ਇਸਾਈ ਪਾਦਰੀਆਂ ਆਦਿ ਨੇ ਭੋਲੇ-ਭਾਲੇ ਲੋਕਾਂ ਨੂੰ ਲਾਈਲੱਗ ਤੇ ਮੂਰਖ ਬਣਾ ਕੇ ਉਨ੍ਹਾਂ ਦੀ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਨ ਲਈ ਹੀ ਉਨ੍ਹਾਂ ਦੇ ਮਨ ਵਿੱਚ ਭਰੇ ਹਨ। ਇਸ ਲਈ ਮੈਂ ਜਲਦੀ ਹੀ ਲੋਕਾਂ ਦੇ ਭਲੇ ਵਾਸਤੇ ਪਾਦਰੀ ਦੇ ਇਸ 'ਪ੍ਰਾਰਥਨਾਵਾਂ ਤੇ ਬੰਦਗੀਆਂ' ਵਾਲੇ 'ਧੰਦੇ' ਨੂੰ ਬੰਦ ਕਰਾਉਣ ਲਈ ਪਾਦਰੀ ਨੂੰ ਮਿਲਿਆ ਤੇ ਆਖਿਆ ਕੇ ਸ਼ੈਤਾਨ, ਭੂਤਾਂ-ਚੁੜੇਲਾਂ ਅਤੇ ਜਾਦੂ-ਟੂਣੇ ਆਦਿ ਸਭ ਝੂਠ ਹੈ ਜੋ ਵਿਅਕਤੀ ਇਨ੍ਹਾਂ ਦੇ ਅਸਰ ਨੂੰ ਮਹਿਸੂਸ ਕਰਕੇ ਅਜੀਬ ਹਰਕਤਾਂ ਕਰਦੇ ਹਨ, ਉਹ ਸਿਰਫ 'ਮਾਨਸਿਕ ਰੋਗੀ' ਹੁੰਦੇ ਹਨ। ਪਰ ਪਾਦਰੀ ਮੇਰੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਕਿਉਂਕਿ ਮੇਰਾ ਇਹ 'ਮਨੋਵਿਗਿਆਨਕ ਵਿਚਾਰ' ਉਸਦੇ ਲੁੱਟ-ਖਸੁੱਟ ਵਾਲੇ ਧੰਦੇ ਵਿੱਚ ਰੁਕਾਵਟ ਪੈਦਾ ਕਰਦਾ ਸੀ, ਇਸ ਲਈ ਉਹ ਮੇਰੇ ਨਾਲ ਬੇਵਜਾ ਹੀ ਬਹਿਸ ਤੇ ਲੜਾਈ-ਝਗੜਾ ਕਰਨ ਲੱਗ ਪਿਆ ਤੇ ਹਰ ਰੋਜ ਲਗਾਤਾਰ ਲੋਕਾਂ ਨੂੰ ਮਨਘੜਤ ਤੇ ਕਾਲਪਨਿਕ ਕਹਾਣੀਆਂ ਸੁਣਾ ਕੇ ਆਪਣੇ ਧੰਦੇ ਰਾਹੀਂ ਫਸਾਉਂਦਾ ਰਿਹਾ।

ਜਲਦੀ ਹੀ ਮੈਂ ਮਕਾਨ ਮਾਲਕ ਨੂੰ ਮਿਲਿਆ ਜੋ ਲਾਗੇ ਸ਼ਹਿਰ ਫਗਵਾੜੇ ਰਹਿੰਦਾ ਸੀ। ਤਾਂ ਜੋ ਉਹ ਮਕਾਨ ਕਿਰਾਏ 'ਤੇ ਲੈ ਕੇ 'ਤਰਕਸ਼ੀਲ ਲਾਇਬਰੇਰੀ' ਖੋਲੀ ਜਾ ਸਕੇ। ਮਕਾਨ ਮਾਲਕ ਨੇ ਆਖਿਆ ਕੇ ਇਹ ਖਤਰੇ ਵਾਲਾ ਕੰਮ ਹੈ, ਪਰ ਉਹ ਮਕਾਨ ਕਿਰਾਏ 'ਤੇ ਦੇਣ ਲਈ ਸਹਿਮਤ ਹੋ ਗਿਆ। ਉਸੇ ਦਿਨ ਹੀ ਮੈਂ ਪਾਦਰੀ (ਪਾਸਟਰ) ਦੀਆਂ ਮੂਰਖਤਾ ਭਰਪੂਰ ਅਖੌਤੀ ਪ੍ਰਾਰਥਨਾਵਾਂ ਤੇ ਬੰਦਗੀਆਂ ਨੂੰ ਬੰਦ ਕਰਾ ਕੇ ਉਸ ਮਕਾਨ ਵਿੱਚ 'ਤਰਕਸ਼ੀਲ ਲਾਇਬਰੇਰੀ' ਖੋਲ੍ਹ ਦਿੱਤੀ ਜੋ ਲੋਕ ਬੰਦਗੀਆਂ ਤੇ ਪ੍ਰਾਰਥਨਾਵਾਂ ਕਰਨ ਆਉਂਦੇ ਸੀ, ਉਹ ਹੁਣ ਇਸ ਲਾਇਬਰੇਰੀ ਵਿੱਚ ਵਿਗਿਆਨਿਕਾਂ ਤੇ ਤਰਕਸ਼ੀਲਾਂ ਦੀਆਂ ਅਗਾਂਹਵਧੂ ਤੇ ਸੁਧਾਰਵਾਦੀ ਕਿਤਾਬਾਂ ਪੜ੍ਹਨ ਆਉਣ ਲੱਗੇ। ਬਹੁਤ ਸਾਰੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਇਸ ਮਕਾਨ (ਲਾਇਬਰੇਰੀ) ਵਿਚ ਆ ਕੇ ਬੜੇ ਚਾਅ ਨਾਲ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਹਰ ਰੋਜ ਆਏ ਹੋਏ ਵਿਦਿਆਰਥੀਆਂ ਨੂੰ ਜਾਦੂ ਟੂਣਿਆਂ, ਭੂਤਾਂ-ਪ੍ਰੇਤਾਂ, ਜੰਤਰ-ਮੰਤਰਾਂ-ਤੰਤਰ, ਦੇਵੀ-ਦੇਵਤਿਆਂ ਅਤੇ ਆਤਮਾ-ਪ੍ਰਮਾਤਮਾ

ਦੇ 'ਨਾ ਹੋਣ' ਬਾਰੇ ਤਰਕਸ਼ੀਲ ਤੇ ਵਿਗਿਆਨਕ ਜਾਣਕਾਰੀ ਦਿੰਦਿਆਂ ਵਿਸਥਾਰ ਨਾਲ ਸਮਝਾਉਂਦਾ ਅਤੇ ਨਾਲ ਹੀ ਬਹੁਤ ਸਾਰੇ ਜਾਦੂ ਦੇ ਟਰਿਕ ਵੀ ਕਰਕੇ ਦਿਖਾਉਂਦਾ, ਇਸ ਵਿੱਚ ਕੀਤੀ ਜਾਂਦੀ ਚਲਾਕੀ ਬਾਰੇ ਵੀ ਦੱਸਦਾ ਜਿਸ ਕਰਕੇ ਉਨ੍ਹਾਂ ਨੂੰ ਪਤਾ ਲਗ ਸਕੇ ਕੇ ਜਾਦੂ ਕੋਈ ਚਮਤਕਾਰ ਨਹੀਂ, ਹੱਥ ਦੀ ਸਫ਼ਾਈ ਨਾਲ ਕੀਤੀ ਗਈ ਹੇਰਾ-ਫੇਰੀ ਅਤੇ ਚਲਾਕੀ ਹੈ। ਵਿਗਿਆਨਕ ਅਤੇ ਤਰਕਸ਼ੀਲ ਦਲੀਲਾਂ ਰਾਹੀਂ ਅਜਿਹੀਆਂ ਸਮੱਸਿਆਵਾਂ ਨਾਲ ਜੁੜੇ ਹੋਏ ਕੇਸ ਜੋ ਤਰਕਸ਼ੀਲਾਂ ਨੇ ਹੱਲ ਕੀਤੇ ਹਨ ਬਾਰੇ ਸੁਣ ਕੇ ਉਨ੍ਹਾਂ ਨੂੰ ਯਕੀਨ ਹੋ ਗਿਆ ਕੇ ਸੱਚਮੁੱਚ ਅਜਿਹਾ ਕੁਝ ਨਹੀਂ ਹੁੰਦਾ, ਸਭ ਵਹਿਮ-ਭਰਮ ਤੇ ਅੰਧ ਵਿਸ਼ਵਾਸ਼ ਹਨ ਇਸੇ ਹੀ ਲਾਇਬਰੇਰੀ ਵਿੱਚ ਵਾਪਰੀ ਇਕ ਅਜਿਹੀ ਘਟਨਾ ਦਾ ਜ਼ਿਕਰ ਮੈਂ ਕਰਨ ਜਾ ਰਿਹਾ ਹਾਂ ਜੋ ਕਾਲਜ ਪੜਦੇ 'ਜੈਂਪੀ' ਨਾਂ ਦੇ ਵਿਦਿਆਰਥੀ ਦੀ ਹੈ। ਉਹ ਕਿਸੇ ਕਾਰਨ ਕਰਕੇ ਬਹੁਤ ਬੇਚੈਨ ਤੇ ਪ੍ਰੇਸ਼ਾਨ ਰਹਿਣ ਲੱਗਾ ਤੇ ਉਸਦੇ ਘਰਦੇ ਸਮਝਦੇ ਸਨ ਕੇ ਉਸਨੂੰ 'ਤਰਕਸ਼ੀਲ ਲਾਇਬਰੇਰੀ' 'ਚੋਂ ਉਹੀ ਭੂਤਾਂ-ਚੁੜੇਲਾਂ ਚਿੰਬੜ ਗਏ ਹਨ ਜੋ ਕਿਰਾਏਦਾਰਾਂ ਨੂੰ ਚਿੰਬੜੇ ਸੀ, ਪਰ ਜੈਂਪੀ ਜਾਣਦਾ ਸੀ ਤੇ ਅਜਿਹਾ ਕੁੱਝ ਨਹੀਂ ਹੈ, ਉਸਦੀ ਪ੍ਰੇਸ਼ਾਨੀ ਦਾ ਕਾਰਨ ਕੁਝ ਹੋਰ ਹੈ ਜੋ ਆਪਣੇ ਘਰਦਿਆਂ ਤੋਂ ਛੁਪਾ ਕੇ ਰੱਖਣਾ ਉਹ ਜ਼ਰੂਰੀ ਸਮਝਦਾ ਸੀ। ਜਿਸਨੂੰ ਮੈਂ ਮਨੋਵਿਗਿਆਨਕ ਢੰਗ-ਤਰੀਕੇ ਨਾਲ ਹੀ ਠੀਕ ਕਰ ਸਕਿਆ ਸੀ। ਆਓ ਦੇਖੀਏ ਕੇ ਉਹ ਘਟਨਾ ਕੀ ਹੈ?

ਜੈਂਪੀ ਜਦੋਂ ਵੀ ਲਾਇਬਰੇਰੀ ਵਿੱਚ ਆਉਂਦਾ ਉਸ ਦੇ ਹੱਥ ਵਿਚ ਕਾਲਜ ਦੀਆਂ ਕਾਪੀਆਂ-ਕਿਤਾਬਾਂ ਜ਼ਰੂਰ ਹੁੰਦੀਆਂ, ਕਿਉਂਕਿ ਉਹ ਕਾਲਜ ਤੋਂ ਆਉਂਦਾ ਹੋਇਆ ਸਭ ਤੋਂ ਪਹਿਲਾਂ ਇਕ ਘੰਟਾ ਲਾਇਬਰੇਰੀ ਵਿੱਚ ਜ਼ਰੂਰ ਠਹਿਰਦਾ ਤੇ ਬਾਅਦ ਵਿੱਚ ਹੀ ਆਪਣੇ ਘਰ ਜਾਂਦਾ। ਲਾਇਬਰੇਰੀ ਵਿੱਚ ਆ ਕੇ ਉਹ ਬਹੁਤ ਖੁਸ਼ ਰਹਿੰਦਾ, ਹੱਸਦਾ-ਖੇਡਦਾ ਹੋਇਆ ਮਨੋਰੰਜਨ ਕਰਦਾ ਤੇ ਬੜੇ ਚਾਅ ਨਾਲ ਵਿਗਿਆਨਿਕਾਂ ਤੇ ਤਰਕਸ਼ੀਲਾਂ ਦੀਆਂ ਕਿਤਾਬਾਂ ਪੜ੍ਹਦਾ। ਕਾਲਜ ਦਾ ਕੰਮ ਵੀ ਉਹ ਲਾਇਬਰੇਰੀ ਵਿੱਚ ਬੈਠਕੇ ਹੀ ਕਰਦਾ। ਮੈਂ ਜਦੋਂ ਵੀ ਉਸਨੂੰ ਦੇਖਦਾ ਉਹ ਹਰ ਰੋਜ਼ ਬਾਕੀ ਸਾਰਿਆਂ ਤੋਂ ਅਲੱਗ ਦਿਵਾਰ ਨਾਲ ਢੋਅ ਲਾ ਕੇ ਡੈਸਕ ਉਤੇ ਬੈਠਾ ਹੋਇਆ, ਕਦੇ-ਕਦੇ ਇਕੋ ਹੀ ਆਪਣੀ ਕਾਪੀ ਖੋਲ ਕੇ ਬਿਨਾਂ ਪੰਨਾ ਪਲਟਿਆਂ ਕੁਝ ਪੜਦਾ ਹੋਇਆ ਪ੍ਰਤੀਤ ਹੁੰਦਾ। ਲਾਇਬਰੇਰੀ ਦੀਆਂ ਕਿਤਾਬਾਂ ਨਾਲੋਂ ਵੀ ਵੱਧ ਸਮਾਂ ਉਹ ਏਹੀ ਕਾਪੀ ਨੂੰ ਹੀ ਪੜ੍ਹਦਾ ਰਹਿੰਦਾ। ਕੁਝ ਦਿਨਾਂ ਤੋਂ ਉਹ ਇਸੇ ਤਰ੍ਹਾਂ ਹੀ ਲਗਾਤਾਰ ਕਰਦਾ ਆ ਰਿਹਾ ਸੀ। ਇਹ ਸਭ ਦੇਖ ਕੇ ਮੈਂ ਹੈਰਾਨ ਸੀ। ਇਕ ਦਿਨ ਮੈਂ ਪੁੱਛਿਆ, "ਜੈਂਪੀ! ਤੂੰ ਹਰ ਰੋਜ਼ ਇਕੋ ਹੀ ਕਾਪੀ ਨੂੰ ਪੜ੍ਹਨ ਵਿੱਚ ਮਸਤ ਕਿਉਂ ਰਹਿੰਦਾ ਏ?" ਉਸਨੇ ਜਵਾਬ ਦਿੱਤਾ, "ਭਾਜੀ! ਕਾਲਜ ਤੋਂ ਯਾਦ ਕਰਨ ਲਈ ਦਿੱਤੇ ਹੋਏ ਸਵਾਲ ਇਸੇ ਕਾਪੀ ਵਿੱਚ ਲਿਖੇ ਹਨ।" ਜਦ ਮੈਂ ਫਿਰ ਪੁੱਛਿਆ, "ਤੂੰ ਬਿਨਾਂ ਪੰਨਾ ਪਲਟਿਆਂ ਇਕੋ ਹੀ ਸਵਾਲ ਨੂੰ ਯਾਦ ਕਿਉਂ ਕਰਦਾ ਰਹਿੰਦਾ ਏ?" ਤਾਂ ਉਹ ਮੇਰੇ ਇਸ ਸਵਾਲ ਦਾ ਜਵਾਬ ਦੇਣ ਲਈ ਟਾਲ-ਮਟੋਲ ਕਰਨ ਲੱਗਾ, ਜਿਵੇਂ ਉਹ ਮੈਨੂੰ ਕੁੱਝ ਦੱਸਣ ਤੋਂ ਛੁਪਾ ਰਿਹਾ ਹੋਵੇ। ਜਦ ਮੈਂ ਉਸਨੂੰ ਇਹ ਕਾਪੀ ਦਿਖਾਉਣ ਲਈ ਕਿਹਾ ਤਾਂ ਉਹ ਹਾਸੇ-ਮਜਾਕ ਵਿੱਚ ਗੱਲ ਨੂੰ ਟਾਲ਼ ਗਿਆ। ਮੈਂ ਸਮਝਿਆ ਕੇ ਜ਼ਰੂਰ ਇਸਨੇ ਕੁਝ ਸ਼ੇਅਰੋ-ਸ਼ਾਇਰੀ ਜਾਂ ਗੀਤ ਬਗੈਰਾ ਲਿਖੇ ਹੋਣਗੇ, ਜਿਸ ਕਰਕੇ ਉਹ ਮੇਰੇ ਸਾਹਮਣੇ ਸ਼ਰਮਿੰਦਾ ਹੋਣ ਤੋਂ ਬਚਣ ਲਈ ਟਾਲ-ਮਟੋਲ ਕਰ ਰਿਹਾ ਹੈ, ਕਿਤੇ ਮੈਂ ਉਸਦੀ ਇਸ ਸੋਚ ਨੂੰ ਘਟੀਆ ਸਮਝ ਕੇ ਉਸਨੂੰ ਲਾਇਬਰੇਰੀ ਵਿੱਚ ਆਉਣੋਂ ਹੀ ਨਾ ਬੰਦ ਕਰ ਦੇਵਾਂ। ਪਰ ਮੇਰੇ ਮਨ ਵਿੱਚ ਉਸਦੀ ਇਸ ਕਾਪੀ ਨੂੰ ਦੇਖਣ ਦੀ ਉਤਸੁਕਤਾ ਯਾਗ ਪਈ। ਮੈਂ ਆਪਣੀ ਉਤਸੁਕਤਾ ਉਸਨੂੰ ਦੱਸੇ ਬਿਨਾਂ ਹੀ ਪੂਰੀ ਕਰਨੀ ਚਾਹੁੰਦਾ ਸੀ ਤਾਂ ਜੋ ਇਸ ਵਿੱਚ ਉਸਦੀ ਕੋਈ 'ਸ਼ਰਮਿੰਦਗੀ' ਵਾਲੀ ਗੱਲ ਨਾ ਛੁਪੀ ਹੋਵੇ।

ਇਕ ਦਿਨ ਜਦ ਉਹ ਕਾਲਜ ਤੋਂ ਆਇਆ ਤਾਂ ਲਾਇਬਰੇਰੀ ਦੇ ਉਪਰ ਚੁਬਾਰਾ ਤੇ ਬਾਥਰੂਮ ਬਣਿਆ ਹੋਣ ਕਰਕੇ, ਬਾਥਰੂਮ ਕਰਨ ਚਲੇ ਗਿਆ ਤੇ ਜਾਂਦਾ ਹੋਇਆ ਆਪਣੀਆਂ ਕਾਪੀਆਂ-ਕਿਤਾਬਾਂ ਡਿਸਕ ਉੱਤੇ ਹੀ ਛੱਡ ਗਿਆ ਤਾਂ ਮੈਂ ਜਲਦੀ ਹੀ ਉਸਦੀ ਉਹ ਕਾਪੀ ਜਿਸਨੂੰ ਉਹ ਹਰ ਰੋਜ ਪੜ੍ਹਦਾ ਸੀ, ਨੂੰ ਚੋਰੀ ਛੁਪੇ ਫਰੋਲਣਾ ਸ਼ੁਰੂ ਕਰ ਦਿੱਤਾ। ਕਾਪੀ ਨੂੰ ਫਰੋਲਦਿਆਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਮੈਨੂੰ ਉਸ ਉਪਰ ਲਿਖਿਆ ਹੋਇਆ ਇਕ ਵੀ ਸ਼ਬਦ ਨਜ਼ਰ ਨਾ ਆਇਆ। ਕਾਪੀ ਬਿਲਕੁਲ ਕੋਰੀ ਸੀ, ਜਿਵੇਂ ਦੁਕਾਨ ਤੋਂ ਖ਼ੀਦਣ ਸਮੇਂ ਹੁੰਦੀ ਹੈ। ਉਸਦੇ ਆਉਣ ਤੋਂ ਪਹਿਲਾਂ ਮੈਂ ਕਾਪੀ ਨੂੰ ਉਸੇ ਹਾਲਤ ਵਿੱਚ ਰੱਖ ਦਿੱਤਾ ਤੇ ਜਲਦੀ ਹੀ ਆਪਣੀ ਕੁਰਸੀ ਉਤੇ ਜਾ ਬੈਠਾ ਤਾਂ ਜੋ ਉਸਦਾ ਖੁਲ੍ਹਿਆ ਭੇਦ ਉਸਨੂੰ ਪਤਾ ਨਾ ਲਗ ਸਕੇ। ਜਦ ਉਹ ਹੇਠਾਂ ਆਇਆ ਤਾਂ ਲਾਇਬਰੇਰੀ ਦੀ ਕਿਤਾਬ ਚੁੱਕ ਕੇ ਥੋੜ੍ਹੀ ਜਿਹੀ ਪੜ੍ਹਨ 'ਚੋਂ ਬਾਅਦ ਫਿਰ ਉਸੇ ਕਾਪੀ ਨੂੰ ਖੋਲ੍ਹ ਕੇ ਦੇਖਣ ਲੱਗ ਪਿਆ, ਜਿਵੇਂ ਕੁਝ ਪੜ੍ਹ ਰਿਹਾ ਹੋਵੇ। ਮੈਂ ਜਾਣ-ਬੁੱਝ ਕੇ ਇਸ ਕਿਤਾਬ ਨੂੰ ਪੜ੍ਹਨ ਵਿਚ ਰੁਝੇ ਹੋਣ ਦਾ ਬਹਾਨਾ ਕੀਤਾ, ਪਰ ਮੇਰਾ ਸਾਰਾ ਧਿਆਨ 'ਮਨੋਵਿਗਿਆਨਕ' ਤੌਰ 'ਤੇ ਉਸਦੀ ਇਸ ਹੈਰਾਨੀਜਨਕ ਮਾਨਸਿਕਤਾ ਨੂੰ ਸਮਝਣ ਵੱਲ ਹੀ ਸੀ। ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕੇ ਬਿਨਾਂ ਇਕ ਵੀ ਅੱਖਰ ਲਿਖਿਆ ਕਾਪੀ ਤੋਂ ਉਹ ਕੀ ਦੇਖ ਕੇ ਪੜ੍ਹ ਰਿਹਾ ਹੋਵੇਗਾ। ਪਰ ਉਹ ਇਹ ਸਭ ਮੇਰੇ ਤੋਂ ਛੁਪਾ ਕੇ ਰੱਖ ਰਿਹਾ ਸੀ। ਇਸ ਵਿੱਚ ਛੁਪਾਉਣ ਵਾਲੀ ਗੱਲ ਮੈਨੂੰ ਬਿਲਕੁਲ ਵੀ ਸਮਝ ਨਹੀਂ ਸੀ ਆ ਰਹੀ। ਮੈਂ ਉਸ ਕੋਲੋਂ ਵੀ ਇਹ ਗੱਲ ਪੁੱਛਣ ਦੀ ਹਿੰਮਤ ਨਾ ਕਰ ਸਕਿਆ ਕੇ ਉਹ ਕੋਰੀ ਕਾਪੀ 'ਚੋਂ ਕੀ ਪੜ੍ਹਦਾ ਰਹਿੰਦਾ ਹੈ, ਕਿਤੇ ਮੈਨੂੰ ਉਸਦਾ ਇਹ ਗੁਪਤ ਰਾਜ ਪਤਾ ਲੱਗਣ ਤੇ ਉਹ ਸ਼ਰਮਿੰਦਾ ਹੀ ਨਾ ਹੋ ਜਾਵੇ। ਉਸਦੇ ਇਸ ਸੁਭਾਅ ਨੇ ਮੈਨੂੰ ਹੈਰਾਨੀ ਭਰੀ ਬੇਚੈਨੀ ਵਿੱਚ ਫਸਾ ਦਿੱਤਾ। ਮੈਂ ਹਰ ਸਮੇਂ ਇਸਦੇ ਕਾਰਨ ਨੂੰ ਲੱਭਣ ਬਾਰੇ ਸੋਚਦਾ ਰਹਿੰਦਾ। ਜਦ ਵੀ ਉਹ ਲਾਇਬਰੇਰੀ ਉਪਰ ਬਾਥਰੂਮ ਜਾਂਦਾ ਤਾਂ ਮੈਂ ਫਿਰ ਚੋਰੀ-ਛੁਪੇ ਉਸੇ ਕਾਪੀ ਨੂੰ ਫਰੋਲਦਾ ਹੋਇਆ ਉਹ ਗੁਪਤ ਰਾਜ ਜਾਨਣ ਦੀ ਕੋਸ਼ਿਸ਼ ਕਰਦਾ ਜੋ ਉਹ ਛੁਪਾ ਕੇ ਰੱਖਣਾ ਚਾਹੁੰਦਾ ਸੀ, ਪਰ ਕੁਝ ਪਤਾ ਨਾ ਲੱਗਦਾ।

ਇਕ ਦਿਨ ਮੈਨੂੰ ਅਚਾਨਕ ਉਸਦਾ ਬਹੁਤ ਕਰੀਬੀ ਦੋਸਤ ਮਿਲਿਆ, ਮੈਂ ਉਸ ਕੋਲੋਂ ਬੜੀ ਉਤਸੁਕਤਾ ਨਾਲ ਜੈਂਪੀ ਦੀ ਕਾਪੀ ਦਾ ਗੁਪਤ ਰਾਜ ਪੁੱਛਿਆ। ਉਸਨੇ ਮੈਨੂੰ ਜੋ ਕੁਝ ਵੀ ਦੱਸਿਆ, ਉਹ ਸਭ ਸੁਣ ਕੇ ਮੈਂ ਹੋਰ ਵੀ ਹੈਰਾਨ ਸੀ। ਉਸਨੇ ਦੱਸਿਆ, "ਜੈਂਪੀ ਕਿਸੇ ਲੜਕੀ ਨੂੰ ਬਹੁਤ ਪਿਆਰ ਕਰਦਾ ਸੀ, ਕੁਝ ਹੀ ਦਿਨ ਹੋਏ ਉਸਦਾ ਵਿਆਹ ਹੋਏ ਨੂੰ, ਉਸ ਲੜਕੀ ਦੇ ਸਿਰ ਦਾ ਇਕ 'ਵਾਲ਼' ਹੀ ਉਸ ਕੋਲ ਇਕੋ ਇਕ ਨਿਸ਼ਾਨੀ ਹੈ। ਇਸ ਲਈ ਉਹ ਇਸ 'ਵਾਲ਼' ਨੂੰ ਆਪਣੀ ਕਾਪੀ ਵਿੱਚ ਸੰਭਾਲ ਕੇ ਰੱਖਦਾ ਹੈ ਤੇ ਚੋਰੀ-ਛੁਪੇ ਦੇਖ ਕੇ ਮਾਨਸਿਕ ਤੌਰ 'ਤੇ ਆਨੰਦ ਮਹਿਸੂਸ ਕਰਦਾ ਰਹਿੰਦਾ ਹੈ।" ਹੁਣ ਮੈਨੂੰ ਸਮਝ ਆਈ ਕੇ ਉਹ ਇਹ ਰਾਜ ਕਿਉਂ ਮੇਰੇ ਤੋਂ ਛੁਪਾਕੇ ਰੱਖਣਾ ਚਾਹੁੰਦਾ ਸੀ। ਉਹ ਸਮਝਦਾ ਸੀ ਕੇ ਜੇਕਰ ਲਾਇਬਰੇਰੀ ਦੇ ਇੰਚਾਰਜ (ਮੈਂ) ਨੂੰ ਇਹ ਪਤਾ ਲੱਗ ਗਿਆ ਤਾਂ ਉਹ ਉਸਨੂੰ ਲਾਇਬਰੇਰੀ 'ਚ ਬੈਠਣਾ ਬੰਦ ਕਰ ਦੇਵੇਗਾ। ਮੈਨੂੰ ਇਹ ਰਾਜ ਪਤਾ ਲੱਗਣ 'ਤੇ ਜਦ ਮੈਂ ਦੁਬਾਰਾ ਚੋਰੀ-ਛੁਪੇ ਉਸਦੀ ਉਸੇ ਕਾਪੀ ਦੇ ਪੰਨਿਆਂ ਨੂੰ ਇਕ ਇਕ ਕਰਕੇ ਪਲਟਿਆ ਤਾਂ ਸੱਚਮੁੱਚ ਹੀ ਕਿਸੇ ਲੜਕੀ ਦੇ ਸਿਰ ਦਾ ਲੰਮਾ ਜਿਹਾ ਸਿਲਕੀ 'ਵਾਲ਼' ਉਸ ਵਿੱਚ ਗੁਲਾਈ 'ਚ ਵਲ਼ ਪਾ ਕੇ ਰੱਖਿਆ ਹੋਇਆ ਸੀ। ਮੈਂ ਉਸ ਵਾਲ਼ ਨੂੰ ਹੱਥ ਵਿੱਚ ਫੜਕੇ ਚੰਗੀ ਤਰ੍ਹਾਂ ਦੇਖਿਆ, ਜਿਸਦੀ ਲੰਬਾਈ ਲੱਗਭਗ ਇਕ ਫੁੱਟ ਹੋਵੇਗੀ। ਪਰ ਮੈਨੂੰ ਉਸਦੇ ਇਸ ਗੁਪਤ ਰਾਜ ਦਾ ਪਤਾ ਲਗ ਜਾਣ ਬਾਰੇ ਮੈਂ ਕਦੇ ਉਸ ਨੂੰ ਨਹੀਂ ਦੱਸਿਆ। ਹੁਣ ਜਦੋਂ ਵੀ ਉਹ ਕੁਝ ਸਮੇਂ ਲਈ ਏਧਰ-ਉਧਰ ਹੁੰਦਾ ਤਾਂ ਮੈਂ ਉਸਦੀ ਉਹੀ ਕਾਪੀ ਜਿਸਨੂੰ ਮੈਂ ਚੰਗੀ ਤਰ੍ਹਾਂ ਪਛਾਣਦਾ ਸੀ, ਵਿੱਚੋਂ 'ਵਾਲ਼' ਨੂੰ ਮਨੋਵਿਗਿਆਨਿਕ ਨਜ਼ਰਾਂ' ਨਾਲ ਦੇਖਦਾ ਹੋਇਆ ਉਸਦੀ 'ਮਾਨਸਿਕਤਾ' ਉਤੇ ਹੈਰਾਨ ਹੁੰਦਾ ਤੇ ਸੋਚਦਾ ਕੇ ਇਹ 'ਵਾਲ਼' ਉਸਦੇ ਲਈ ਕਿਨਾ ਲਾਭਕਾਰੀ ਹੈ ਜਦ ਕੇ

ਮੇਰੇ ਵਰਗਿਆਂ ਲਈ ਇਹ ਇਕ ਫਾਲਤੂ ਦੀ ਚੀਜ਼ ਹੈ। ਜਦ ਉਹ ਇਕ 'ਵਾਲ਼' ਨੂੰ ਏਨਾ ਪਿਆਰ ਕਰਦਾ ਹੈ ਤਾਂ ਉਹ ਉਸਨੂੰ ਕਿੰਨਾ ਪਿਆਰ ਕਰਦਾ ਹੋਵੇਗਾ, ਜਿਸਦੇ ਸਿਰ ਦਾ ਇਹ 'ਵਾਲ਼' ਹੈ। ਸ਼ਾਇਦ ਮੇਰੇ ਲਈ ਇਹ ਅੰਦਾਜ ਲਗਾਉਣਾ ਬਹੁਤ ਮੁਸ਼ਕਲ ਸੀ।

ਇਕ ਦਿਨ ਜੈਂਪੀ ਕਾਲਜ ਤੋਂ ਬੜੀ ਪ੍ਰੇਸ਼ਾਨੀ ਦੀ ਹਾਲਤ ਵਿਚ ਆਇਆ ਤੇ ਬੇਚੈਨੀ ਨਾਲ ਲਾਇਬਰੇਰੀ ਅੰਦਰ ਏਧਰ-ਉਧਰ ਫਰੋਲਾ-ਫਰਾਲੀ ਕਰਨ ਲੱਗਾ। ਮੈਂ ਪੁੱਛਿਆ, "ਜੈਂਪੀ ਕੀ ਹੋਇਆ। ਤੇਰਾ ਕੁਝ ਗੁਆਚ ਗਿਆ ?" ਉਸਨੇ ਆਖਿਆ, "ਭਾਜੀ ! ਮੇਰੀ ਇਕ ਕਾਪੀ ਅਚਾਨਕ ਕਿਤੇ ਗੁਆਚ ਗਈ ਆ, ਸ਼ਾਇਦ ਲਾਇਬਰੇਰੀ 'ਚ ਤਾਂ ਨਹੀਂ ਭੁੱਲ ਗਿਆ, ਬਸ ਉਹੀ ਲੱਭ ਰਿਹਾ ਹਾਂ, ਕੀ ਤੁਸੀਂ ਕੋਈ ਕਾਪੀ ਦੇਖੀ ਆ ?" ਮੈਂ ਆਖਿਆ, "ਨਹੀਂ !" ਉਸਦੀ ਹੈਰਾਨ ਕਰਨ ਵਾਲੀ ਪ੍ਰੇਸ਼ਾਨ ਹਾਲਤ ਨੂੰ ਦੇਖਕੇ ਮੈਂ ਝੱਟ ਹੀ ਸਮਝ ਗਿਆ ਕੇ ਜ਼ਰੂਰ ਉਹੀ ਕਾਪੀ ਗੁਆਚੀ ਹੋਵੇਗੀ ਜਿਸ ਵਿੱਚ 'ਵਾਲ਼' ਸੀ। ਉਸਨੇ ਗੁਆਚੀ ਕਾਪੀ ਨੂੰ ਕਾਲਜ 'ਚੋਂ, ਲਾਇਬਰੇਰੀ 'ਚੋਂ ਅਤੇ ਆਪਣੇ ਘਰੋਂ ਚੰਗੀ ਤਰ੍ਹਾਂ ਲੱਭਿਆ, ਪਰ ਪੂਰੀ ਕੋਸ਼ਿਸ਼ ਕਰਨ ਤੇ ਵੀ ਕਾਪੀ ਕਿਤਿਓਂ ਨਾ ਲੱਭੀ। ਜਿਸ ਕਾਰਨ ਉਹ ਇਸੇ ਸਦਮੇ ਨਾਲ ਉਸੇ ਦਿਨ ਤੋਂ ਹੀ ਬਹੁਤ ਬੇਚੈਨ ਤੇ ਪ੍ਰੇਸ਼ਾਨ ਰਹਿਣ ਲੱਗ ਪਿਆ। ਕਾਲਜ ਤੋਂ ਆ ਕੇ ਲਾਇਬਰੇਰੀ ਵਿੱਚ ਗੁੰਮ-ਸੁੰਮ ਜਿਹਾ ਹੋ ਕੇ ਚੁੱਪ-ਚਾਪ ਬੈਠਾ ਰਹਿੰਦਾ, ਜਿਵੇਂ ਬਿਮਾਰ ਹੋਵੇ। ਪੜ੍ਹਨ-ਲਿਖਣ ਵਿੱਚ ਉਸਦੀ ਰੁਚੀ ਪੂਰੀ ਤਰ੍ਹਾਂ ਖ਼ਤਮ ਹੋ ਗਈ। ਇਕ ਦਿਨ ਉਸਦੇ ਘਰਦਿਆਂ ਨੇ ਮੈਨੂੰ ਦੱਸਿਆ ਕੇ ਜੈਂਪੀ ਕੁਝ ਦਿਨਾਂ ਤੋਂ ਬਹੁਤ ਪ੍ਰੇਸ਼ਾਨ ਰਹਿਣ ਲੱਗ ਪਿਆ ਹੈ। ਹਰ ਸਮੇਂ ਬੇਚੈਨ ਹੋਇਆ ਮੰਜੇ ਉਤੇ ਪਿਆ ਰਹਿੰਦਾ ਹੈ, ਜਦੋਂ ਉਸਦੀ ਬੇਚੈਨੀ ਦਾ ਕਾਰਨ ਪੁੱਛਦੇ ਹਾਂ ਤਾਂ ਆਖਦਾ ਹੈ ਕੇ ਉਸਦੀ ਕੋਈ ਕਾਪੀ ਗੁੰਮ ਹੋ ਗਈ ਹੈ। ਅਸੀਂ ਜਦੋਂ ਉਸਨੂੰ ਆਖਦੇ ਹਾਂ ਕੇ ਨਵੀਂ ਕਾਪੀ ਲਿਆ ਕੇ ਉਸ ਉਪਰ ਉਹੀ ਕੁਝ ਦੁਬਾਰਾ ਲਿਖ ਲੈ, ਤਾਂ ਕੋਈ ਜਵਾਬ ਨਹੀਂ ਦਿੰਦਾ, ਟਾਲ-ਮਟੋਲ ਕਰਕੇ ਗੱਲ ਨੂੰ ਰਫਾ-ਦਫਾ ਕਰ ਦਿੰਦਾ ਹੈ। ਹੁਣ ਤਾਂ ਚੰਗੀ ਤਰ੍ਹਾਂ ਰੋਟੀ ਵੀ ਨਹੀਂ ਖਾਂਦਾ, ਉਸਨੂੰ ਰੋਟੀ ਖਾਣ ਲਈ ਆਖਦੇ ਹਾਂ ਤਾਂ ਕਹਿੰਦਾ ਭੁੱਖ ਨਹੀਂ ਹੈ ਫੇਰ ਖਾ ਲਵਾਂਗਾ। ਨਹਾਉਣਾ-ਧੋਣਾ ਤੇ ਕੱਪੜਿਆਂ ਦੀ ਸਾਫ਼-ਸਫ਼ਾਈ ਰੱਖਣੀ ਵੀ ਭੁੱਲ ਗਿਆ ਹੈ। ਕਦੇ-ਕਦੇ ਤਾਂ ਇਕੱਲਾ ਬੈਠਾ ਰੋਣ ਲੱਗ ਜਾਂਦਾ ਹੈ ਤੇ ਰਾਤ ਨੂੰ ਚੰਗੀ ਤਰ੍ਹਾਂ ਸੌਂ ਵੀ ਨਹੀਂ ਪਾਉਂਦਾ। ਉਹ ਲਗਾਤਾਰ ਕਮਜ਼ੋਰ ਹੋਈ ਜਾ ਰਿਹਾ ਹੈ। ਕਦੇ-ਕਦੇ ਤਾਂ ਆਪਣੇ-ਆਪ ਨੂੰ ਖ਼ਤਮ ਕਰ ਲੈਣ ਦੀਆਂ ਗੱਲਾਂ ਕਰਨ ਲੱਗ ਜਾਂਦਾ ਹੈ, ਜਿਵੇਂ ਇਸ ਜ਼ਿੰਦਗੀ ਤੋਂ ਅੱਕ ਚੁੱਕਾ ਹੋਵੇ। ਕਦੇ ਤਾਂ ਉਦਾਸ ਜਿਹਾ ਹੋਇਆ ਉਹ ਇਕੋ ਜਗਾ ਹੀ ਕਿੰਨਾਂ ਚਿਰ ਬੈਠਾ ਰਹਿੰਦਾ ਹੈ।

ਉਸਦੇ ਘਰਦਿਆਂ ਨੇ ਆਪਣੇ ਲਾਡਲੇ ਦੀ ਇਸ ਤਰਸਯੋਗ ਹਾਲਤ ਦਾ ਦੁਖੜਾ ਰੋਂਦਿਆਂ ਆਪਣੀ ਸ਼ੰਕਾ ਜਾਹਿਰ ਕੀਤੀ ਕੇ ਇਸ 'ਤਰਕਸ਼ੀਲ ਲਾਇਬਰੇਰੀ' 'ਚੋਂ ਹੀ ਉਸਨੂੰ ਭੂਤਾਂ-ਚੁੜੇਲਾਂ ਚਿੰਬੜ ਗਏ ਲਗਦੇ ਆ, ਜੋ ਇਸ ਮਕਾਨ ਵਿੱਚ ਦੱਬੇ ਹੋਏ ਟੂਣੇ-ਟਾਮਣ ਦੁਆਰਾ ਕਿਰਾਏਦਾਰ ਤੇ ਉਸਦੇ ਬੱਚਿਆਂ ਨੂੰ ਚਿੰਬੜੇ ਸੀ। ਮੈਂ ਉਨ੍ਹਾਂ ਦੇ ਇਸ ਵਹਿਮ-ਭਰਮ ਤੇ ਅੰਧਵਿਸ਼ਵਾਸ ਨੂੰ ਦੂਰ ਕਰਨ ਲਈ ਆਖਿਆ, "ਨਹੀਂ ! ਅਜਿਹਾ ਕੁਝ ਵੀ ਨਹੀਂ ਹੈ। ਜੇਕਰ ਸੱਚਮੁੱਚ ਹੀ ਇਸ ਲਾਇਬਰੇਰੀ 'ਚ ਭੂਤਾਂ-ਚੁੜੇਲਾਂ ਹੁੰਦੇ ਤਾਂ ਸਭ ਤੋਂ ਪਹਿਲਾਂ ਉਹ ਮੈਨੂੰ ਨੁਕਸਾਨ ਪਹੁੰਚਾਉਂਦੇ ਕਿਉਂਕਿ ਸਭ ਤੋਂ ਵੱਡਾ ਤਾਂ ਉਨ੍ਹਾਂ ਦਾ ਕੱਟੜ ਦੁਸ਼ਮਣ ਮੈਂ ਹਾਂ।" ਮੈਂ ਉਨ੍ਹਾਂ ਨੂੰ ਹੌਂਸਲਾ ਦਿੱਤਾ ਕਿ ਜਲਦੀ ਹੀ ਜੈਂਪੀ ਨੂੰ ਮੈਂ ਠੀਕ ਕਰ ਦੇਵਾਂਗਾ। ਮੈਂ ਜਾਣਦਾ ਸੀ ਕਿ ਉਹ ਆਪਣੇ ਘਰਦਿਆਂ ਨੂੰ ਆਪਣੀ ਪ੍ਰੇਸ਼ਾਨੀ ਦਾ ਅਸਲੀ ਕਾਰਨ ਕਿਉਂ ਨਹੀਂ ਦੱਸਦਾ। ਮੈਨੂੰ ਉਸਦੀ ਗੰਭੀਰ ਹਾਲਤ ਤੋਂ ਇਹ ਅੰਦਾਜ਼ਾ ਹੋ ਗਿਆ ਸੀ ਕਿ ਉਹ ਮਾਨਸਿਕ ਤੌਰ 'ਤੇ ਬਿਮਾਰ ਹੈ, ਇਹ ਇਕ 'ਮਾਨਸਿਕ ਰੋਗ' ਹੈ ਜਿਸਨੂੰ 'ਡਿਪਰੈਸ਼ਨ' (ਉਦਾਸੀ) ਆਖਿਆ ਜਾਂਦਾ ਹੈ। ਉਸਨੂੰ ਇਸ ਰੋਗ ਤੋਂ ਮੁਕਤ ਕਰਾਉਣ ਲਈ ਮੇਰੇ ਮਨ ਵਿੱਚ ਮਨੋਵਿਗਿਆਨਕ ਤੌਰ 'ਤੇ ਇਕ ਸ਼ਰਾਰਤੀ ਖਿਆਲ ਆਇਆ। ਮੈਨੂੰ ਪੂਰੀ ਉਮੀਦ ਸੀ ਕੇ ਮੇਰਾ ਇਹ ਮਨੋਵਿਗਿਆਨਿਕ ਢੰਗ-ਤਰੀਕਾ ਜ਼ਰੂਰ ਕਾਮਯਾਬ ਹੋਵੇਗਾ। ਉਹ ਕਾਪੀ ਜੋ ਗੁਆਚ ਗਈ ਸੀ ਉਸਦੀ ਬਾਹਰੀ ਤੇ ਅੰਦਰੂਨੀ ਦਿਖ ਮੈਨੂੰ ਚੰਗੀ ਤਰ੍ਹਾਂ ਯਾਦ ਸੀ, ਇਸ ਲਈ ਮੈਂ ਜਲਦੀ ਹੀ ਬਾਜ਼ਾਰ ਗਿਆ, ਕਾਪੀਆਂ-ਕਿਤਾਬਾਂ ਦੀ ਦੁਕਾਨ ਤੋਂ ਬਿਲਕੁਲ ਉਸੇ ਤਰ੍ਹਾਂ ਦੀ ਹੀ ਕਾਪੀ ਲੱਭ ਕੇ ਖ਼ਰੀਦਣ ਦੀ ਕੋਸ਼ਿਸ਼ ਕੀਤੀ। ਕਾਫੀ ਦੁਕਾਨਾਂ ਘੁੰਮਣ ਤੋਂ ਬਾਅਦ ਅੰਤ ਵਿੱਚ ਮੈਨੂੰ ਇਕ ਦੁਕਾਨ ਤੋਂ ਬਿਲਕੁਲ ਉਸੇ ਤਰ੍ਹਾਂ ਦੀ ਹੀ ਸ਼ਕਲ ਵਾਲੀ ਕਾਪੀ ਮਿਲ ਗਈ। ਹੁਣ ਮੈਨੂੰ ਇਕ ਅਜਿਹੇ 'ਵਾਲ਼' ਦੀ ਜ਼ਰੂਰਤ ਸੀ ਜੋ ਬਿਲਕੁਲ ਉਸੇ ਤਰ੍ਹਾਂ ਦਾ ਹੋਵੇ ਜਿਸਨੂੰ ਜੈਂਪੀ ਦੇਖਦਾ ਰਹਿੰਦਾ ਸੀ ਤਾਂ ਜੋ ਉਸਨੂੰ ਇਸ ਕਾਪੀ ਵਿੱਚ ਉਸੇ ਤਰ੍ਹਾਂ ਹੀ ਰੱਖਿਆ ਜਾ ਸਕੇ। ਮੈਨੂੰ ਅਚਾਨਕ ਹੀ ਕੂੜੇ ਦੇ ਢੇਰ ਉਪਰੋਂ ਕਾਲੇ ਰੰਗ ਦੇ ਲੰਮੇ ਵਾਲ਼ਾਂ ਦੀ ਇੱਕ ਗੁੱਛੀ ਲੱਭ ਪਈ। ਉਸ ਵਿੱਚੋਂ ਮੈਂ ਇਕ ਫੁੱਟ ਲੰਮਾ ਵਧੀਆ ਵਾਲ਼ ਚੁਣਿਆ, ਫਿਰ ਉਸਨੂੰ ਸ਼ੈਂਪੂ ਨਾਲ ਧੋ-ਸੁਆਰ ਕੇ ਸਿਲਕੀ ਜਿਹਾ ਬਣਾ ਲਿਆ ਤੇ ਬਜ਼ਾਰੋਂ ਖ਼ਰੀਦੀ ਕਾਪੀ ਵਿੱਚ ਇਹ ਉਸੇ ਤਰ੍ਹਾਂ ਹੀ ਰੱਖ ਦਿੱਤਾ ਜਿਵੇਂ ਮੈਂ ਚੋਰੀ-ਛੁਪੇ ਉਸਦੀ ਕਾਪੀ ਵਿੱਚ ਦੇਖਿਆ ਕਰਦਾ ਸੀ।

ਅਗਲੇ ਦਿਨ ਮੈਂ ਇਹ ਨਕਲੀ ਕਾਪੀ ਜਿਸ ਵਿੱਚ ਨਕਲੀ ਵਾਲ਼ ਰੱਖਿਆ ਹੋਇਆ ਸੀ ਲਾਇਬ੍ਰੇਰੀ ਵਿੱਚ ਲੈ ਗਿਆ ਤੇ ਜੈਂਪੀ ਨੂੰ ਘਰੋਂ ਬੁਲਾ ਕੇ ਇਹ ਖੁਸ਼-ਖ਼ਬਰੀ ਦਿੱਤੀ ਕੇ ਉਸਦੀ ਗੁਆਚੀ ਹੋਈ ਕਾਪੀ ਲਾਇਬਰੇਰੀ ਵਿੱਚੋਂ ਮਿਲ ਗਈ ਹੈ। ਜਦੋਂ ਉਸਨੇ ਇਹ ਕਾਪੀ ਦੇਖੀ ਤਾਂ ਉਹ ਬਹੁਤ ਖੁਸ਼ ਹੋਇਆ ਤੇ ਬਾਥਰੂਮ ਜਾਣ ਦੇ ਬਹਾਨੇ ਚੁਬਾਰੇ ਉਪਰ ਕਾਪੀ ਵੀ ਨਾਲ ਹੀ ਲੈ ਗਿਆ। ਜਦੋਂ ਉਹ ਖੁਸ਼ੀ ਨਾਲ ਦੌੜਦਾ ਹੋਇਆ ਚੁਬਾਰੇ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤਾਂ ਮੈਂ ਵੀ ਚੋਰੀ-ਛੁਪੇ ਉਸਦੇ ਮਗਰ ਜਾ ਕੇ ਉਸਦੀ ਸਾਰੀ ਹਰਕਤ ਦੇਖ ਰਿਹਾ ਸੀ। ਚੁਬਾਰੇ ਦੀ ਉਪਰਲੀ ਛੱਤ ਉਪਰ ਜੰਗਲਿਆਂ ਓਹਲੇ ਬੈਠ ਕੇ ਉਹ ਕਾਪੀ ਨੂੰ ਖੋਲ੍ਹਕੇ ਉਸ 'ਵਾਲ਼' ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਜਦੋਂ ਉਹ ਉਸ 'ਵਾਲ' ਨੂੰ ਹੱਥ ਵਿੱਚ ਫੜ ਕੇ ਦੇਖਦਾ ਸੀ ਤਾਂ ਮੈਨੂੰ ਜੰਗਲਿਆਂ ਰਾਹੀਂ ਸਭ ਕੁਝ ਚੰਗੀ ਤਰ੍ਹਾਂ ਦਿਖਾਈ ਦਿੰਦਾ ਸੀ। ਉਹ ਉਸੇ 'ਵਾਲ' ਨੂੰ ਖੁਸ਼ੀ ਨਾਲ ਕਦੇ ਆਪਣੇ ਮੂੰਹ ਉਤੇ ਫੇਰਦਾ ਤੇ ਕਦੇ ਬੁੱਲ੍ਹਾਂ ਉਤੇ। ਉਹ ਪੂਰੀ ਤਰ੍ਹਾਂ ਖੁਸ਼ ਨਜ਼ਰ ਆ ਰਿਹਾ ਸੀ। ਕਾਫੀ ਸਮੇਂ ਤੱਕ ਉਹ ਇਸੇ 'ਨਕਲੀ ਵਾਲ਼' ਨੂੰ ਦੇਖ ਕੇ ਖੁਸ਼ ਹੁੰਦਾ ਰਿਹਾ। ਫਿਰ ਉਹ ਉਸੇ ਨਕਲੀ ਵਾਲ਼ ਨੂੰ ਨਕਲੀ ਕਾਪੀ ਵਿੱਚ ਰੱਖ ਕੇ ਅਸਲੀ ਸਮਝ ਕੇ ਆਪਣੇ ਘਰ ਲੈ ਗਿਆ। ਕੁਝ ਦਿਨਾਂ ਬਾਅਦ ਉਸਦੇ ਘਰਦਿਆਂ ਨੇ ਮੈਨੂੰ ਬੜੀ ਖੁਸ਼ੀ ਨਾਲ ਦੱਸਿਆ ਕਿ ਜੈਂਪੀ ਹੁਣ ਪੂਰੀ ਤਰ੍ਹਾਂ ਠੀਕ ਏ। ਉਨ੍ਹਾਂ ਨੇ ਮੇਰੇ ਕੋਲੋਂ ਉਸਦੀ ਸਮੱਸਿਆ ਦਾ ਕਾਰਨ ਅਤੇ ਹੱਲ ਜਾਨਣਾ ਚਾਹਿਆ। ਮੈਂ ਵਿਸਥਾਰ ਨਾਲ ਸਮਝਾਇਆ ਕੇ ਉਸਦੀ ਪ੍ਰੇਸ਼ਾਨੀ ਦਾ ਕਾਰਨ ਇਸ ਤਰਕਸ਼ੀਲ ਲਾਇਬਰੇਰੀ ਵਿਚਲੇ ਭੂਤਾਂ-ਚੁੜੇਲਾਂ ਨਹੀਂ ਸੀ, ਸਗੋਂ ਇਸਦਾ ਕਾਰਨ ਕੁਝ ਹੋਰ ਸੀ ਜਿਸਨੂੰ ਮਾਨਸਿਕ ਰੋਗ 'ਡਿਪਰੈਸ਼ਨ' ਭਾਵ ਉਦਾਸੀ ਆਖਿਆ ਜਾਂਦਾ ਹੈ ਅਤੇ ਜਿਸਨੂੰ ਮੈਂ 'ਮਨੋਵਿਗਿਆਨਿਕ' ਢੰਗ-ਤਰੀਕੇ ਨਾਲ ਹੀ ਜੜ੍ਹੋਂ ਉਖਾੜਨ ਵਿਚ ਕਾਮਯਾਬ ਹੋ ਸਕਿਆ ਸੀ। ਅਸਲ ਵਿੱਚ ਭੂਤਾਂ-ਚੁੜੇਲਾਂ ਤਾਂ ਹੁੰਦੇ ਹੀ ਨਹੀਂ।


## ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।



# ਡੇਰਿਆਂ ਜਾਂ ਧਰਮ-ਸਥਾਨਾਂ ਉੱਤੇ ਭਟਕਦੇ ਲੋਕਾਂ ਦੀ ਅਸਲੀਅਤ

ਭਾਰਤੀ ਸਮਾਜ ਦੇ ਲੱਗਭੱਗ 99% ਲੋਕ ਆਮ ਤੌਰ ਤੇ ਸਾਧਾਂ-ਸੰਤਾਂ ਦੇ ਡੇਰਿਆਂ ਜਾਂ ਹੋਰ ਧਾਰਮਕ ਥਾਵਾਂ ਉੱਤੇ ਭਟਕਦੇ ਦੇਖੇ ਜਾ ਸਕਦੇ ਹਨ। ਜੇਕਰ ਇਕ ਥਾਂ ਤੇ ਜਾਣੋਂ ਹਟਦੇ ਹਨ ਤਾਂ ਦੂਜੇ ਥਾਂ ਭਟਕਣ ਤੁਰ ਪੈਂਦੇ ਹਨ। ਡੇਰਿਆਂ ਜਾਂ ਹੋਰ ਧਾਰਮਕ-ਥਾਵਾਂ ਤੇ ਫਿਰਦੀ ਇਸ ਭੀੜ ਨੂੰ ਦੇਖਕੇ ਹਰ ਵਿਅਕਤੀ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਆਖ਼ਰ ਕਿਉਂ ਇੰਨੀ ਭੀੜ ਇੱਧਰ-ਉੱਧਰ ਭਟਕਦੀ ਫਿਰਦੀ ਹੈ? ਅਜਿਹਾ ਕਿਹੜਾ ਕੰਮ ਜਾਂ ਦੁੱਖ ਹੈ ਜਿਸ ਦੇ ਕਾਰਨ ਦੇਸ਼ ਦੀ ਵੱਡੀ ਆਬਾਦੀ ਇੰਜ ਭਟਕ ਰਹੀ ਹੈ? ਕੀ ਲੋਕੀ ਸਚਮੁੱਚ ਦੁੱਖੀ ਹਨ ਜਾ ਫਿਰ ਉਹ ਆਪਣੇ ਮਨੋਰੰਜਨ ਜਾਂ ਸੁਆਦ ਲਈ ਭਟਕ ਰਹੇ ਹਨ, ਜਾਂ ਫਿਰ ਜਿੰਦਗੀ ਦੇ ਅਸਲੀ ਸਫਰ ਤੋਂ ਹੀ ਭਟਕ ਗਏ ਹਨ?

ਜੇਕਰ ਅਸੀਂ ਭਾਰਤੀ-ਸਮਾਜ ਦੀ ਬਣਤਰ ਵੱਲ ਧਿਆਨ ਮਾਰਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਭਾਰਤੀ-ਸਮਾਜ ਧਰਮਾਂ, ਜਾਤਾਂ, ਗੋਤਾਂ, ਰੰਗਾਂ, ਨਸਲੀ-ਭੇਦਾਂ ਵਿੱਚ ਵੰਡਿਆ ਹੋਇਆ ਹੈ। ਇਸ ਤੋਂ ਬਿਨਾਂ ਸਭ ਤੋਂ ਵੱਡਾ ਪਾੜਾ ਅਮੀਰੀ-ਗਰੀਬੀ ਦਾ ਹੈ। ਦੇਸ਼ ਦਾ 85% ਸਰਮਾਇਆ 10% ਲੋਕਾਂ ਦੇ ਹੱਥਾਂ ਵਿੱਚ ਚਲਿਆ ਗਿਆ ਹੈ। ਬਾਕੀ ਦਾ 15% ਸਰਮਾਇਆ 90% ਲੋਕਾਂ ਕੋਲ ਹੈ। ਸੋ ਸਮਾਜ ਦੀ ਉਚ-ਨੀਚ ਜਾਂ ਭੇਦ-ਭਾਵ ਦਾ ਮੁੱਖ ਕਾਰਨ ਇੱਥੋਂ ਦੀ ਕਾਬਜ਼ ਪੂੰਜੀਵਾਦੀ-ਵਿਵਸਥਾ ਹੈ। ਜਿਸ ਵਿਵਸਥਾ ਵਿਚ 90% ਲੋਕ ਰੋਜੀ-ਰੋਟੀ, ਕੱਪੜੇ 'ਤੇ ਮਕਾਨ ਲਈ ਤਰਸਦੇ ਹੋਣ, ਇਸ ਤੋਂ ਵੀ ਬੁਰੀ ਗੱਲ ਕਿ ਉਹ ਲੋਕ ਇਸ ਵਿਵਸਥਾ ਨੂੰ ਰੱਬ ਦੀ ਮਰਜੀ ਸਮਝਦੇ, ਆਪਣੇ ਪਿਛਲੇ ਮਾੜੇ ਕਰਮਾਂ ਦਾ ਰੋਣਾ ਰੋਂਦੇ ਹੋਣ, ਅਜਿਹੇ ਲੋਕਾਂ ਦਾ ਦਿਸ਼ਾਹੀਣ ਹੋ ਕੇ ਇੱਧਰ-ਉੱਧਰ ਭਟਕਣਾ ਸਧਾਰਨ ਜਿਹੀ ਗੱਲ ਹੈ। ਦਿਸ਼ਾਹੀਣ ਵਿਅਕਤੀ ਨੇ ਕੇਵਲ ਭਟਕਣਾ ਹੀ ਹੁੰਦਾ ਹੈ, ਉਹ ਕਿਸੇ ਵੀ ਸਮੱਸਿਆ ਦੇ ਸਹੀ ਕਾਰਨ ਜਾਂ ਹੱਲ ਬਾਰੇ ਸੋਚ ਜਾਂ ਸਮਝ ਨਹੀਂ ਸਕਦੇ।

ਧਰਮ ਦਾ ਰੋਲ ਸਧਾਰਨ ਜਨਤਾ ਨੂੰ ਨੈਤਿਕ ਬਣਾਉਣਾ ਸਮਝਿਆ ਜਾਂਦਾ ਹੈ। ਜਦੋਂ ਕਿ ਅਸਲ ਵਿੱਚ ਧਰਮ ਹਮੇਸ਼ਾ ਆਪਣਾ ਨਾਂਹ ਪੱਖੀ ਰੋਲ ਨਿਭਾਉਂਦਾ ਰਿਹਾ ਹੈ। ਧਰਮ ਨੇ ਹਮੇਸਾ ਰਾਜ-ਸੱਤਾ ਦਾ ਪੱਖ ਪੂਰਿਆ ਹੈ। ਅਸਲ ਵਿਚ ਧਰਮ ਰਾਜਨੀਤੀ ਦਾ ਪ੍ਰਮੁੱਖ ਹਥਿਆਰ ਹੈ ਜਿਹੜਾ ਸਮੇਂ ਸਮੇਂ ਰੂਪ ਬਦਲ ਕੇ ਰਾਜਸੱਤਾ ਦੇ ਹੱਕ ਵਿਚ ਭੁਗਤਦਾ ਹੈ। ਧਰਮ ਦਾ ਨਾਂਹ-ਪੱਖੀ ਰੋਲ ਇਹ ਰਿਹਾ ਹੈ ਕਿ ਇਸਨੇ ਸਧਾਰਨ-ਮਨੁੱਖ ਨੂੰ ਅੰਧਵਿਸ਼ਵਾਸ਼ਾਂ ਦੀ ਦਲਦਲ ਵਿਚ ਧੱਕ ਦਿਤਾ ਹੈ। ਧਰਮ ਦੁਆਰਾ ਬੋਲਿਆ ਗਿਆ ਸਭ ਤੋਂ ਵੱਡਾ ਝੂਠ ਰੱਬ ਦੀ ਹੋਂਦ ਹੈ, ਜਿਹੜਾ ਆਪਣੇ ਰਿਮੋਟ ਨਾਲ ਸਾਰੀ ਦੁਨੀਆਂ ਨੂੰ ਕੰਟਰੋਲ ਕਰ ਰਿਹਾ ਹੈ। ਧਰਮ ਅਨੁਸਾਰ ਇਹ ਰੱਬ ਦਿਆਲੂ ਕ੍ਰਿਪਾਲੂ ਤੇ ਪਾਲਣਹਾਰ ਹੈ। ਇਸਨੂੰ ਸੰਸਾਰ ਦੇ ਹਰ ਪ੍ਰਾਣੀ ਦੀ ਚਿੰਤਾ ਹੈ। ਇਹ ਹਰ ਇੱਕ ਦੇ ਖਾਣ-ਪੀਣ, ਰਹਿਣ-ਸਹਿਣ ਤੇ ਜਿਉਂਣ ਦਾ ਪ੍ਰਬੰਧ ਕਰਦਾ ਹੈ। ਇਸ ਲਈ ਧਰਮ ਹਰ-ਸੰਘਰਸ਼ ਦਾ ਖਾਤਮਾ ਕਰਕੇ ਰੱਬ ਤੇ ਡੋਰੀਆਂ ਸੁੱਟਣ ਦੀ ਗੱਲ ਕਰਦਾ ਹੈ।

## ਰਾਜਾ ਰਾਮ ਹੰਡਿਆਇਆ

ਧਰਮ ਨੇ ਹੀ ਮਨੁੱਖ ਨੂੰ ਪਿਛਲੇ ਕਰਮਾਂ ਦਾ ਫਲ, ਸਵਰਗ-ਨਰਕ, ਕਰਮਾਂ ਦਾ ਲੇਖਾ ਜੋਖਾ, ਪੂਜਾ-ਪਾਠ, ਨਾਮ, ਦਾਨ, ਆਦਿ ਦੀਆਂ ਅੰਧਵਿਸ਼ਵਾਸ਼ੀ ਧਾਰਨਾਵਾਂ ਵਿਚ ਫਸਾਇਆ ਹੈ।

ਹਜ਼ਾਰਾਂ ਸਾਲਾਂ ਤੋਂ ਧਰਮ ਦਾ ਇਹ ਝੂਠ ਲਗਾਤਾਰ ਦਿਨ-ਰਾਤ ਬੋਲਿਆ ਜਾ ਰਿਹਾ ਹੈ, ਜਿਸ ਕਰਕੇ ਇਹ ਝੂਠ ਹੁਣ ਸਧਾਰਨ ਜਨਤਾ ਲਈ ਸੱਚ ਬਣ ਗਿਆ ਹੈ। ਹੁਣ ਸਧਾਰਨ ਜਨਤਾ ਦਾ ਇਹ ਵਿਸ਼ਵਾਸ਼ ਪੱਕਾ ਬਣ ਗਿਆ ਹੈ ਕਿ ਇਸ ਸ੍ਰਿਸ਼ਟੀ ਦਾ ਕਰਤਾ-ਧਰਤਾ ਰੱਬ ਹੈ ਉਸਨੂੰ ਖੁਸ਼ ਰੱਖਣਾ ਹੀ ਸਭ ਤੋਂ ਵੱਡੀ ਪ੍ਰਾਪਤੀ ਹੈ। ਧਰਮ ਦੇ ਠੇਕੇਦਾਰਾਂ ਨੇ ਸਦੀਆਂ ਤੋਂ ਇਹ ਗੱਲ ਫੈਲਾਈ ਹੈ ਕਿ ਰੱਬ ਨੂੰ ਮਿਲਾਉਣ ਵਾਸਤੇ ਕਿਸੇ ਨਾ ਕਿਸੇ ਗੁਰੂ ਦੀ ਲੋੜ ਜਰੂਰ ਹੁੰਦੀ ਹੈ ਸੋ ਹਰ ਵਿਅਕਤੀ ਨੂੰ ਕਿਸੇ ਨਾ ਕਿਸੇ ਨੂੰ ਗੁਰੂ ਜਰੂਰ ਬਣਾਉਣਾ ਚਾਹੀਦਾ ਹੈ, ਜੋ ਰੱਬ ਨੂੰ ਮਿਲਾਉਣ ਵਿਚ ਸਹਾਈ ਹੋ ਸਕੇ।

ਇਸ ਪ੍ਰਚਾਰ ਨੇ ਜਨਤਾ ਵਿਚ ਅਜਿਹੀ ਭਟਕਣ ਪੈਦਾ ਕੀਤੀ ਹੈ ਕਿ ਉਹ ਰੱਬ ਦੇ ਇਨ੍ਹਾਂ ਠੇਕੇਦਾਰਾਂ ਦੇ ਜਾਲ਼ ਵਿਚ ਬੁਰੀ ਤਰ੍ਹਾਂ ਉਲਝ ਗਈ ਹੈ। ਸਧਾਰਨ ਜਨਤਾ ਵੱਡੀ ਗਿਣਤੀ ਵਿੱਚ ਇਨ੍ਹਾਂ ਪਾਖੰਡੀਆਂ ਦੇ ਡੇਰਿਆਂ ਉੱਤੇ ਆਪਣਾ ਅਗਲਾ ਜੀਵਨ ਸੰਵਾਰਨ ਦੇ ਚੱਕਰ ਵਿਚ ਭਟਕਦੀ ਰਹਿੰਦੀ ਹੈ ਕਿਉਂਕਿ ਇਨ੍ਹਾਂ ਪਾਖੰਡੀਆਂ ਨੇ ਜਨਤਾ ਨੂੰ ਇਹ ਪਾਠ ਪੜ੍ਹਾ ਦਿੱਤਾ ਹੈ ਕਿ ਇਹ ਦਿਸਦਾ-ਜੀਵਨ ਤਾਂ ਅਸਲ ਵਿਚ ਝੂਠਾ ਹੈ। ਅਸਲੀ ਜੀਵਨ ਤਾਂ ਇਸ ਜੀਵਨ ਦੇ ਅੰਤ ਤੋਂ ਬਾਅਦ ਸ਼ੁਰੂ ਹੋਣਾ ਹੈ ਇਹੀ ਕਾਰਨ ਹੈ ਕਿ ਬਹੁਤੇ ਲੋਕ ਆਪਣਾ ਅੱਗਾ-ਸੰਵਾਰਨ ਲਈ ਡੇਰਿਆਂ ਜਾਂ ਹੋਰ ਧਰਮ-ਸਥਾਨਾਂ ਤੇ ਭਟਕਦੇ ਰਹਿੰਦੇ ਹਨ।

ਇਸ ਭਟਕਣ ਦਾ ਵੱਡਾ ਕਾਰਨ ਤਾਂ ਦਿਸ਼ਾਹੀਣ ਹੋਣਾ ਹੀ ਹੈ। ਡੇਰਿਆਂ ਜਾਂ ਧਰਮ ਸਥਾਨਾਂ ਉੱਤੇ ਦਿਨ ਰਾਤ ਹੋਣ ਵਾਲਾ ਪ੍ਰਚਾਰ ਇਸ ਗਲਤ ਧਾਰਨਾ ਨੂੰ ਹੋਰ ਪੱਕਾ ਕਰੀ ਜਾ ਰਿਹਾ ਹੈ ਕਿ ਇਹ ਜੀਵਨ ਝੂਠਾ ਹੈ, ਇਹ ਦਿਸਦਾ-ਜਗਤ ਮਾਇਆ ਦਾ ਜਾਲ਼ ਹੈ, ਜਿਸ ਵਿਚ ਫਸਕੇ ਮਨੁੱਖ ਰੱਬ ਤੋਂ ਦੂਰ ਹੋ ਜਾਂਦਾ ਹੈ। ਇਸ ਦੁਨਿਆਵੀ ਮੋਹ-ਜਾਲ਼ ਵਿਚ ਫਸਕੇ ਮਨੁੱਖ ਜਿੰਦਗੀ ਦੇ ਅਸਲ ਮਕਸਦ ਤੋਂ ਦੂਰ ਹੋ ਜਾਂਦਾ ਹੈ। ਸੋ ਇਨ੍ਹਾਂ ਡੇਰਿਆ ਦੇ ਮੁਖੀ ਅਤੇ ਧਰਮਾਂ ਦੇ ਠੇਕੇਦਾਰ ਅਖਬਾਰਾਂ-ਰਸਾਲੇ-ਕਿਤਾਬਾਂ ਰਾਂਹੀ, ਆਡੀਓ, ਵੀ. ਡੀ. ਓ ਕੈਸਟਾਂ ਰਾਹੀਂ, ਰੇਡੀਓ ਅਤੇ ਟੈਲੀਵੀਜ਼ਨ ਰਾਹੀ ਥੋੜੇ ਜਿਹੇ ਪੈਸੇ ਖਰਚ ਕੇ ਵੱਡੀ ਗਿਣਤੀ ਵਿਚ ਆਪਣੇ ਸ਼ਰਧਾਲੂ ਪੈਦਾ ਕਰ ਲੈਂਦੇ ਹਨ। ਫਿਰ ਉਨ੍ਹਾਂ ਸ਼ਰਧਾਲੂਆਂ ਨੂੰ ਭੇਡਾਂ ਵਾਂਗ ਮੁੰਨਦੇ ਰਹਿੰਦੇ ਹਨ। ਜਿਵੇਂ ਆਜੜੀ ਆਪਣੀਆਂ ਭੇਡਾਂ ਦੀ ਨਿਸ਼ਾਨੀ ਲਈ ਰੰਗ ਲਾਉਂਦਾ ਹੈ ਤੇ ਉਨ੍ਹਾਂ ਲਈ ਵਾੜਾ ਬਣਾਉਂਦਾ ਹੈ, ਬਿਲਕੁਲ ਇਸੇ ਤਰ੍ਹਾਂ ਇਹ ਡੇਰੇਦਾਰ ਡੇਰਿਆਂ ਦੇ ਸ਼ਰਧਾਲੂਆਂ ਨੂੰ, ਭੇਡਾਂ ਵਾਂਗ ਆਪਣਾ ਰੰਗ ਚਾੜ੍ਹ ਕੇ ਆਪਣੇ ਵਾੜਿਆਂ ਵਿਚ ਕੈਦ ਕਰ ਲੈਂਦੇ ਹਨ। ਇਨ੍ਹਾਂ ਵਾੜਿਆਂ ਵਿਚ ਵੜੇ ਹੋਏ ਭੇਡਾਂ ਵਰਗੇ ਲੋਕ ਹੋਰ ਕੁੱਝ ਵੀ ਸਿੱਖਣਾ ਜਾਂ ਸਮਝਣਾ ਨਹੀਂ ਚਾਹੁੰਦੇ। ਇਹ ਸਿਰਫ਼ ਆਪਣੇ ਵਾੜੇ ਤੱਕ ਸੀਮਿਤ ਹੋ ਜਾਂਦੇ ਹਨ। ਵਾੜਿਆਂ ਵਿਚ ਵੜੀਆ ਇਹ ਭੇਡਾਂ ਦੂਜੇ ਵਾੜਿਆਂ ਦੀਆਂ ਭੇਡਾਂ ਨੂੰ ਵੀ ਨਫ਼ਰਤ ਕਰਦੀਆਂ ਆਮ ਦੇਖੀਆਂ ਜਾਂ ਸਕਦੀਆਂ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਮਾਲਕ ਜਾਂ ਸਵਾਮੀ ਭਾਵ ਡੇਰਿਆ

ਦੇ ਅਖੌਤੀ-ਗੁਰੂ ਵੀ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀਆਂ ਚਾਲਾਂ ਚਲਦੇ ਰਹਿੰਦੇ ਅਤੇ ਹਰ ਤਰ੍ਹਾਂ ਦੇ ਹਥਕੰਡੇ ਅਪਣਾਉਂਦੇ ਹਨ।

'ਭੇਡ-ਚਾਲ' ਦਾ ਪੰਜਾਬੀ ਮੁਹਾਵਰਾ ਬੜਾ ਪ੍ਰਸਿੱਧ ਹੈ ਜਿਸਦਾ ਅਰਥ ਹੈ-ਲਾਈਲੱਗ ਬਣਨਾ, ਬਿਨਾ ਸੋਚੇ-ਸਮਝੇ, ਪਰਖੇ-ਜਾਚੇ ਦੂਜਿਆਂ ਦੇ ਪਿੱਛੇ ਲੱਗ ਤੁਰਨਾ। ਭਾਰਤ ਵਿਚ ਲਾਈਲੱਗ ਲੋਕਾਂ ਦੀ ਸੰਖਿਆ ਬਹੁਤ ਵੱਡੀ ਹੈ। ਆਪਣੇ ਆਪਨੂੰ ਪੜ੍ਹੇ ਲਿਖੇ ਸਮਝਣ ਵਾਲੇ ਅਨੇਕਾਂ ਅਖੌਤੀ-ਵਿਦਵਾਨ ਵੀ ਇਸ ਭੇਡਚਾਲ ਵਿੱਚ ਸ਼ਾਮਲ ਹਨ। ਉਨ੍ਹਾਂ ਦਾ ਦਿਮਾਗ ਕਿਸੇ ਨਾ ਕਿਸੇ ਅਖੌਤੀ-ਗੁਰੂ, ਧਾਰਮਕ-ਸਥਾਨ ਜਾਂ ਧਰਮ-ਪੁਸਤਕ ਦੇ ਗਹਿਣੇ ਪਿਆ ਹੈ। ਇਨ੍ਹਾਂ ਲੋਕਾਂ ਦੀ ਸੋਚ ਇੱਕ ਥਾਂ ਤੇ ਜਾ ਕੇ ਖੜ੍ਹ ਗਈ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਜੋ ਗਿਆਨ ਇਨ੍ਹਾਂ ਅਖੌਤੀ ਗੁਰੂ ਜਾਂ ਧਰਮ-ਗ੍ਰੰਥ ਵਿਚ ਪੁਰਾਣੇ ਸਮੇਂ ਤੋਂ ਹੀ ਕੈਦ ਹੈ, ਉਹੀ ਅੰਤਿਮ ਸੱਚ ਹੈ ਅਤੇ ਪੂਰਨ ਹੈ। ਜਦੋਂ ਕਿ ਹਰ ਬੁੱਧੀਮਾਨ ਆਦਮੀ ਜਾਣਦਾ ਹੈ ਕਿ ਗਿਆਨ ਦੀ ਕੋਈ ਸੀਮਾ ਨਹੀਂ ਹੁੰਦੀ। ਮਨੁੱਖ ਦਾ ਗਿਆਨ ਆਪਣੇ ਬਜ਼ੁਰਗਾਂ ਦੇ ਮੁਕਾਬਲੇ ਕਈ ਗੁਣਾਂ ਵਧਿਆ ਹੈ। ਗਿਆਨ ਪੀੜ੍ਹੀ ਦਰ ਪੀੜ੍ਹੀ ਨਿਰੰਤਰ ਵਿਕਾਸ ਕਰਦਾ ਹੈ। ਜਿਹੜੇ ਲੋਕ, ਆਪਣੀ ਬੁੱਧੀ ਨੂੰ ਕਿਸੇ ਅਖੌਤੀ ਗੁਰੂ, ਧਰਮ-ਗ੍ਰੰਥ ਜਾਂ ਧਰਮ-ਸਥਾਨ ਦੇ ਗਹਿਣੇ ਧਰ ਦਿੰਦੇ ਹਨ, ਉਹ ਸਾਰੀ ਉਮਰ ਭਟਕਦੇ ਹੀ ਰਹਿੰਦੇ ਹਨ। ਇਹੀ ਲੋਕ ਜੀਵਨ ਦੀਆਂ ਛੋਟੀਆਂ ਛੋਟੀਆਂ ਸੱਮਸਿਆਵਾਂ ਲਈ ਵੀ ਮੱਥੇ ਟੇਕਦੇ, ਅਰਦਾਸਾਂ ਕਰਦੇ, ਪੂਜਾ-ਪਾਠ ਕਰਾਉਂਦੇ, ਨੱਕ-ਮੱਥੇ-ਗੋਡੇ ਰਗੜਦੇ ਦੇਖੇ ਜਾ ਸਕਦੇ ਹਨ। ਆਤਮ ਵਿਸਵਾਸ਼ ਇਨ੍ਹਾਂ ਦੇ ਅੰਦਰ ਬਿਲਕੁੱਲ ਵੀ ਨਹੀਂ ਹੁੰਦਾ। ਜਿਹੜਾ ਕੰਮ ਮਿਹਨਤ ਕਰਨ ਦੇ ਬਾਅਦ ਸਫਲ ਹੋਣਾ ਹੀ ਹੁੰਦਾ ਹੈ, ਇਹ ਉਸ ਲਈ ਵੀ ਸੁੱਖਾਂ ਸੁੱਖਦੇ ਤੇ ਪ੍ਰਸਾਦ ਵੰਡਦੇ ਫਿਰਦੇ ਹਨ। ਆਪਣੇ ਬੱਚਿਆਂ ਦੇ ਪੜ੍ਹਾਈ ਵਿਚੋਂ ਸਫਲ ਹੋਣ, ਉਨ੍ਹਾਂ ਦੇ ਰੁਜ਼ਗਾਰ ਉੱਤੇ ਲੱਗਣ, ਮੰਗਣਾ-ਵਿਆਹ ਹੋਣ ਤੇ ਫਿਰ ਉਨ੍ਹਾਂ ਦੇ ਵੀ ਅੱਗੋਂ ਲੜਕਾ ਹੋਣ ਦੀਆਂ ਸੁੱਖਾਂ ਸੁੱਖਦੇ ਕਰੋੜਾਂ ਲੋਕ ਹਰ ਰੋਜ਼ ਡੇਰਿਆਂ, ਪੀਰਾਂ ਦੀਆਂ ਕਬਰਾਂ ਜਾਂ ਆਪਣੇ ਆਪਣੇ ਧਰਮ-ਸਥਾਨਾਂ ਤੇ ਅਕਸਰ ਦੇਖੇ ਜਾ ਸਕਦੇ ਹਨ, ਇਹ ਕੰਮ ਅੱਗੋਂ ਜਾਂ ਪਿੱਛੋਂ ਹੋਣੇ ਹੀ ਹੁੰਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਦੇਸ਼ ਦਾ ਪ੍ਰਬੰਧਕੀ ਢਾਂਚਾ ਕੇਵਲ ਕੁੱਝ ਲੋਕਾਂ ਨੂੰ ਸੁੱਖ-ਸਹੂਲਤਾਂ ਦੇਣ ਵਾਲਾ ਹੈ। ਦੇਸ਼ ਦੀ ਬਹੁਗਿਣਤੀ ਨੂੰ ਇਹ ਭੁੱਖਾ ਮਾਰਦਾ ਹੈ, ਦੁੱਖਾਂ ਵਿਚ ਰਖਦਾ ਹੈ। ਪਰ ਰੱਬ ਨੂੰ ਰਾਜ਼ਕ, ਮਾਲਕ, ਦਿਆਲੂ, ਕ੍ਰਿਪਾਲੂ ਮੰਨਣ ਵਾਲੇ ਲੋਕਾਂ ਵਿਚੋਂ ਆਖਰ ਕਿੰਨੇ ਕੁ ਹਨ ਜੋ ਦੇਸ਼ ਦੀ ਮੌਜੂਦਾ ਵਿਵਸਥਾ ਨੂੰ ਸਮਝਣ ਜੋਗੇ ਹਨ? ਬਹੁਤ ਹੀ ਥੋੜੇ। ਬਾਕੀ ਸਭ ਤਾਂ ਆਪਣੇ ਦੁੱਖ ਦਾ ਕਾਰਨ ਪਿਛਲੇ ਜਨਮ ਦੇ ਕੀਤੇ ਮਾੜੇ ਕਰਮਾ ਦਾ ਫਲ ਸਮਝਦੇ ਹੋਏ, ਹੁਣ ਅਗਲਾ ਜਨਮ ਸੰਵਾਰਨ ਲਈ ਡੇਰਿਆਂ ਜਾਂ ਹੋਰ ਧਰਮ ਸਥਾਨਾਂ ਉੱਤੇ ਦਿਨ ਰਾਤ ਭਟਕ ਰਹੇ ਹਨ। ਆਖਰ ਅਖੌਤੀ ਗੁਰੂਆਂ ਜਾਂ ਧਰਮ ਦੇ ਠੇਕੇਦਾਰਾਂ ਨੇ ਇਨ੍ਹਾਂ ਨੂੰ ਪਾਠ ਵੀ ਤਾਂ ਇਹੀ ਪੜ੍ਹਾਇਆ ਹੈ ਕਿ ਸੰਸਾਰ ਦੁੱਖਾਂ ਦਾ ਘਰ ਹੈ, ਪਰਮ ਸੁੱਖ ਤਾਂ ਮਰਨ ਤੋਂ ਬਾਅਦ ਅੱਗੇ ਹੀ ਮਿਲਣਾ ਹੈ। ਇਹੀ ਕਾਰਨ ਹੈ ਕਿ ਮੌਤ ਤੋਂ ਬਾਅਦ ਦੀ ਅਗਲੀ ਜਿੰਦਗੀ ਸੰਵਾਰਨ ਲਈ ਇਹ ਭਟਕ ਰਹੇ ਹਨ ਪਰ ਸਾਂਤੀ ਕਿਤੋਂ ਨਹੀਂ ਮਿਲਦੀ।

ਦੂਜੇ ਪਾਸੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਡੇਰਿਆਂ ਜਾਂ ਧਾਰਮਕ ਥਾਵਾਂ ਤੇ ਕੇਵਲ ਗਰੀਬ ਲੋਕ ਹੀ ਨਹੀਂ ਭਟਕਦੇ, ਸਗੋਂ ਮੱਧ-ਸ਼੍ਰੇਣੀ ਅਤੇ ਉੱਚ-ਵਰਗ ਦੇ ਲੋਕ ਵੀ ਭਟਕਦੇ ਦੇਖੇ ਜਾ ਸਕਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਚਲੋਂ ਗਰੀਬ ਲੋਕ ਤਾਂ ਆਪਣੀਆਂ ਆਰਥਕ ਤੰਗੀਆਂ ਦੇ ਮਾਰੇ ਉਨ੍ਹਾਂ ਦਾ ਗ਼ੈਰਵਿਗਿਆਨਕ ਹੱਲ ਲੱਭਣ ਲਈ ਭਟਕਦੇ ਫਿਰਦੇ ਹਨ, ਫਿਰ ਭਲਾ ਅਮੀਰਾਂ ਦੀ ਕੀ ਸੱਮਸਿਆ ਹੋ ਸਕਦੀ ਹੈ? ਉਨ੍ਹਾਂ ਕੋਲ ਤਾਂ ਕਿਸੇ ਚੀਜ ਦੀ ਕਮੀ ਨਹੀਂ ਹੈ। ਉਹ ਕਿਉਂ ਭਟਕਦੇ ਫਿਰਦੇ ਹਨ।

ਹਾਂ ਇਹ ਗੱਲ ਜ਼ਰੂਰ ਹੀ ਵਿਚਾਰਨਯੋਗ ਹੈ। ਇਨ੍ਹਾਂ ਸਾਧਨ-ਸੰਪੰਨ ਲੋਕਾਂ ਵਿਚੋਂ ਡੇਰਿਆਂ ਜਾਂ ਧਾਰਮਕ ਥਾਵਾਂ ਤੇ ਭਟਕਣ ਵਾਲੇ ਲੋਕ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਤਾਂ ਉਹ ਜੋ ਆਪਣਾ ਨਾਮ ਜਾਂ ਸ਼ੋਹਰਤ ਹਾਸਲ ਕਰਨ ਲਈ ਦਿਲ ਖੋਲ੍ਹਕੇ ਦਾਨ ਕਰਦੇ ਹਨ ਅਤੇ ਆਪਣੇ ਆਪ ਨੂੰ ਦਾਨੀ ਅਤੇ ਧਰਮ ਦੇ ਪੋਸ਼ਕ ਤੇ ਹਿਤੈਸ਼ੀ ਮੰਨਦੇ ਹਨ। ਦੂਜੇ ਉਹ ਜੋ ਸਚਮੁੱਚ ਹੀ ਕਿਸੇ ਨਾ ਕਿਸੇ ਮਨੋਵਿਗਿਆਨਕ, ਸਰੀਰਕ ਜਾਂ ਸਮਾਜਿਕ ਸੱਮਸਿਆ ਵਿਚ ਘਿਰੇ ਹੁੰਦੇ ਹਨ। ਇਨ੍ਹਾਂ ਲੋਕਾਂ ਦੀ ਮਾਨਸਿਕ ਸੋਚ ਇਹ ਹੁੰਦੀ ਹੈ ਕਿ ਡੇਰਿਆਂ ਜਾਂ ਹੋਰ ਧਾਰਮਕ ਥਾਵਾਂ ਉੱਤੇ ਜਾਂਦੇ ਰਹਿਣ ਨਾਲ ਸੁੱਖ-ਸਾਂਤੀ ਮਿਲਦੀ ਹੈ ਅਤੇ ਵਿਅਕਤੀ ਦੁੱਖ-ਸੁੱਖ ਨੂੰ ਸਹਿਣ ਦੇ ਯੋਗ ਹੋ ਜਾਂਦਾ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਰੱਬ ਦਾ ਨਾਮ ਜਪਣ ਜਾਂ ਇਨ੍ਹਾਂ ਧਾਰਮਕ-ਥਾਵਾਂ ਉੱਤੇ ਲਗਾਤਾਰ ਸਿਰ ਨਿਵਾਉਣ ਨਾਲ, ਮਨ ਮਾੜੇ ਕੰਮਾਂ ਤੋਂ ਬਚਿਆ ਰਹਿੰਦਾ ਹੈ। ਜਦੋਂ ਕਿ ਅਸੀਂ ਅਖਬਾਰਾਂ ਵਿਚ ਆਮ ਪੜ੍ਹਦੇ ਹਾਂ ਕਿ ਫਲਾਂ ਡੇਰੇ ਵਿੱਚ ਜਾਂ ਧਰਮ-ਸਥਾਨ ਦਾ ਪੁਜਾਰੀ ਚੋਰੀ, ਠੱਗੀ, ਕਤਲ ਜਾਂ ਬਲਾਤਕਾਰ ਦੇ ਕੇਸ ਵਿਚ ਫਸ ਗਿਆ। ਹੁਣ ਤਾਂ ਇਨ੍ਹਾਂ ਡੇਰੇਦਾਰਾਂ ਤੇ ਧਰਮ ਦੇ ਪੁਜਾਰੀਆਂ ਦੇ ਚਿਹਰੇ ਭਲੀਭਾਂਤ ਨੰਗੇ ਹੋ ਰਹੇ ਹਨ। ਪਰ ਫਿਰ ਵੀ ਅੰਨ੍ਹੇ ਤੇ ਲਾਈ-ਲੱਗ ਸ਼ਰਧਾਲੂ ਇਨ੍ਹਾਂ ਦੀਆਂ ਲੂੰਬੜ-ਚਾਲਾਂ ਵਿੱਚੋਂ ਨਹੀਂ ਨਿੱਕਲ ਰਹੇ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਥਾਵਾਂ ਉੱਤੇ ਭਟਕਣ ਵਾਲੇ ਸਾਰੇ ਹੀ ਲੋਕ ਦਿਸ਼ਾਹੀਣ ਹਨ। ਉਹ ਆਪਣੀ ਜਿੰਦਗੀ ਦੇ ਅਸਲੀ ਸਫਰ ਤੋਂ ਭਟਕ ਗਏ ਹਨ। ਧਰਮਾਂ ਦੇ ਲਗਾਤਾਰ ਗ਼ੈਰਵਿਗਿਆਨਕ ਪ੍ਰਚਾਰ ਨੇ ਇਨ੍ਹਾਂ ਲੋਕਾਂ ਦੇ ਚਰਿਤਰ ਵਿਚ ਦੋਗਲਾਪਣ ਲੈ ਆਂਦਾ ਹੈ। ਇਹ ਅਗਲੇ ਜੀਵਨ ਨੂੰ ਸੁਖਮਈ ਬਣਾਉਣ ਦੇ ਜਤਨ ਤਾਂ ਕਰਦੇ ਹੀ ਹਨ ਪਰ ਇਸ ਜੀਵਨ ਨੂੰ ਵੀ ਠਾਠ ਨਾਲ ਜਿਉਂਣਾ ਚਾਹੁੰਦੇ ਹਨ। ਭਾਵੇਂ ਉਨ੍ਹਾਂ ਨੂੰ ਅਗਲੇ ਜੀਵਨ ਦੀ ਤਸੱਲੀ ਹੈ ਪਰ ਇਹ ਜੀਵਨ ਵੀ ਝੂਠਾ ਜਾਂ ਨਕਲੀ ਨਹੀਂ ਲਗਦਾ। ਮਾਇਆ ਨੂੰ ਨਾਗਣੀ ਸਮਝਣ ਵਾਲੇ ਇਹ ਲੋਕ ਇਸ ਜੀਵਨ ਦੀਆਂ ਵੱਧ ਤੋਂ ਵੱਧ ਸਹੂਲਤਾਂ ਲੈਣ ਲਈ ਹਰ ਤਰ੍ਹਾਂ ਦਾ ਝੂਠ ਬੋਲਕੇ, ਚੋਰੀਆਂ ਠੱਗੀਆਂ ਮਾਰਕੇ ਤੇ ਅਨੈਤਿਕ ਕੰਮ ਕਰਕੇ ਮਾਇਆ ਇਕੱਠੀ ਕਰਦੇ ਹਨ ਤੇ ਠੱਗੀ ਦੀ ਮਾਇਆ ਦਾ ਕੁੱਝ ਹਿਸਾ ਦਾਨ ਵੀ ਕਰ ਦਿੰਦੇ ਹਨ। ਅਸਲ ਵਿਚ ਇਹ ਆਪਣੇ ਇਨ੍ਹਾਂ ਹੀ ਪਾਪਾਂ ਦਾ ਪ੍ਰਾਸ਼ਚਿਤ ਕਰਦੇ ਫਿਰਦੇ ਹਨ।

ਅਸੀਂ ਆਪਣੇ ਨਿੱਜੀ ਜੀਵਨ ਵਿਚ ਅਜਿਹੇ ਅਨੇਕਾਂ ਵਿਅਕਤੀਆਂ ਨੂੰ ਦੇਖ ਸਕਦੇ ਹਾਂ ਜਿਹੜੇ ਦੋਹੀਂ ਹੱਥੀ ਰਿਸ਼ਵਤ ਲੈਂਦੇ ਹਨ ਪਰ ਇਹੀ ਵਿਅਕਤੀ ਧਾਰਮਕ ਸਥਾਨਾਂ ਜਾਂ ਡੇਰਿਆਂ ਵਿਚ ਧਰਮ ਦੇ ਨਾਮ ਤੇ ਖੁੱਲ੍ਹਾ ਦਾਨ ਕਰਦੇ ਹਨ। ਧਰਮ ਦੇ ਠੇਕੇਦਾਰ ਵੀ ਇਨ੍ਹਾਂ ਲੋਕਾਂ ਦੀ ਰੱਜਕੇ ਵਡਿਆਈ ਕਰਦੇ ਹਨ। ਇਸ ਤਰ੍ਹਾਂ ਦੋਗਲਾ-ਚਰਿਤਰ ਰੱਖਣ ਵਾਲੇ ਇਹ ਲੋਕ ਆਪਣੇ ਜੀਵਨ ਨੂੰ ਅਸਲੀ ਅਰਥਾਂ ਵਿਚ ਨੈਤਿਕ ਬਣਾਉਣ ਦੀ ਥਾਂ ਧਾਰਮਕ ਹੋਣ ਦਾ ਦਿਖਾਵਾ ਵੱਧ ਕਰਨਾ ਚਾਹੁੰਦੇ ਹਨ। ਪੀੜ੍ਹੀ-ਦਰ-ਪੀੜ੍ਹੀ ਅਜਿਹੇ ਸੰਸਕਾਰ ਇਹ ਆਪਣੀ ਔਲਾਦ ਨੂੰ ਵੀ ਦੇ ਦਿੰਦੇ ਹਨ। ਸੋ ਇਹਨਾਂ ਲੋਕਾਂ ਦੀ ਭਟਕਣ ਕਦੇ ਸਾਂਤ ਨਹੀਂ ਹੁੰਦੀ। ਦਾਦੇ ਤੋਂ ਪੋਤੇ ਤੱਕ, ਨਾਨੇ ਤੋਂ ਦੋਹਤੇ ਤੱਕ ਪਿਛਲੱਗੂਆਂ ਦੀ ਭੀੜ ਦਿਨੋਂ ਦਿਨ ਵਧਦੀ ਜਾ ਰਹੀ ਹੈ ਕਿਉਂਕਿ ਇਸ ਉੱਤੇ ਧਰਮ ਦੀ ਮੋਹਰ ਲੱਗੀ ਹੋਈ ਹੈ। ਧਰਮ ਦੀਆਂ ਮੁਨਾਫ਼ੇ ਵਾਲੀਆਂ ਦੁਕਾਨਾਂ ਇਹਨਾਂ ਲੋਕਾਂ ਦੇ ਸਹਾਰੇ ਹੀ ਚਲਦੀਆਂ ਹਨ। ਸੋ ਉਹ ਇਸ ਭੀੜ ਨੂੰ ਵੱਧ ਤੋ ਵੱਧ ਡੇਰਿਆਂ ਜਾਂ ਧਾਰਮਿਕ-ਥਾਵਾਂ ਉੱਤੇ ਆਉਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ। ਸਿਰਫ ਤਰਕਸ਼ੀਲ-ਵਿਚਾਰ ਹੀ ਇਸ ਭਟਕਣ ਨੂੰ ਸ਼ਾਂਤ ਕਰ ਸਕਦੇ ਹਨ।


## ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਧਰਮ ਦੀ ਨਿਰਦਈ ਪਰੰਪਰਾ ਇਸਤਰੀਆਂ ਦੀ ਸੁੰਨਤ



## ਉਗਰਸੇਨ

ਧਰਮ ਦੀ ਘਟੀਆ ਬਹੁਤ ਪੁਰਾਣੀ ਵਿਚਾਰਧਾਰਾ, ਫਤਵਿਆਂ (ਧਰਮ ਅਚਾਰੀਆਂ ਰਾਹੀਂ ਕਿਸੇ ਮਸਲੇ ਬਾਰੇ ਦਿੱਤੇ ਗਏ ਨਿਰਣੇ) ਅਤੇ ਪੁਰਾਣੀ ਪਰੰਪਰਾ ਦੇ ਨਾਂ ਉੱਤੇ ਸੰਸਾਰ ਦੇ ਕਈ ਦੇਸ਼ਾਂ ਵਿੱਚ ਇਸਤਰੀਆਂ ਨੂੰ ਸੁੰਨਤ ਦਾ ਦਰਦਨਾਕ ਜ਼ਖਮ ਕਿਉਂ ਅਤੇ ਕਿਵੇਂ ਦਿੱਤਾ ਜਾਂਦਾ ਤੇ ਜਾਣਕੇ ਤੁਹਾਡੇ ਰੋਂਗਟੇ ਖੜ੍ਹੇ ਹੋ ਜਾਣਗੇ।

ਅੱਜ ਸਮੁੱਚੇ ਸੰਸਾਰ ਵਿੱਚ ਜਿੱਥੇ ਇਸਤਰੀਆਂ ਦੇ ਅਧਿਕਾਰਾਂ ਦੀ ਚਰਚਾ ਹੈ ਅਤੇ ਭਾਰਤ ਵਿੱਚ ਵੀ ਪਿੰਡਾਂ ਤੋਂ ਲੈ ਕੇ ਸੰਸਦ ਤੱਕ ਇਸਤਰੀ ਦੇ ਅਧਿਕਾਰਾਂ ਦੀਆਂ ਗੱਲਾਂ ਹੋ ਰਹੀਆਂ ਹਨ ਉਥੇ ਹੀ ਕੁੱਝ ਘਰਾਂ ਵਿੱਚ ਇਸਤਰੀਆਂ ਦੀ ਹਾਲਤ ਤਰਸਯੋਗ ਹੈ। ਉਹ ਸ਼ੋਸ਼ਣ ਅਤੇ ਅੱਤਿਆਚਾਰ ਦੇ ਦੌਰ ਵਿੱਚੋਂ ਲੰਘ ਰਹੀਆਂ ਹਨ। ਧਰਮ ਦੀ ਓਟ ਵਿੱਚ ਉਨ੍ਹਾਂ ਉੱਤੇ ਦਬਾਉ ਵੱਧਦਾ ਹੀ ਜਾ ਰਿਹਾ ਹੈ।

ਅਜਿਹਾ ਨਹੀਂ ਹੈ ਕਿ ਦਾਬੇ ਦਾ ਸ਼ਿਕਾਰ ਸਿਰਫ਼ ਹਿੰਦੂ ਇਸਤਰੀਆਂ ਹਨ, ਈਸਾਈ ਅਤੇ ਇਸਲਾਮ ਧਰਮਾਂ ਵਿੱਚ ਵੀ ਇਸਤਰੀਆਂ ਉੱਤੇ ਕਈ ਪ੍ਰਕਾਰ ਦੇ ਧਾਰਮਿਕ ਅੱਤਿਆਚਾਰ ਹੁੰਦੇ ਹਨ ਜਿਹਨਾਂ ਵਿੱਚ ਖਤਨਾ ਵੀ ਇੱਕ ਹੈ। ਤੁਸੀਂ ਕਲਪਨਾ ਕਰ ਸਕਦੇ ਹੋ ਕਿ ਧਾਰਮਕ ਆਧਾਰ ਉੱਤੇ ਇੱਕ ਨਾਸਮਝ ਬੱਚੀ ਦੇ ਸ਼ਰੀਰ ਤੋਂ ਕੋਈ ਨਾਜ਼ੁਕ ਅੰਗ ਵੱਢ ਕੇ ਅੱਡ ਕੀਤਾ ਜਾਵੇ ਤਾਂ ਉਸਨੂੰ ਕਿਸ ਹੱਦ ਤੱਕ ਦਰਦ ਹੋਵੇਗਾ ਪਰ ਧਰਮ ਦੇ ਠੇਕੇਦਾਰ ਕਹਿੰਦੇ ਹਨ ਕਿ ਧਰਮ ਵਿੱਚ ਅਜਿਹਾ ਹੈ, ਇਸ ਲਈ ਕਰੋ।

ਦਰਅਸਲ, ਇੰਡੋਨੇਸ਼ੀਆ ਵਿੱਚ ਹੁਣ ਵੀ ਮੁਸਲਮ ਧਰਮ ਨੂੰ ਮੰਨਣ ਵਾਲਿਆਂ ਵਿੱਚ ਸਦੀਆਂ ਪੁਰਾਣੀ ਬੱਚੀਆਂ ਦਾ ਵੀ ਖ਼ਤਨਾ ਕਰਨ ਦੀ ਪਰੰਪਰਾ ਰਸਮ ਸੀ ਜਿਸ ਵਿੱਚ ਮਾਸੂਮ ਲੜਕੀਆਂ ਦੇ ਭਗਨਾਸਾ (ਇਸਤਰੀਆਂ ਦਾ ਗੁੱਝਾ ਅੰਗ) ਨੂੰ ਕੱਟਿਆ ਜਾਂਦਾ ਸੀ ਪਰੰਤੂ ਉਥੇ ਦੀ ਸਰਕਾਰ ਨੇ ਇਸ ਪੁਰਾਣੀ ਧਾਰਮਕ ਪ੍ਰਥਾ ਦੇ ਵਿਰੁੱਧ ਸ਼ਖਤ ਕਦਮ ਚੁੱਕ ਕੇ ਪ੍ਰਸ਼ੰਸ਼ਾਯੋਗ ਕੰਮ ਕੀਤਾ ਹੈ।

ਮੁਸਲਿਮ ਕੱਟੜਪੰਥੀਆਂ ਦਾ ਮੰਨਣਾ ਹੈ ਕਿ ਭਗਨਾਸਾ ਕੱਟ ਦੇਣ ਨਾਲ ਬੱਚੀ ਦੇ ਵੱਡੇ ਹੋਣ ਉੱਤੇ ਉਸ ਵਿੱਚ ਸੈਕਸ ਇੱਛਾ ਘੱਟ ਹੋ ਜਾਂਦੀ ਹੈ ਅਤੇ ਉਹ ਆਪਣੀ ਹੱਦ ਵਿੱਚ ਰਹਿੰਦੀ ਹੈ। ਇਸ ਦੇ ਵਿਰੁੱਧ ਸੰਯੁਕਤ ਰਾਸ਼ਟਰ ਵੀ ਕਈ ਵਾਰ ਆਵਾਜ਼ ਉਠਾ ਚੁੱਕਾ ਹੈ। ਉਸ ਦਾ ਮੰਨਣਾ ਹੈ ਕਿ ਖਤਨੇ ਦੇ ਨਾਂ ਉੱਤੇ ਇਸਤਰੀਆਂ ਦੇ ਸੈਕਸ ਅੰਗ ਨੂੰ ਨੁਕਸਾਨ ਪਹੁੰਚਾਉਣਾ ਉਹਨਾਂ ਦੇ ਨਾਲ ਅਨਿਆ ਹੈ। ਪਰ ਮੁਸਲਿਮ ਕੱਟੜਪੰਥੀਆਂ ਦਾ ਮੰਨਣਾ ਹੈ ਕਿ ਇਹ ਧਾਰਮਕ ਪ੍ਰਕਿਰਿਆ (ਅਮਲ) ਹੈ।

ਕਈ ਦੇਸ਼ਾਂ ਵਿੱਚ ਹੈ ਪਰੰਪਰਾ :- ਅੱਜ ਵੀ ਦੁਨੀਆਂ ਦੇ ਕਈ ਦੇਸ਼ ਅਜਿਹੇ ਹਨ ਜਿੱਥੇ ਖ਼ਤਨੇ ਦੀ ਪਰੰਪਰਾ ਆਮ ਹੈ। ਤਿੰਨ ਲੱਖ ਤੋਂ ਵੱਧ ਲੜਕੀਆਂ ਹਰ ਸਾਲ ਖਤਨੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਵਿਸ਼ੇਸ਼ ਕਰਕੇ, ਅਫ਼ਰੀਕਾ ਅਤੇ ਮਿਡਲ ਈਸਟ ਦੇ ਦੇਸ਼ਾਂ ਵਿੱਚ ਖ਼ਤਨੇ ਦੀ ਪਰੰਪਰਾ ਬਿਲਕੁਲ ਆਮ ਹੈ।

ਇੱਕ ਸਰਵੇ ਦੇ ਅਨੁਸਾਰ ਦੱਖਣੀ ਅਫ਼ਰੀਕੀ ਦੇਸ਼ ਗੁਆਨਾ ਵਿੱਚ 98.6 ਫੀਸਦੀ ਇਸਤਰੀਆਂ ਇਸ ਪ੍ਰਕਿਰਿਆ ਵਿੱਚੋਂ ਲੰਘਦੀਆਂ ਹਨ। ਉਸੇ ਤਰ੍ਹਾਂ ਮਿਸਰ ਵਿੱਚ ਇਹ ਪਰੰਪਰਾ ਸ਼ਹਿਰੀ ਇਲਾਕਿਆਂ ਦੀ ਤੁਲਨਾ ਵਿੱਚ ਪੇਂਡੂ ਇਲਾਕਿਆਂ ਵਿੱਚ ਵੱਧ ਪ੍ਰਚੱਲਿਤ ਹੈ। ਮੁਸਲਿਮਾਂ ਅਤੇ ਈਸਾਈਆਂ, ਦੋਹਾਂ ਵਿੱਚ ਇਸਦਾ ਰਿਵਾਜ ਹੈ। ਦੱਖਣ ਅਫ਼ਰੀਕਾ ਦੇ ਦੇਸ਼ ਮਾਲੀ ਵਿੱਚ ਤਾਂ ਇਸਤਰੀਆਂ ਦਾ ਇੱਕ ਵੱਡਾ ਹਿੱਸਾ ਇਸ ਪਰੰਪਰਾ ਨੂੰ ਜਾਰੀ ਰੱਖਣ ਦਾ ਹਾਮੀ ਹੈ। ਹਿਮਾਇਤ ਕਰਨ ਵਾਲਿਆਂ ਵਿੱਚ 15 ਤੋਂ 49 ਸਾਲ ਦੀ ਉਮਰ ਤੱਕ ਤਿੰਨ ਚੌਥਾਈ ਇਸਤਰੀਆਂ ਹਨ।

ਜਿਬੂਤੀ ਵਿੱਚ ਇਸ ਕਾਰਨ ਮਾਤਾ ਮੌਤ ਦਰ ਅਤੇ ਬਾਲ ਮੌਤਦਰ ਬਹੁਤ ਵੱਧ ਹੈ। ਅੰਕੜੇ ਦੱਸਦੇ ਹਨ ਕਿ 14 ਤੋਂ 45 ਸਾਲ ਦੀ ਉਮਰ ਦੀਆਂ 93 ਫੀਸਦੀ ਇਸਤਰੀਆਂ ਇਸ ਪ੍ਰਕਿਰਿਆ ਤੋਂ ਲੰਘਦੀਆਂ ਹਨ। ਸੋਮਾਲੀਆ ਵਿੱਚ ਲਗਭਗ 80 ਤੋਂ 98 ਫੀਸਦੀ ਇਸਤਰੀਆਂ ਖਤਨੇ ਦਾ ਸਾਹਮਣਾ ਕਰਦੀਆਂ ਹਨ, ਉਥੇ ਜ਼ਿਆਦਾਤਰ 6 ਤੋਂ 8 ਸਾਲ ਦੀਆਂ ਬੱਚੀਆਂ ਨੂੰ ਇਸ ਅਮਲ ਵਿੱਚੋਂ ਗੁਜਰਨਾ ਪੈਂਦਾ ਹੈ। ਸੁਡਾਨ ਵਿੱਚ ਵੀ ਸ਼ਰਮ, ਮਾਣ ਇੱਜ਼ਤ ਅਤੇ ਵਿਆਹ ਦੀਆਂ ਧਾਰਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਈ ਵੱਡੀ ਗਿਣਤੀ ਵਿੱਚ ਖ਼ਤਨਾ ਕੀਤਾ ਜਾਂਦਾ ਹੈ। ਜੇਕਰ ਗੱਲ ਜਾਮਬੀਆ ਦੀ ਕਰੀਏ ਤਾਂ ਉਥੇ ਇਸ ਪ੍ਰਕਿਰਿਆ ਤੋਂ ਲੰਘਣ ਵਾਲੀਆਂ ਇਸਤਰੀਆਂ ਦਾ ਪ੍ਰਤੀਸ਼ਤ 60 ਤੋਂ 90 ਤੱਕ ਹੈ। ਇਸ ਤਰ੍ਹਾਂ ਬੁਰਕਿਨਾ ਵਿੱਚ ਇਸਨੂੰ ਕਾਨੂੰਨੀ ਤੌਰ ਉੱਤੇ ਮਾਨਤਾ ਮਿਲੀ ਹੋਈ ਹੈ। ਉਥੇ ਇਸਤਰੀਆਂ ਨੂੰ ਬਿਨਾ ਬੇਹੋਸ਼ (1) ਕੀਤੇ ਖ਼ਤਨੇ ਦੀ ਦਰਦਨਾਕ ਪ੍ਰਕਿਰਿਆ ਨੂੰ ਅੰਜਾਮ ਦਿੱਤਾ ਜਾਂਦਾ ਹੈ। ਚਾਡ ਵਿੱਚ ਅੰਕੜੇ ਦੱਸਦੇ ਹਨ ਕਿ ਉਥੇ ਘੱਟ ਤੋਂ ਘੱਟ 60 ਫੀਸਦੀ ਇਸਤਰੀਆਂ ਖਤਨੇ ਤੋਂ ਗੁਜਰਦੀਆਂ ਹਨ।

ਇਹ ਕੁਪ੍ਰਥਾ ਇਰਾਕੀ ਕੁਰਦਿਸਤਾਨ ਵਿੱਚ ਵੱਡੇ ਪੱਧਰ ਉੱਤੇ ਕਾਇਮ ਹੈ। ਉਥੇ 72 ਫੀਸਦੀ ਬੱਚੀਆਂ ਦਾ ਖ਼ਤਨਾ ਹੋ ਜਾਂਦਾ ਹੈ। ਡਬਲਿਊ ਐਚ ਓ (8) ਦੇ 2013 ਦੇ ਸਰਵੇ ਦੇ ਅਨੁਸਾਰ, ਖਤਨੇ ਦੇ ਦੌਰਾਨ ਮੌਤ ਦਾ ਡਰ 70 ਫੀਸਦੀ ਵੱਧ ਜਾਂਦਾ ਹੈ। ਇਸਦੇ ਇਲਾਵਾ ਅਫ਼ਰੀਕਾ ਵਿੱਚ ਹਰ ਸਾਲ 5 ਤੋਂ 7 ਹਜ਼ਾਰ ਬੱਚਿਆਂ ਦੀ ਜਣੇਪੇ ਦੇ ਦੌਰਾਨ ਮੌਤ ਦਾ ਕਾਰਨ ਮਾਂ ਦਾ ਖਤਨ ਹੁੰਦਾ ਹੈ।

ਮੁਸਲਿਮ ਸਮਾਜ ਵਿੱਚ ਖ਼ਤਨਾ :- ਭਾਵੇਂ ਹੀ ਕੁੱਝ ਮੁਸਲਿਮ ਬੁੱਧੀਜੀਵੀ ਇਸ ਤੋਂ ਨਾਂਹ ਕਰਨ, ਪਰੰਤੂ ਇਹ ਸੱਚ ਹੈ ਕਿ ਅੱਜ ਵੀ ਮੁਸਲਿਮ ਦੇਸ਼ਾਂ ਦੇ ਪਿਛੜੇ ਅਤੇ ਪੇਂਡੂ ਇਲਾਕਿਆਂ ਵਿੱਚ ਬਾਲੜੀਆਂ ਦਾ ਖ਼ਤਨਾ ਕੀਤਾ ਜਾਂਦਾ ਹੈ ਅਤੇ ਇਹ ਸੱਭ ਇਸਲਾਮ ਦੇ ਨਾਂ ਉੱਤੇ ਹੁੰਦਾ ਹੈ, ਕਿਧਰੇ ਦਬਵੇਂ ਰੂਪ ਵਿੱਚ ਤਾਂ ਕਿਧਰੇ ਸ਼ਰੇਆਮ।

ਮੁਸਲਿਮ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਲਗਭਗ 1450 ਸਾਲ ਪਹਿਲਾਂ ਕੁੱਝ ਮੁਸਲਿਮ ਦੇਸ਼ਾਂ ਦੇ ਕਬੀਲਿਆਂ ਵਿੱਚ ਹੀ ਲੜਕੀਆਂ ਦਾ ਖ਼ਤਨਾ ਹੁੰਦਾ ਸੀ ਪਰੰਤੂ ਹੌਲੀ ਹੌਲੀ ਇਸ ਉੱਤੇ ਰੋਕ ਲੱਗਦੀ ਗਈ।

ਨਾਂ ਨਾ ਛਾਪਣ ਦੀ ਸ਼ਰਤ ਉੱਤੇ ਦਿੱਲੀ ਵਿੱਚ ਆਪਣਾ ਕਲੀਨਿਕ ਚਲਾਉਣ ਵਾਲੇ ਇੱਕ ਡਾਕਟਰ ਦਾ ਕਹਿਣਾ ਹੈ ਕਿ ਸਿਰਫ ਆਦਮੀਆਂ ਦਾ ਖ਼ਤਨਾ (ਮਨੁੱਖ ਦੀ ਇੰਦਰੀ ਦਾ ਅਗਲੇਰਾ ਵਾਧੂ ਮਾਸ ਕੱਟ ਦਿੱਤਾ ਜਾਂਦਾ ਹੈ) ਹੁੰਦਾ ਹੈ, ਇਸਤਰੀਆਂ ਦਾ ਨਹੀਂ। ਇਸ ਦੇ ਪਿੱਛੇ ਤਰਕ ਇਹ ਹੈ ਕਿ ਇਸ ਨਾਲ ਕਈ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਧਰਮ ਨੂੰ ਆਧਾਰ ਬਣਾ ਕੇ ਮੁੱਲਾ-ਮੌਲਵੀਆਂ ਨੇ ਜਿਸ ਤਰ੍ਹਾਂ ਮੁਸਲਿਮ ਇਸਤਰੀਆਂ ਦਾ ਸ਼ੋਸ਼ਣ ਕੀਤਾ ਹੈ ਉਹ ਕਿਸੇ ਤੋਂ ਛੁਪਿਆ ਨਹੀਂ ਹੈ। ਕੱਟੜਪੰਥੀਆਂ ਦੀ ਘਟੀਆ ਪੁਰਾਣੀ ਸੋਚ ਦੇ ਕਾਰਨ ਹੀ ਮੁਸਲਿਮ ਸਮਾਜ ਵਿੱਚ ਅੱਜ ਵੀ ਇਸਤਰੀਆਂ ਦੀ ਦਸ਼ਾ ਬੇਹੱਦ ਖਰਾਬ ਹੈ।

**ਵਿਰੋਧ ਵਿੱਚ ਉੱਠੀ ਆਵਾਜ਼ :-** ਕੁੱਝ ਸਾਲ ਪਹਿਲਾਂ ਦੀ ਗੱਲ ਹੈ। ਇਮਰਾਨਾ ਨਾਂ ਦੀ ਇੱਕ ਇਸਤਰੀ ਦੇ ਨਾਲ ਉਸੀ ਦੇ ਪਿਤਾ ਸਮਾਨ ਸਹੁਰੇ ਨੇ ਬਲਾਤਕਾਰ ਕੀਤਾ, ਪਰੰਤੂ ਸਹੁਰੇ ਨੂੰ ਸਜ਼ਾ ਦੇਣਾ ਤਾਂ ਦੂਰ ਦੀ ਗੱਲ ਹੈ, ਕਾਜੀ ਨੇ ਉਸ ਦੇ ਖਿਲਾਫ਼ ਫਤਵਾ ਦੇਂਦੇ ਹੋਏ ਇਹ ਕਿਹਾ ਸੀ ਕਿ ਇਮਰਾਨਾ ਹੁਣ ਆਪਣੇ ਪਤੀ ਨੂਰ ਇਲਾਹੀ ਦੀ ਪਤਨੀ ਨਹੀਂ ਸਗੋਂ ਆਪਣੇ ਸਹੁਰੇ ਅਲੀ ਮੁਹੰਮਦ ਦੀ ਪਤਨੀ ਹੈ। ਇਸ ਲਈ ਹੁਣ ਉਹ ਆਪਣੇ ਪਤੀ ਦੀ ਪਤਨੀ ਨਹੀਂ ਸਗੋਂ ਉਸ ਦੀ ਮਾਂ ਦੇ ਰੂਪ ਵਿੱਚ ਰਹਿ ਸਕਦੀ ਹੈ।

ਬੇਸ਼ੱਕ ਇਮਰਾਨਾ ਦੇ ਸਹੁਰੇ ਅਲੀ ਮੁਹੰਮਦ ਨੂੰ ਅਦਾਲਤ ਨੇ ਸਜ਼ਾ ਦਿੱਤੀ ਪਰੰਤੂ ਧਰਮ ਦੀ ਦੁਹਾਈ ਦੇ ਕੇ ਮੁਸਲਿਮ ਸਮਾਜ ਵਿੱਚ ਜਿਸ ਤਰ੍ਹਾਂ ਇਸਤਰੀਆਂ ਨੂੰ ਆਦਮੀਆਂ ਦੇ ਹੱਥਾਂ ਦਾ ਖਿਡੌਣਾ ਸਮਝਿਆ ਜਾਂਦਾ ਹੈ ਉਹ ਵੀ ਕਿਸੇ ਤੋਂ ਛੁਪਿਆ ਨਹੀਂ ਹੈ। ਆਪਣੇ ਸਹੁਰੇ ਦੁਆਰਾ ਹੀ ਬਲਾਤਕਾਰ ਦੀ ਸ਼ਿਕਾਰ ਹੋਈ ਇਮਰਾਨਾ ਨੇ ਜਦ ਵੀ ਇਸਦੇ ਖਿਲਾਫ ਕਾਨੂੰਨ ਵੱਲ ਆਪਣੇ ਕਦਮ ਵਧਾਏ, ਹਰ ਵਾਰੀ ਕਠਮੁੱਲਿਆਂ (ਗਿਆਨ ਤੋਂ ਰਹਿਤ ਬਣਾਉਟੀ ਮੁੱਲੇ) ਨੇ ਉਸ ਦੇ ਪੈਰ ਪਿੱਛੇ ਨੂੰ ਖਿੱਚਣੇ ਚਾਹੇ। ਇਹ ਤਾਂ ਇਮਰਾਨਾ ਦੀ ਹਿੰਮਤ ਸੀ ਕਿ ਉਸ ਨੇ ਧਰਮ ਦੇ ਖੋਖਲੇ ਉਪਦੇਸ਼ਾਂ ਦੇ ਚੁੰਗਲ ਵਿੱਚ ਫਸ ਕੇ ਹੰਝੂ ਵਹਾਉਣ ਜਾਂ ਮੂੰਹ ਬੰਦ ਕਰਕੇ ਰਹਿਣ ਦੀ ਬਜਾਏ ਮੁੱਲਿਆਂ ਦੇ ਵਿਰੁੱਧ ਸੰਘਰਸ਼ ਕੀਤਾ ਅਤੇ ਆਪਣੇ ਹੱਕ ਦੀ ਲੜਾਈ ਲੜੀ। ਇਮਰਾਨਾ ਤਾਂ ਨਮੂਨਾ ਭਰ ਹੈ, ਪਤਾ ਨਹੀਂ ਅਜਿਹੀਆਂ ਕਈ ਇਮਰਾਨਾ ਹੋਣਗੀਆਂ ਜਿਹੜੀਆਂ ਦੁੱਖ ਭੋਗ ਰਹੀਆਂ ਹੋਣਗੀਆਂ।

ਹੁਣੇ ਹੀ ਪਾਕਿਸਤਾਨ ਦੀ ਸਿੱਖਿਆ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਸਮਾਜਿਕ ਵਰਕਰ ਮਲਾਲਾ ਯੂਸੁਫਜਈ ਨੇ ਵੀ ਇਸਤਰੀਆਂ ਦਾ ਖ਼ਤਨਾ ਕੀਤੇ ਜਾਣ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਮਲਾਲਾ ਨੇ ਬਿਰਟੇਨ ਵਿੱਚ ਹੋਣ ਵਾਲੀ 'ਮਹਿਲਾ ਜਨਨਾਂਗ ਵਿਕ੍ਰਿਤਿ' ਦੇ ਵਿਰੋਧ ਵਿੱਚ ਚੱਲ ਰਹੇ ਅੰਦੋਲਨ ਨੂੰ ਆਪਣੀ ਹਿਮਾਇਤ ਦਿੱਤੀ ਹੈ। ਯਾਦ ਰਹੇ ਕਿ ਫਿਲਹਾਲ ਬਰਮਿੰਘਮ ਵਿੱਚ ਵਸੀ ਮਲਾਲਾ ਲੜਕੀਆਂ ਦੇ ਅਧਿਕਾਰ ਦੇ ਮੁੱਦੇ ਉੱਤੇ ਇੰਗਲੈਂਡ ਦੇ ਸਕੂਲਾਂ ਵਿੱਚ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਆਪਣੀਆਂ ਮੁਟਿਆਰ ਸਾਥਣਾਂ ਦੀ ਇਸ ਮੁਹਿੰਮ ਨੂੰ ਹਿਮਾਇਤ ਦੇ ਰਹੀ ਹੈ। ਜੇਕਰ ਦੁਨੀਆਂ ਭਰ ਵਿੱਚ ਇਸੇ ਤਰ੍ਹਾਂ ਜਾਣੇ ਪਹਿਚਾਣੇ ਚਿਹਰੇ ਧਰਮ ਦੇ ਨਾਂ ਉਤੋਂ ਹੋ ਰਹੀ ਇਸ ਨਿਰਦਈ ਅਮਾਨਵੀ ਪਰੰਪਰਾ ਦਾ ਵਿਰੋਧ ਕਰਨ ਤਦੇ ਇਸ ਉੱਤੇ ਲਗਾਮ (ਰੋਕ) ਕਸੀ ਜਾ ਸਕਦੀ ਹੈ।

**ਫ਼ਤਵੇ ਅਤੇ ਫੁਰਮਾਨ :-** ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ ਕਿ ਪ੍ਰਸਿੱਧ ਮੌਲਵੀ ਪੈਸੇ ਲੈ ਕੇ ਫਤਵਾ ਜਾਰੀ ਕਰਦੇ ਹਨ। ਹੁਣ ਜਿੱਥੇ ਪੈਸੇ ਲੈ ਕੇ ਫ਼ਤਵੇ ਜਾਰੀ ਹੁੰਦੇ ਹਨ ਉਥੇ ਭਲਾ ਕੋਈ ਇਸਤਰੀ ਕਿਵੇਂ ਸੁਰੱਖਿਅਤ ਰਹਿ ਸਕਦੀ ਹੈ। ਸਪਸ਼ਟ ਹੈ, ਇਸ ਨਾਲ ਫ਼ਤਵਿਆਂ ਅਤੇ ਫਰਮਾਨਾਂ ਉੱਤੇ ਤਾਂ ਸਵਾਲੀਆ ਨਿਸ਼ਾਨ ਲੱਗ ਹੀ ਜਾਂਦਾ ਹੈ।

ਹਰੇਕ ਧਰਮ ਦੇ ਪੈਰੋਕਾਰ ਆਪਣੇ ਧਰਮ ਅਤੇ ਧਾਰਮਕ ਗੁਰੂਆਂ ਦੀਆਂ ਗੱਲਾਂ ਨੂੰ ਸਿਰਫ ਅਮਲ ਵਿੱਚ ਹੀ ਨਹੀਂ ਲਿਆਉਂਦੇ ਸਗੋਂ ਉਹਨਾਂ ਉਤੇ ਭਰੋਸਾ ਵੀ ਕਰਦੇ ਹਨ। ਜੇ ਅਸੀਂ ਹਿੰਦੂ ਸਮਾਜ ਦੀ ਗੱਲ ਕਰੀਏ ਤਾਂ ਉਥੇ ਵੀ ਇਸਤਰੀਆਂ ਧਰਮਕਰਮ ਦੇ ਨਾਂ ਉੱਤੇ ਛਲੀਆਂ ਜਾਂਦੀਆਂ ਹਨ। ਕਈ ਤਾਂ ਸਾਧੂ ਸੰਤਾਂ ਦੀ ਹਵਸ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ ਅਤੇ ਜਿਹੜੀਆਂ ਝਾਂਸੇ ਵਿੱਚ ਨਹੀਂ ਆਉਂਦੀਆਂ ਉਹਨਾਂ ਨੂੰ ਡਾਇਣ ਕਹਿ ਕੇ ਦੁਖੀ ਕੀਤਾ ਜਾਂਦਾ ਹੈ।

**ਧਰਮ ਦੀ ਓਟ ਵਿੱਚ :-** ਧਰਮਸ਼ਾਸਤਰਾਂ ਦੀ ਗੱਲ ਕਰੀਏ ਤਾਂ ਮਨੂੰਸਿਮਰਤੀ ਵਿੱਚ ਲਿਖਿਆ ਹੈ : ਜੇ ਇਸਤਰੀ, ਪੁੱਤਰ, ਨੌਕਰ, ਚੇਲਾ ਆਦਿ ਕੋਈ ਗਲਤੀ ਕਰੇ ਤਾਂ ਉਸਨੂੰ ਰੱਸੀ ਨਾਲ ਬੰਨ੍ਹ ਕੇ ਬਾਂਸ ਦੇ ਡੰਡੇ ਨਾਲ ਕੁੱਟਿਆ ਜਾਵੇ।

ਰਾਮ ਚਰਿਤ ਮਾਨਸ ਵਿੱਚ ਤੁਲਸੀਦਾਸ ਨੇ ਇਸਤਰੀ ਨੂੰ ਢੋਲ ਦੀ ਤਰ੍ਹਾਂ ਕੁੱਟੇ ਜਾਣ ਵਾਲੀ ਵਸਤੂ ਦੱਸਿਆ ਹੈ- 'ਢੋਲ ਗੰਵਾਰ ਸ਼ੂਦਰ ਪਸ਼ੂ ਨਾਰੀ, ਸਭ ਤਾੜਨਾ ਕੇ ਅਧਿਕਾਰੀ' ਯਾਨੀ ਇਸਤਰੀਆਂ ਦਾ ਦਰਜਾ ਇਹ ਹੈ ਕਿ ਜੇਕਰ ਉਨ੍ਹਾਂ ਨੂੰ ਕੰਟਰੋਲ ਵਿੱਚ ਰੱਖਣਾ ਹੈ ਤਾਂ ਉਹਨਾਂ ਦਾ ਦਮਨ (ਸਖ਼ਤੀਪੂਰਵਕ ਦਬਾ ਦੇਣਾ ਹੀ) ਕਰਨਾ ਹੀ ਇੱਕੋ ਇੱਕ ਰਸਤਾ ਹੈ।

ਹਿੰਦੂਆਂ ਦੇ ਪੌਰਾਣਿਕ ਧਰਮਗਰੰਥਾਂ ਵਿੱਚ ਵਾਰ ਵਾਰ ਸਤੀ ਹੋਣ ਦਾ ਜ਼ਿਕਰ ਮਿਲਦਾ ਹੈ, ਮੰਨ ਲਉ ਸਤੀ ਹੋਣ ਉੱਤੇ ਇਸਤਰੀਆਂ ਨੂੰ ਜਨਮਜਨਮਾਂਤਰ ਤੋਂ ਮੁੱਕਤੀ ਛੁਟਕਾਰਾ ਮਿਲ ਜਾਵੇਗਾ। ਉਥੇ ਹੀ, ਇਹ ਕਿਹਾ ਜਾਂਦਾ ਹੈ ਕਿ ਪਿਤਰਾਂ ਨੂੰ ਸਿਰਫ ਪੁੱਤਰ ਹੀ ਪਾਣੀ ਪਿਲਾ ਸਕਦਾ ਹੈ, ਪੁੱਤਰੀ ਨਹੀਂ ਜਦਕਿ ਹਿੰਦੂ ਸਮਾਜ ਵਿੱਚ ਅਜਿਹੇ ਨਾਲਾਇਕ, ਵਿਗੜੇ ਹੋਏ ਪੁੱਤਰਾਂ ਦੀ ਕੋਈ ਕਮੀ ਨਹੀਂ ਜਿਹੜੇ ਜਿਉਂਦੇ ਜੀ ਆਪਣੇ ਮਾਤਾ ਪਿਤਾ ਨੂੰ ਪਾਣੀ ਤੱਕ ਨਹੀਂ ਪਿਲਾਉਂਦੇ ਹਨ। ਪਾਕਿਸਤਾਨ ਵਿੱਚ ਇਸਤਰੀਆਂ ਦੀ ਹਾਲਤ ਬਹੁਤ ਭੈੜੀ ਹੈ। ਕਠਮੁੱਲਿਆਂ ਦੇ ਤੁਗਲਕੀ ਫਤਵਿਆਂ ਦੇ ਕਾਰਨ ਅੱਜ ਵੀ ਉਹਨਾਂ ਦਾ ਖੁੱਲ੍ਹੀ ਹਵਾ ਵਿੱਚ ਸਾਹ ਲੈਣਾ ਦੁੱਭਰ ਹੈ। ਅੰਕੜੇ ਦੱਸਦੇ ਹਨ ਕਿ ਪਾਕਿਸਤਾਨ ਵਿੱਚ ਹਜ਼ਾਰਾਂ ਇਸਤਰੀਆਂ ਜ਼ੇਲ੍ਹਾਂ ਵਿੱਚ ਬੰਦ ਸੁਣਵਾਈ ਦੀ ਉਡੀਕ ਕਰ ਰਹੀਆਂ ਹਨ। ਉਹਨਾਂ ਵਿੱਚ 88 ਫੀਸਦੀ ਇਸਤਰੀਆਂ ਹੁਦੂਦ ਕਾਨੂੰਨ ਦੇ ਤਹਿਤ ਅਪਰਾਧੀ ਹਨ ਤਾਂ ਇਵੇਂ ਹੀ 90 ਫੀਸਦੀ ਦੇ ਪਾਸ ਕੋਈ ਵਕੀਲ ਤੱਕ ਨਹੀਂ ਹੈ।

ਦਰਅਸਲ, 1979 ਵਿੱਚ ਜਿਆਉਲ ਹੱਕ ਦੇ ਫੌਜੀ ਸ਼ਾਸਨ ਦੇ ਦੌਰਾਨ ਹੁਦੂਦ ਕਾਨੂੰਨ ਲਾਗੂ ਕੀਤਾ ਗਿਆ ਸੀ ਜਿਸ ਵਿੱਚ ਕਿਸੇ ਇਸਤਰੀ ਦੇ ਪਤੀ ਦੇ ਇਲਾਵਾ ਦੂਸਰੇ ਕਿਸੇ ਸ਼ਾਦੀਸ਼ੁਦਾ ਜਾਂ ਕੁਆਰੇ ਆਦਮੀ ਨਾਲ ਵਿਭਚਾਰ ਨੂੰ ਅਪਰਾਧ ਐਲਾਨ ਕੀਤਾ ਗਿਆ ਸੀ। ਜੇਕਰ ਕੋਈ ਧੱਕੇ ਨਾਲ ਕਿਸੀ ਇਸਤਰੀ ਦਾ ਬਲਾਤਕਾਰ ਕਰਦਾ ਹੈ ਅਤੇ ਉਹ ਇਸਤਰੀ ਜੇਕਰ ਚਾਰ ਆਦਮੀਆਂ ਦੀ ਗਵਾਹੀ ਨਾ ਇਕੱਠੀ ਕਰ ਸਕੇ ਤਾਂ ਉਸਨੂੰ ਹੀ ਅਪਰਾਧੀ ਮੰਨਿਆ ਜਾਵੇਗਾ। ਅਜਿਹੀ ਹਾਲਤ ਵਿੱਚ ਉਸ ਦੀ ਸਜ਼ਾ ਇਹੀ ਹੈ ਕਿ ਉਸਨੂੰ ਤਦ ਤੱਕ ਪੱਥਰ ਮਾਰਿਆ ਜਾਵੇ ਜਦ ਤੱਕ ਕਿ ਉਸ ਦੀ ਮੌਤ ਨਾ ਹੋ ਜਾਵੇ।

**ਇਹ ਕਿਹੋ ਜਿਹੀ ਤਰੱਕੀ :-** ਇੱਕ ਪਾਸੇ ਇੱਥੇ ਕਠਮੁੱਲੇ ਇਸ ਕਾਨੂੰਨ ਨੂੰ ਰੱਦ ਕਰਨ ਨੂੰ ਕੁਰਆਨ ਦੀ ਮੁਖਾਲਫਤ ਮੰਨਦੇ ਹਨ ਉਥੇ ਦੂਜੇ ਪਾਸੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ ਮੁਸ਼ੱਰਫ ਨੇ ਅਮਰੀਕਾ ਵਿੱਚ 'ਵਾਸ਼ਿੰਗਟਨ ਪੋਸਟ' ਨੂੰ ਦਿੱਤੀ ਮੁਲਾਕਾਤ ਵਿੱਚ ਕਿਹਾ ਸੀ ਕਿ ਪਾਕਿਸਤਾਨ ਦੀਆਂ ਇਸਤਰੀਆਂ ਪੈਸਾ ਜਾ ਕਨੈਡੀਅਨ ਵੀਜਾ ਪ੍ਰਾਪਤ ਕਰਨ ਦੇ ਲਈ ਆਪਣਾ ਬਲਾਤਕਾਰ ਕਰਾ ਰਹੀਆਂ ਹਨ। ਸੱਚ ਤਾਂ ਇਹ ਹੈ ਕਿ ਇਸ ਤਰ੍ਹਾਂ ਦੇ ਕਾਨੂੰਨ ਧਰਮ ਦੇ ਨਾਂ ਉਤੇ ਅੱਤਿਆਚਾਰ ਦੇ ਸਿਵਾਏ ਹੋਰ ਕੁੱਝ ਵੀ ਨਹੀਂ ਹਨ। ਕੀ ਇਹੀ 21ਵੀਂ ਸਦੀ ਦੀ ਤਰੱਕੀ ਹੈ ਅਤੇ ਜੇ ਇਹੀ ਤਰੱਕੀ ਹੈ ਤਾਂ ਫਿਰ ਪੱਛੜਿਆਪਨ ਕਿਸ ਨੂੰ ਕਹਿੰਦੇ ਹਨ? ਇਸ ਦੇ ਨਾਲ ਲਾਹਨਤ ਇਹ ਵੀ ਹੈ ਕਿ ਦੁਨੀਆਂ ਭਰ ਵਿੱਚ ਧਰਮ ਦਾ ਕਹਿਰ ਇਸਤਰੀਆਂ ਸਹਿਣ ਕਰ ਰਹੀਆਂ ਹਨ, ਫੇਰ ਵੀ ਉਹ ਵੀ ਧਰਮ ਦੀ ਸਭ ਤੋਂ ਵੱਡੀ ਪੈਰੋਕਾਰ ਬਣੀਆਂ ਨਜ਼ਰ ਆਉਂਦੀਆਂ ਹਨ। ਇਸਤਰੀਆਂ ਨੂੰ ਧਰਮ ਅਤੇ ਧਰਮ ਦੇ ਵਿਚੋਲਿਆਂ ਦੀ ਪਰਵਾਹ ਛੱਡਣੀ ਹੋਵੇਗੀ, ਤਦੇ ਉਹ ਸਹੀ ਅਰਥਾਂ ਵਿੱਚ ਧਰਮ ਦੇ ਕਹਿਰ ਤੋਂ ਬਚ ਸਕਣਗੀਆਂ।

# ਮੈਡੀਕਲ ਸਾਇੰਸਜ਼



*** ਦਿਮਾਗੀ ਵਿਗਾੜਾਂ ਦੇ ਅਧਿਐਨ ਲਈ ਬਣੇਗਾ ਪਹਿਲਾ ਡਿਜੀਟਲ ਦਿਮਾਗ**

ਵਿਗਿਆਨੀ ਮਨੁੱਖੀ ਮਨੋਵਿਗਾੜਾਂ ਬਾਰੇ ਕਈ ਰਹੱਸ ਸੁਲਝਾਉਣ ਲਈ ਦੁਨੀਆਂ ਦਾ ਪਹਿਲਾ ਡਿਜੀਟਲ ਦਿਮਾਗ ਵਿਕਸਤ ਕਰਨ ਵਿੱਚ ਲੱਗੇ ਹੋਏ ਹਨ। ਇਹ ਦਸ ਸਾਲ ਦਾ ਪ੍ਰਾਜੈਕਟ ਜਿਸ ਤਹਿਤ ਦਿਮਾਗ ਦੇ ਸਾਰੇ 100 ਅਰਬ ਤੰਤੂਆਂ ਦੀ ਪੈਮਾਇਸ਼ ਕੀਤੀ ਜਾਵੇਗੀ ਜਿਹੜੇ ਇਕਹਿਰੇ ਕੰਪਿਊਟਰ ਸਿਸਟਮ ’ਤੇ ਕਿਸੇ ਮਨੁੱਖੀ ਦਿਮਾਗ ਦੀਆਂ 100,000 ਝਿਲੀਆਂ ਰਾਹੀਂ ਜੁੜੇ ਹੁੰਦੇ ਹਨ। ਦੱਖਣੀ ਅਫ਼ਰੀਕਾ ਦੇ ਨਿਊਰੋ-ਵਿਗਿਆਨੀ ਡਾ. ਹੈਨਰੀ ਮਾਰਕਗਮ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਇਸ ਪ੍ਰਾਜੈਕਟ ਰਾਹੀਂ ਇਕੱਤਰ ਹੋਣ ਵਾਲੀ ਜਾਣਕਾਰੀ ਸਦਕਾ ਅਲਜ਼ਾਇਮਰ ਬਿਮਾਰੀ ਜਿਹੇ ਵਿਗਾੜਾਂ ਉੱਪਰ ਰੌਸ਼ਨੀ ਪਵੇਗੀ।

ਸੁਖਮੰਦਰ ਸਿੰਘ ਤੂਰ

ਡਾ. ਮਾਰਕਗਮ ਨੂੰ ਇਸ ਪ੍ਰਾਜੈਕਟ ਲਈ ਯੂਰਪੀ ਸੰਘ ਤੋਂ 12 ਅਰਬ ਦੱਖਣੀ ਅਫ਼ਰੀਕੀ ਰੈਂਡ (ਕਰੰਸੀ) ਦੀ ਗਰਾਂਟ ਮਿਲੀ ਹੈ ਅਤੇ ਇਸ ਲਈ ਲੌਧਾਨੇ (ਸਵਿੱਟਜ਼ਰਲੈਂਡ) ਵਿੱਚ ਸਵਿਸ ਫੈਡਰਲ ਇੰਸਟੀਚਿਊਟ ਫ਼ਾਰ ਟੈਕਨਾਲੋਜੀ ਵਿਚ ਸੁਪਰ ਕੰਪਿਊਟਰ ਸਥਾਪਤ ਕੀਤਾ ਜਾ ਰਿਹਾ ਹੈ।

*** ਅੱਲ੍ਹੜਾਂ ਲਈ ਈ-ਸਿਗਰਟਾਂ ਵੀ ਖ਼ਤਰਨਾਕ**

ਈ-ਸਿਗਰਟਾਂ ਨੂੰ ਭਾਵੇਂ ਅਸਲ ਸਿਗਰਟਾਂ ਦੇ ਸੁਰੱਖਿਅਤ ਬਦਲ ਵਜੋਂ ਵੱਡੇ ਪੱਧਰ ਉੱਪਰ ਪ੍ਰਚਾਰਿਆ ਜਾਂਦਾ ਹੈ, ਪਰ ਇਕ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਅੱਲ੍ਹੜ ਉਮਰ ਦੇ ਮੁੰਡੇ/ਕੁੜੀਆਂ ਲਈ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਤੋਂ ਉਨ੍ਹਾਂ ਨੂੰ ਵੱਧ ਸਿਗਰਟਨੋਸ਼ੀ ਦੀ ਆਦਤ ਪੈ ਸਕਦੀ ਹੈ।

ਅਜਿਹੇ ਅੱਲ੍ਹੜ ਜਿਨ੍ਹਾਂ ਵੱਲੋਂ ਮਹਿਜ਼ ਸਿਗਰਟ ਕੁਝ ਸਮਾਂ ਪੀ ਕੇ ਇਨ੍ਹਾਂ ਨੂੰ ਛੱਡ ਦੇਣ ਦੀ ਸੰਭਾਵਨਾ ਹੁੰਦੀ ਹੈ, ਉਨ੍ਹਾਂ ਵੱਲੋਂ ਉਲਟਾਂ ਈ-ਸਿਗਰਟਾਂ ਨਾਲ ਇਹ ਮਾੜੀ ਆਦਤ ਹਮੇਸ਼ਾ ਲਈ ਪਾ ਲਏ ਜਾਣ ਦਾ ਖਦਸ਼ਾ ਰਹਿੰਦਾ ਹੈ। ਇਹ ਅਧਿਐਨ ਕੈਲੀਫੋਰਨੀਆ ਯੂਨੀਵਰਸਿਟੀ ਸਾਨਫਰਾਂਸਿਸਕੋ ਦੇ ਖੋਜਕਾਰਾਂ ਨੇ ਕੀਤਾ ਹੈ। ਖੋਜਕਾਰ ਟੀਮ ਦੇ ਮੋਹਰੀ ਡਾ. ਸਟੈਂਟਨ ਏ. ਗਲੈਂਜ਼ ਨੇ ਦੱਸਿਆ ਹੈ ਕਿ ਇਸ ਨਾਲ ਅਸੀਂ ਨਿਕੋਟੀਨ ਦੀ ਨਵੀਂ ਮਹਾਂਮਾਰੀ ਦਾ ਖ਼ਤਰਾ ਦੇਖਦੇ ਹਾਂ ਅਤੇ ਬੱਚਿਆਂ ਨੂੰ ਇਹ ਨਿਕੋਟੀਨ ਈ-ਸਿਗਰਟਾਂ ਤੋਂ ਮਿਲ ਰਹੀ ਹੈ, ਜਿਸ ਦੇ ਉਹ ਆਦੀ ਬਣ ਰਹੇ ਹਨ। ਦੱਸਣਯੋਗ ਹੈ ਕਿ ਈ-ਸਿਗਰਟਾਂ ਬੈਟਰੀ ਰਾਹੀਂ ਚੱਲਣ ਵਾਲੇ ਯੰਤਰ ਹੁੰਦੇ ਹਨ ਅਤੇ ਇਹ ਪੀਣ ਵਾਲੇ ਨੂੰ ਧੂੰਏਂ ਰਾਹੀਂ ਨਿਕੋਟੀਨ ਅਤੇ ਦੂਸਰੇ ਰਸਾਇਣ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਦਾ ਸਿਗਰਟਾਂ ਦੇ ਸੁਰੱਖਿਅਤ ਬਦਲ ਵਜੋਂ ਪ੍ਰਚਾਰ ਕੀਤੇ ਜਾਣ ਕਾਰਨ ਇਹ ਨੌਜਵਾਨ ਪੁਰਸ਼ਾਂ ਵਿਚ ਕਾਫ਼ੀ ਮਕਬੂਲ ਹੋ ਰਹੀਆਂ ਹਨ।

*** ਛੇਤੀ ਥੱਕ ਜਾਂਦੇ ਹਨ ਸਿਗਰਟਨੋਸ਼ੀ ਵਾਲੇ**

ਸਿਗਰਟਨੋਸ਼ੀ ਕਰਨ ਨਾਲ ਜਿੱਥੇ ਸਿਹਤ ’ਤੇ ਮਾੜਾ ਅਸਰ ਪੈਂਦਾ ਹੈ, ਉੱਥੇ ਇਹ ਸਰੀਰਕ ਤੌਰ ’ਤੇ ਵਿਅਕਤੀ ਨੂੰ ਸੁਸਤ ਬਣਾ ਦਿੰਦੀ ਹੈ। ਇੱਕ ਨਵੀਂ ਖੋਜ ’ਚ ਦੱਸਿਆ ਗਿਆ ਕਿ ਸਿਗਰਟ ਪੀਣ ਵਾਲਿਆਂ ’ਚ ਉਤਸ਼ਾਹ ਦੀ ਕਮੀ ਵੀ ਹੋ ਜਾਂਦੀ ਹੈ। ਉਨ੍ਹਾਂ ’ਚ ਤਣਾਅ ਅਤੇ ਗੁੱਸੇ ਦੇ ਲੱਛਣ ਵੀ ਦੇਖੇ ਜਾ ਸਕਦੇ ਹਨ। ਸਰਵੇਖਣ ’ਚ ਕਿਹਾ ਗਿਆ ਹੈ ਕਿ ਫੇਫੜਿਆਂ ’ਤੇ ਬੁਰਾ ਅਸਰ ਪੈਣ ਦੇ ਨਾਲ-ਨਾਲ ਸਿਗਰਟ ਪੀਣ ਵਾਲੇ ਕਸਰਤ ਘੱਟ ਕਰਦੇ ਹਨ ਅਤੇ ਉਹ ਛੇਤੀ ਥੱਕ ਵੀ ਜਾਂਦੇ ਹਨ।

*** ਔਰਤਾਂ ਲਈ ਵੱਧ ਘਾਤਕ ਹੈ, ਹਾਈ ਬਲੱਡ ਪ੍ਰੈਸ਼ਰ**

ਸਿਹਤ ਵਿਗਿਆਨੀਆਂ ਨੇ ਆਪਣੀ ਇੱਕ ਤਾਜ਼ਾ ਤੇ ਨਿਵੇਕਲੀ ਖੋਜ ਵਿੱਚ ਖੁਲਾਸਾ ਕੀਤਾ ਹੈ ਕਿ ਹਾਈ ਬਲੱਡ ਪ੍ਰੈਸ਼ਰ ਪੁਰਸ਼ਾਂ ਨਾਲੋਂ ਔਰਤਾਂ ਲਈ ਵੱਧ ਘਾਤਕ ਹੁੰਦਾ ਹੈ। ਜਦੋਂ ਇਸ ਮਾਮਲੇ ਵਿੱਚ ਔਰਤਾਂ ਅਤੇ ਪੁਰਸ਼ਾਂ ’ਤੇ ਵੱਖਰੀ ਖੋਜ ਹੋਈ ਤਾਂ ਇਸ ਬਾਰੇ ਪਤਾ ਚੱਲਿਆ। ਥੇਕ ਫੌਰੈਸਟ ਬੈਪਿਸਟ ਮੈਡੀਕਲ ਸੈਂਟਰ ਦੇ ਵਿਗਿਆਨੀਆਂ ਦੇ ਮੁਤਾਬਕ ਡਾਕਟਰਾਂ ਨੂੰ ਔਰਤਾਂ ਦੇ ਹਾਈ ਬਲੱਡ ਪ੍ਰੈਸ਼ਰ ਦਾ ਇਲਾਜ ਪੁਰਸ਼ਾਂ ਦੇ ਮੁਕਾਬਲੇ ਪਹਿਲਾਂ ਤੇ ਤੇਜ਼ੀ ਨਾਲ ਕਰਨਾ ਚਾਹੀਦਾ ਹੈ। ਇਸ ਰੋਗ ਬਾਰੇ ਔਰਤਾਂ ਤੇ ਪੁਰਸ਼ਾਂ ਵਿੱਚ ਕੋਈ ਅੰਤਰ ਨਹੀਂ ਹੈ। ਇਸੇ ਕਾਰਨ ਇਲਾਜ ਦਾ ਢੰਗ ਵੀ ਇੱਕੋ ਜਿਹਾ ਹੈ।

*** ਦਿਲ ਦੀ ਔਖੀ ਜਾਂਚ ਤੋਂ ਬੱਚਿਆਂ ਨੂੰ ਕੈਂਸਰ ਦਾ ਖ਼ਤਰਾ**

ਦਿਲ ਦੀ ਔਖੀ ਜਾਂਚ ਨਾਲ ਬੱਚਿਆਂ ’ਚ ਕੈਂਸਰ ਦਾ ਖ਼ਤਰਾ ਵੱਧ ਸਕਦਾ ਹੈ। ਇੱਕ ਨਵੀਂ ਖੋਜ ’ਚ ਇਹ ਚਿਤਾਵਨੀ ਦਿੱਤੀ ਗਈ ਹੈ। ਇਹ ਪਹਿਲਾ ਅਧਿਐਨ ਹੈ, ਜਿਸ ਵਿੱਚ ਖੋਜਕਾਰਾਂ ਨੇ ਦਿਲ ਦੇ ਰੋਗ ਤੋਂ ਪੀੜਤ ਬੱਚਿਆਂ ਨੂੰ ਦਿੱਤੀ ਗਈ ਰੇਡੀਏਸ਼ਨ ਦੀ ਮਾਤਰਾ ਨੂੰ ਮਾਪਿਆ ਹੈ। ਲੀ ਬਾਨਾਹਿਊਰ ਚਿਲਡਰਨਸ

**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ ‘ਵਿਗਿਆਨ ਜੋਤ’ ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 ’ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



ਹਸਪਤਾਲ ਦੇ ਦਿਲ ਦੇ ਰੋਗ ਮਾਹਿਰ ਡਾ. ਜੈਸਨ ਇਸਦੇ ਸਹਿ ਲੇਖਕ ਹਨ ਖੋਜਕਾਰਾਂ ਨੇ ਰੇਡੀਏਸ਼ਨ ਦੇ ਪ੍ਰਭਾਵ ਨਾਲ ਬੱਚਿਆਂ 'ਚ ਕੈਂਸਰ ਦੇ ਸੰਭਾਵਿਤ ਖ਼ਤਰੇ ਬਾਰੇ ਵੀ ਦੱਸਿਆ ਹੈ। ਉਨ੍ਹਾਂ ਪਾਇਆ ਕਿ ਬੱਚਿਆਂ ਦਾ ਸੀ. ਟੀ. ਸਕੈਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਲਈ ਕੈਂਸਰ ਦਾ ਖ਼ਤਰਾ ਵੱਧ ਹੁੰਦਾ ਹੈ।

*** ਸਮਾਰਟਫੋਨ ਦੱਸੇਗਾ ਤੁਹਾਡੇ ਤਣਾਅ ਦਾ ਪੱਧਰ**

ਵਿਗਿਆਨੀਆਂ ਨੇ ਇੱਕ ਅਜਿਹਾ ਉਪਕਰਨ ਤਿਆਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ, ਜਿਸ ਨਾਲ ਤਣਾਅ ਦਾ ਪੱਧਰ ਆਸਾਨੀ ਨਾਲ ਮਾਪਿਆ ਜਾ ਸਕੇਗਾ। ਇਸ ਉਪਕਰਨ ਨੂੰ ਕਿਸੇ ਵੀ ਸਮਾਰਟਫ਼ੋਨ ਨਾਲ ਜੋੜ ਕੇ 10 ਮਿੰਟਾਂ 'ਚ ਜਾਂਚ ਸੰਭਵ ਹੋਵੇਗੀ। ਇੰਟਰਮਾਉਂਟੇਨ ਹੈਲਥ ਕੇਅਰ ਦੇ ਮੁਖੀ ਡਾ. ਜੋਐਲ ਆਰ. ਏਹਰੇਨਕ੍ਰੇਂਜ ਨੇ ਕਿਹਾ ਹੈ ਕਿ ਅਸੀਂ ਸਮਾਰਟਫੋਨ ਅਤੇ ਇੱਕ ਡਿਸਪੋਜ਼ਕਿਲ ਸਟ੍ਰਿਪ ਜ਼ਰੀਏ ਲਾਰ ਵਿੱਚ 'ਕੋਰਟੀਸੋਲ' ਦੇ ਪੱਧਰ ਦਾ ਪਤਾ ਲਗਾਉਣ ਦਾ ਤਰੀਕਾ ਵਿਕਸਿਤ ਕੀਤਾ ਹੈ। ਇਸ ਤਕਨੀਕ ਜ਼ਰੀਏ ਕੋਈ ਵੀ ਬਹੁਤ ਹੀ ਅਸਾਨੀ ਨਾਲ ਅਤੇ ਸਸਤੇ ਵਿੱਚ 'ਕੋਰਟੀਸੋਲ' ਦੇ ਪੱਧਰ ਨੂੰ ਜਾਂਚ ਸਕੇਗਾ। 'ਕੋਰਟੀਸੋਲ' ਇਕ ਤਰ੍ਹਾਂ ਦਾ ਹਾਰਮੋਨ ਹੈ, ਜੋ ਕਿ ਤਣਾਅ ਦੀ ਸਥਿਤੀ ਵਿੱਚ ਵੱਧ ਤੇਜ਼ੀ ਨਾਲ ਕੰਮ ਕਰਦਾ ਹੈ। ਹੁਣ ਤੱਕ ਇਸ ਪੱਧਰ ਦੀ ਜਾਂਚ ਲਈ ਲਾਰ ਦੇ ਸੈਂਪਲ ਨੂੰ ਪ੍ਰਯੋਗਸ਼ਾਲਾ 'ਚ ਭੇਜਣਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਪਹਿਲੇ ਸਮੇਂ ਵਿੱਚ ਘੱਟ ਤੋਂ ਘੱਟ 25 ਤੋਂ 50 ਡਾਲਰ ਤੱਕ ਦਾ ਖਰਚਾ ਆਉਂਦਾ ਸੀ ਅਤੇ ਸਮਾਂ ਵੀ ਲੱਗਦਾ ਸੀ, ਪਰ ਸਾਡੀ ਤਕਨੀਕ ਨਾਲ ਇਸ ਜਾਂਚ ਦਾ ਖਰਚਾ 5 ਡਾਲਰ ਤੋਂ ਵੀ ਘੱਟ ਹੋ ਜਾਵੇਗਾ।

*** ਤੇਜ਼ ਧੁੱਪ ਤੋਂ ਮੋਤੀਆ ਬਿੰਦ ਦਾ ਖ਼ਤਰਾ**

ਫਰਾਂਸ ਦੇ ਵਿਗਿਆਨਕਾਂ ਨੇ ਆਪਣੀ ਇੱਕ ਖੋਜ ਦੁਆਰਾ ਇਹ ਪਤਾ ਲਗਾਇਆ ਗਿਆ ਹੈ ਕਿ ਜ਼ਿਆਦਾ ਤੇਜ਼ ਧੁੱਪ ਦਾ ਅੱਖਾਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਮੋਤੀਆ ਬਿੰਦ ਦੀ ਸੰਭਾਵਨਾ ਵਧ ਜਾਂਦੀ ਹੈ। 60 ਸਾਲ ਤੋਂ ਜ਼ਿਆਦਾ ਉਮਰ ਦੇ ਕੋਈ 2574 ਲੋਕਾਂ 'ਤੇ ਕੀਤੇ ਗਏ ਅਧਿਐਨ ਵਿੱਚ ਇਹ ਪਾਇਆ ਗਿਆ ਹੈ ਕਿ ਤੇਜ਼ ਧੁੱਪ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਮੋਤੀਆ ਬਿੰਦ ਦਾ ਰੋਗ ਦੂਜੇ ਲੋਕਾਂ ਦੀ ਤੁਲਨਾਂ ਵਿੱਚ 4 ਗੁਣਾ ਪਾਇਆ ਜਾਂਦਾ ਹੈ। ਇਸ ਲਈ ਇਸ ਰੋਗ ਤੋਂ ਬਚਣ ਲਈ ਤੇਜ਼ ਧੁੱਪ, ਖਾਸ ਕਰਕੇ ਦੁਪਹਿਰ ਦੀ ਕੜਕਦੀ ਧੁੱਪ ਤੋਂ ਬਚੋ।

*** ਵਡੇਰੀ ਉਮਰ ਦੇ ਮਰੀਜਾਂ ਲਈ ਖ਼ਤਰਨਾਕ ਨਹੀਂ ਜੰਕ ਫ਼ੂਡ**

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ 'ਜੰਕ ਫ਼ੂਡ' ਸਿਹਤ ਲਈ ਨੁਕਸਾਨਦੇਹ ਹੁੰਦਾ ਹੈ, ਖਾਸ ਕਰਕੇ ਮਰੀਜ਼ਾਂ ਨੂੰ ਇਸ ਤੋਂ ਬਿਲਕੁਲ ਪ੍ਰਹੇਜ਼ ਕਰਨਾ ਚਾਹੀਦਾ ਹੈ, ਇੰਗਲੈਂਡ ਦੇ ਸਿਹਤ ਮਾਹਿਰ ਹੁਣ ਇਹ ਮੰਨ ਰਹੇ ਹਨ ਕਿ ਅਜਿਹੇ ਬਜ਼ੁਰਗ ਮਰੀਜਾਂ ਨੂੰ ਜੰਕ ਫ਼ੂਡ ਦਿੱਤੇ ਜਾ ਸਕਦੇ ਹਨ, ਜਿਸ ਦੀ ਹਾਲਤ ਕੁਝ ਵੀ ਨਾ ਖਾਣ ਕਾਰਨ ਵਿਗੜ ਰਹੀ ਹੋਵੇ। ਇੰਗਲੈਂਡ ਦੇ ਹਸਪਤਾਲਾਂ 'ਚ ਖਾਣ ਨੂੰ ਲੈਕੇ ਨੀਤੀਆਂ ਬਣਾਉਣ ਵਾਲੀ ਸੰਸਥਾ ਦੀ ਮੋਹਰੀ ਡਾ. ਲਿਜ ਜਾਂਸ ਮੁਤਾਬਿਕ ਮਹੱਤਵਪੂਰਨ ਇਹ ਹੈ ਕਿ ਮਰੀਜ਼ ਜਿਸ ਖਾਣੇ ਨੂੰ ਪਸੰਦ ਕਰਦੇ ਹਨ, ਉਨ੍ਹਾਂ ਨੂੰ ਉਹ ਖਾਣਾ ਦਿੱਤਾ ਜਾਵੇ, ਬਜਾਏ ਇਸ ਦੇ ਕਿ ਸਿਹਤ ਰੋਧਕ ਖਾਣੇ ਉਹ ਬਿਨ ਖਾਧੇ ਛੱਡ ਦੇਣ। ਉਨ੍ਹਾਂ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਮਰੀਜ਼ਾਂ ਨੂੰ ਬਿਹਤਰ ਪੋਸ਼ਣ ਦੀ ਜ਼ਰੂਰਤ ਹੈ ਕਿਉਂਕਿ ਜੇਕਰ ਉਹ ਸਹੀ ਨਹੀਂ ਖਾਂਦੇ ਹਨ ਤਾਂ ਉਹ ਛੇਤੀ ਬਿਮਾਰ ਪੈ ਜਾਂਦੇ ਹਨ ਤੇ ਉਨ੍ਹਾਂ ਦੇ ਠੀਕ ਹੋਣ ਦੀ ਰਫ਼ਤਾਰ ਹੌਲੀ ਪੈਣ ਲੱਗਦੀ ਹੈ। ਜੇਕਰ ਅਸੀਂ



ਉਨ੍ਹਾਂ ਨੂੰ ਚੰਗਾ ਖਾਣਾ ਦਿੰਦੇ ਹਾਂ, ਤਾਂ ਉਹ ਚੰਗਾ ਮਹਿਸੂਸ ਕਰਦੇ ਹਨ। ਡਾ. ਜਾਂਸ ਦਾ ਮੰਨਣਾ ਹੈ ਕਿ ਜਦ ਤੁਸੀਂ ਕਮਜ਼ੋਰੀ ਮਹਿਸੂਸ ਕਰਦੇ ਹੋ ਤਾਂ ਜ਼ਿਆਦਾਤਰ ਆਪਣੀ ਭੁੱਖ ਖੋ ਦਿੰਦੇ ਹੋ। ਤੁਹਾਨੂੰ ਆਪਣੀ ਭੁੱਖ ਪੂਰੀ ਤਰ੍ਹਾਂ ਗੁਆਉਣੀ ਨਹੀਂ ਚਾਹੀਦੀ, ਆਪਣੀ ਭੁੱਖ ਗੁਆਉਣ ਤੋਂ ਵੱਡੀ ਹੋਰ ਕੋਈ ਬਿਮਾਰੀ ਨਹੀਂ ਹੈ। ਹਸਪਤਾਲਾਂ ਦੇ ਖਾਣੇ ਦੇ ਲਗਾਤਾਰ ਮੁਲਾਂਕਣ 'ਚ ਲੱਗੀ ਡਾ. ਜਾਂਸ ਮੁਤਾਬਕ, ਮਰੀਜ਼ਾਂ ਨੂੰ ਪੋਸ਼ਣ ਯੁਕਤ ਖਾਣ ਲਈ ਪ੍ਰੇਰਿਤ ਕਰਨਾ ਮਹੱਤਵਪੂਰਨ ਹੈ, ਪਰ ਪਹਿਲਾਂ ਇਸ 'ਤੇ ਫੋਕਸ ਕਰਨਾ ਜ਼ਰੂਰੀ ਹੈ ਕਿ ਉਹ ਕੁਝ ਖਾਣ। ਇਹੀ ਵਜ੍ਹਾ ਹੈ ਕਿ ਪੁਰਾਣੇ ਤੇ ਬਜ਼ੁਰਗ ਮਰੀਜ਼ ਜੇਕਰ ਜੰਕ ਫ਼ੂਡ ਖਾਂਦੇ ਹਨ, ਤਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਮਨ੍ਹਾਂ ਨਹੀਂ ਕਰਨਾ ਚਾਹੀਦਾ।

**...ਤੇ ਅੰਤ ਵਿੱਚ**

ਰੋਜ਼ ਉਨ੍ਹਾਂ ਨੂੰ ਮੌਤ ਵੇਖਣੀ ਪੈਂਦੀ ਹੈ, ਪਰ ਕੈਂਸਰ ਤੋਂ ਪੀੜਤ ਬੁਰੀ ਤਰ੍ਹਾਂ ਬਿਮਾਰ ਰੋਗੀਆਂ ਨੂੰ ਬੁਰੀ ਖ਼ਬਰ ਦੇਣਾ ਡਾਕਟਰਾਂ ਲਈ ਬੜਾ ਔਖਾ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਉਹ ਬੋਲਣ ਲੱਗਿਆਂ ਝਿਜਕਦੇ ਹਨ, ਅਟਕਦੇ ਹਨ ਅਤੇ ਅੰਤ ਵਿੱਚ ਉਹ ਵਧਾ-ਚੜ੍ਹਾ ਕੇ ਦੱਸਦੇ ਹਨ ਕਿ ਮਰੀਜ਼ ਕਿੰਨਾ ਲੰਬਾ ਚਿਰ ਜੀਵੇਗਾ। ਕੈਂਸਰ ਮਾਹਿਰਾਂ ਦੀ ਮੀਟਿੰਗ ਵਿੱਚ ਸ਼ਿਕਾਂਗੋ ਯੂਨੀਵਰਸਿਟੀ ਦੇ ਪ੍ਰਮੁੱਖ ਡਾ. ਅਲਿਜਾਬੈਥ ਲੈਮੋਂਟ ਨੇ 250 ਡਾਕਟਰਾਂ ਨੂੰ ਇਹ ਸਵਾਲ ਕੀਤਾ ਕਿ ਮਰਨ ਕਿਨਾਰੇ ਪਏ ਮਰੀਜ਼ਾਂ ਨੂੰ ਉਹ ਕੀ ਦੱਸਦੇ ਹਨ? ਬੁਰੀ ਤਰ੍ਹਾਂ ਦਾ ਸ਼ਿਕਾਰ ਹੋਏ ਕੋਈ 326 ਮਰੀਜ਼ਾਂ ਦਾ ਇਹ ਡਾਕਟਰ ਇਲਾਜ ਕਰ ਰਹੇ ਸਨ। ਇਨ੍ਹਾਂ ਵਿੱਚੋਂ ਕੇਵਲ 37 ਫੀਸਦੀ ਨੇ ਕਿਹਾ ਕਿ ਉਹ ਮਰੀਜ਼ ਨੂੰ ਸਪੱਸ਼ਟ ਕਹਿ ਦੇਣਾ ਪਸੰਦ ਕਰਦੇ ਹਨ। 23 ਫੀਸਦੀ ਨੇ ਕਿਹਾ ਕਿ ਉਹ ਮਰੀਜ ਨੂੰ ਉਨ੍ਹਾਂ ਦੀ ਹੋਣੀ ਬਾਰੇ ਬਿਲਕੁਲ ਨਹੀਂ ਦੱਸਦੇ ਹਨ, ਜਦੋਂ ਕਿ 40 ਫੀਸਦੀ ਨੇ ਆਖਿਆ ਕਿ ਉਹ ਬੜੇ ਤਰੀਕੇ ਨਾਲ ਉਨ੍ਹਾਂ ਨੂੰ ਸਮਝਾ ਦਿੰਦੇ ਹਨ, ਬਹੁਤੇ ਮਰੀਜ਼ਾਂ ਨੂੰ ਉਸਦੇ ਜੀਵਨ ਬਾਰੇ ਵਧਾ ਚੜ੍ਹਾ ਕੇ ਦੱਸਦੇ ਹਨ।

## ਲਾਇਬਰੇਰੀ ਲਈ ਤਰਕਸ਼ੀਲ ਕਿਤਾਬਾਂ ਭੇਂਟ

**ਸ਼ਹੀਦ ਭਗਤ ਸਿੰਘ ਚੈਰਿਟੇਬਲ ਟਰੱਸਟ ਨਿਊਜ਼ੀਲੈਂਡ ਦੇ ਆਗੂ ਅਵਤਾਰ ਜੀ ਨੇ 'ਭਾਰਤੀ ਲੋਕ ਨੀਚ ਕਿਵੇਂ ਬਣੇ?' ਦੇ ਲੇਖਕ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਜੀ ਦੇ ਯਤਨਾਂ ਨਾਲ ਸ਼ੁਰੂ ਕੀਤੀ ਗਈ ਲਾਇਬਰੇਰੀ ਲਈ ਲੱਗਭੱਗ 30,000 ਰੁਪਏ ਮੁੱਲ ਦੀਆਂ ਤਰਕਸ਼ੀਲ ਤੇ ਵਿਗਿਆਨਕ ਪੁਸਤਕਾਂ ਭੇਂਟ ਕੀਤੀਆਂ ਗਈਆਂ ਹਨ। 'ਤਰਕਭਾਰਤੀ ਪ੍ਰਕਾਸ਼ਨ' ਇਸ ਉਪਰਾਲੇ ਲਈ ਦੋਹਾਂ ਸਾਥੀਆਂ ਦਾ ਧੰਨਵਾਦੀ ਹੈ।**

# ਸੁਨਿਹਰਾ ਭਵਿੱਖ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਤੁਸੀਂ ਆਪਣਾ ਭਵਿੱਖ ਕਿਵੇਂ ਸੁਨਹਿਰਾ ਬਣਾ ਸਕਦੇ ਹੋ ਅਤੇ ਜ਼ਿੰਦਗੀ ਵਿਚ ਸਫਲਤਾ ਕਿਵੇਂ ਪਾ ਸਕਦੇ ਹੋ। ਇਹ ਸੁਆਲ ਸਾਡਾ ਅਤੇ ਸਾਡੇ ਬੱਚਿਆਂ, ਮਿੱਤਰ ਪਿਆਰਿਆਂ ਦਾ ਪਿੱਛਾ ਨਹੀਂ ਛੱਡਦਾ। ਇਕ ਤਰੀਕਾ ਇਹ ਵੀ ਕਿਹਾ ਜਾ ਸਕਦਾ ਹੈ ਕਿ ਆਪਣੀ ਲਾਜਵਾਬ ਕਾਬਲੀਅਤ ਵਰਤੋ ਜਿਸ ਨਾਲ ਤੁਸੀਂ ਆਪਣੇ ਕੀਤੇ ਫੈਸਲਿਆਂ ਦੇ ਨਤੀਜਿਆਂ ਬਾਰੇ ਸੋਚੋ।

ਤੁਹਾਨੂੰ ਸ਼ਾਇਦ ਅਜਿਹੇ ਫੈਸਲੇ ਕਰਨੇ ਔਖੇ ਲੱਗਣ ਜਿਨ੍ਹਾਂ ਨਾਲ ਤੁਹਾਨੂੰ ਆਉਣ ਵਾਲੇ ਸਮੇਂ ਵਿਚ ਫਾਇਦਾ ਹੋਵੇਗਾ। ਕਿਉਂ? ਕਿਉਂਕਿ ਅੱਜ ਸਾਡੇ ਆਲੇ ਦੁਆਲੇ ਦੇ ਲੋਕ ਹਰ ਚੀਜ਼ ਫਟਾਫਟ ਹਾਸਲ ਕਰਨੀ ਚਾਹੁੰਦੇ ਹਨ।

ਆਪਾਂ ਗੱਲ ਆਪਣੇ ਪਰਿਵਾਰ ਤੋਂ ਹੀ ਸ਼ੁਰੂ ਕਰਦੇ ਹਾਂ। ਤੁਸੀਂ ਆਪਣੇ ਪਰਿਵਾਰ ਨਾਲ ਚੰਗਾ ਰਿਸ਼ਤਾ ਬਣਾ ਸਕਦੇ ਹੋ ਪਰ ਇਸ ਤਰ੍ਹਾਂ ਕਰਨ ਲਈ ਤੁਹਾਨੂੰ ਬਕਾਇਦਾ ਆਪਣੇ ਪਰਿਵਾਰ ਨਾਲ ਸਮਾਂ ਗੁਜ਼ਾਰਨਾ ਪਵੇਗਾ। ਹੋ ਸਕਦਾ ਹੈ ਕਿ ਤੁਹਾਨੂੰ ਕੰਮ, ਮਨੋਰੰਜਨ ਜਾਂ ਦਿਲ ਪਰਚਾਵੇ ਵਿਚ ਹੱਦੋਂ ਵੱਧ ਸਮਾਂ ਬਿਤਾਉਣ ਦੇ ਦਬਾਅ ਨਾਲ ਜੂਝਣਾ ਪਵੇ। ਜ਼ਿੰਦਗੀ ਦੇ ਕੁੱਝ ਪਹਿਲੂਆਂ ਵਿਚ ਤੁਹਾਨੂੰ ਫੈਸਲਾ ਕਰਨਾ ਪਵੇਗਾ ਕਿ ਤੁਸੀਂ ਅਜਿਹਾ ਕੁੱਝ ਕਰੋ ਜਿਸ ਤੋਂ ਤਹਾਨੂੰ ਥੋੜ੍ਹੇ ਸਮੇਂ ਲਈ ਸਫਲਤਾ ਮਿਲ ਸਕਦੀ ਹੈ ਜਾਂ ਲੰਮੇ ਸਮੇਂ ਲਈ। ਸਹੀ ਰਾਹ 'ਤੇ ਚੱਲਣ ਲਈ ਤੁਹਾਨੂੰ ਤਾਕਤ ਕਿਵੇਂ ਮਿਲ ਸਕਦੀ ਹੈ? ਆਉ ਇਸ ਬਾਰੇ ਵਿਚਾਰ ਕਰੀਏ।

1. ਆਪਣੇ ਫੈਸਲਿਆਂ ਦੇ ਨਤੀਜਿਆਂ ਬਾਰੇ ਸੋਚੋ : ਫੈਸਲਾ ਕਰਦੇ ਸਮੇਂ ਇਸ ਦੇ ਨਤੀਜੇ ਬਾਰੇ ਸੋਚੋ। ਸਮਝਦਾਰ ਇਨਸਾਨ ਖਤਰੇ ਨੂੰ ਆਉਂਦਿਆਂ ਦੇਖ ਕੇ ਪਿੱਛੇ ਹਟ ਜਾਂਦਾ ਹੈ। ਜੇ ਤੁਸੀਂ ਠੰਡੇ ਦਿਮਾਗ ਨਾਲ ਨਤੀਜਿਆਂ ਬਾਰੇ ਸੋਚੋ ਤਾਂ ਤੁਸੀਂ ਸ਼ਾਇਦ ਉਹ, ਕੰਮ ਨਹੀਂ ਕਰੋਗੇ ਜਿਸ ਨਾਲ ਤੁਹਾਨੂੰ ਖਤਰਾ ਹੋ ਸਕਦਾ ਹੈ। ਦੂਜੇ ਪਾਸੇ, ਜਦ ਤੁਸੀਂ ਚੰਗੇ ਫੈਸਲੇ ਦੇ ਨਤੀਜਿਆਂ ਬਾਰੇ ਸੋਚੋ, ਤਾਂ ਤੁਸੀਂ ਸਹੀ ਕੰਮ ਕਰਨ ਦਾ ਪੱਕਾ ਇਰਾਦਾ ਕਰੋਗੇ। ਆਪਣੇ ਆਪ ਤੋਂ ਪੁੱਛੋ! ਮੇਰੇ ਅੱਜ ਕੀਤੇ ਫੈਸਲੇ ਦਾ ਇਕ ਸਾਲ, ਦਸ ਜਾਂ ਵੀਹ ਸਾਲਾਂ ਬਾਅਦ ਕੀ ਨਤੀਜਾ ਨਿਕਲੇਗਾ? ਮੇਰੇ ਜ਼ਜ਼ਬਾਤਾਂ ਅਤੇ ਮਿੱਤਰ ਉਤੇ ਕੀ ਅਸਰ ਪਵੇਗਾ? ਪਰ ਪਰਿਵਾਰ ਅਤੇ ਜਿਨ੍ਹਾਂ ਦੀ ਮੈਂ ਪਰਵਾਹ ਕਰਦਾ ਹਾਂ, ਉਨ੍ਹਾਂ 'ਤੇ ਕੀ ਅਸਰ ਪਵੇਗਾ?

2. ਆਪਣੇ ਫੈਸਲੇ ਖੁਦ ਕਰੋ : ਆਪਣੇ ਫੈਸਲੇ ਖੁਦ ਕਰਨ ਦੀ ਬਜਾਇ ਜ਼ਿਆਦਾਤਰ ਲੋਕ ਹੋਰਨਾ ਦੀ ਰੀਸ ਕਰਦੇ ਹਨ। ਪਰ ਇਸ ਦਾ ਮਤਲਬ ਇਹ ਨਹੀਂ ਕਿ ਜੇ ਸਾਰੇ ਇਕ ਰਾਹ ਤੇ ਚੱਲਦੇ ਹਨ ਤਾਂ ਉਹ ਸਹੀ ਹੋਵੇਗਾ। ਸ਼ਰਨਜੀਤ ਦੀ ਮਿਸਾਲ 'ਤੇ ਗੌਰ ਕਰੋ। ਉਹ ਦੱਸਦੀ ਹੈ : ਮੈਂ ਚਾਹੁੰਦੀ ਸੀ ਕਿ ਜਦੋਂ ਮੇਰਾ ਵਿਆਹ ਹੋਵੇ ਤਾਂ ਮੈਂ ਸੁਖੀ ਵਿਆਹੁਤਾ ਜ਼ਿੰਦਗੀ ਜੀਵਾਂ। ਪਰ ਜਿੰਦਾਂ ਦੀ ਮੈਂ ਜ਼ਿੰਦਗੀ ਜੀ ਰਹੀ ਸੀ, ਉਸ ਤੋਂ ਮੈਂ ਦੇਖ ਸਕਦੀ ਸੀ ਕਿ ਮੇਰੇ ਨਾਲ ਇਸ ਤਰ੍ਹਾਂ ਨਹੀਂ ਹੋਣਾ। ਸਕੂਲੀ, ਕਾਲਿਜ਼, ਯੂਨੀਵਰਸਿਟੀ ਵਿਚ ਮੇਰੇ ਸਾਰੇ ਦੋਸਤ ਹੁਸ਼ਿਆਰ ਸਨ, ਪਰ ਉਹ ਇਕ ਤੋਂ ਬਾਅਦ ਇਕ ਬੁਰੇ ਫੈਸਲੇ ਕਰਦੇ ਰਹੇ। ਉਹ ਹਮੇਸ਼ਾ ਨਵੇਂ ਤੋਂ ਨਵੇਂ ਮਰਦ ਦੋਸਤ ਜਾਂ ਔਰਤ ਦੋਸਤ ਰੱਖਦੇ ਸਨ। ਉਨ੍ਹਾਂ ਵਾਂਗ ਮੇਰੇ ਵੀ ਬਹੁਤ ਸਾਰੇ ਮਰਦ ਦੋਸਤ ਸਨ। ਇਸ ਤਰ੍ਹਾਂ ਦੀ ਜ਼ਿੰਦਗੀ ਕਰਕੇ ਮੈਨੂੰ ਵੀ ਬਹੁਤ ਦੁੱਖਾਂ ਦਾ ਸਾਹਮਣਾ ਕਰਨਾ ਪਿਆ।



ਮੈਨੂੰ ਬੜੀ ਦੇਰ ਬਾਅਦ ਪਤਾ ਲੱਗਾ ਕਿ ਇਹ "ਪਿਆਰ ਪੂਰ" ਸਿਰਫ ਕਾਮ ਵਾਸਨਾ ਦੇ ਦੁਆਲੇ ਗੇੜੇ ਕੱਢ ਰਿਹਾ ਸੀ। ਮਰਦ-ਜਾਤ ਸਿਰਫ ਆਪਣੀ ਹਵਸ ਪੂਰੀ ਕਰਕੇ, ਕਿਸੇ ਹੋਰ ਕੁੜੀ/ਔਰਤ ਵੱਲ ਖਿਚਿਆ ਜਾਂਦਾ ਸੀ। ਦੇਸੀ ਸਮਾਜ ਵਿਚ ਮਰਦ ਨੂੰ ਤਾਂ ਇਹ ਕਰੂਰਤਾ ਕਰਕੇ ਬਖ਼ਸ਼ ਦਿੱਤਾ ਜਾਂਦਾ ਹੈ ਪਰ ਇਹਨਾਂ ਸ਼ੁਗਲ ਮੇਲਿਆਂ ਦੇ ਨਤੀਜੇ ਕੁੜੀ/ਔਰਤ ਨੂੰ ਭੁਗਤਣੇ ਪੈਂਦੇ ਹਨ। ਬਦਨਾਮੀ ਸਿਰਫ ਕੁੜੀ/ਔਰਤ ਦੀ ਹੀ ਨਹੀਂ ਹੁੰਦੀ ਸਗੋਂ ਇਹਦਾ ਅਸਰ ਬਾਕੀ ਭੈਣ ਭਰਾਵਾ, ਰਿਸ਼ਤੇਦਾਰਾਂ ਅਤੇ ਮਾਂ ਬਾਪ ਤੇ ਵੀ ਬੁਰੀ ਤਰ੍ਹਾਂ ਪੈਂਦਾ ਹੈ। ਮਾੜੀਆਂ ਹਰਕਤਾਂ ਬਿਜਲਈ ਤਰੰਗਾਂ ਵਾਂਗ ਦੇਸ਼ ਵਿਦੇਸ਼ ਵਿਚ ਟੱਲੀਆਂ ਖੜਕਾ ਦਿੰਦੀਆਂ ਹਨ। ਕੁੜੀਆਂ ਆਪਣੀ ਪੜ੍ਹਾਈ ਨਹੀਂ ਪੂਰੀ ਕਰ ਸਕਦੀਆਂ ਅਤੇ ਉਹ ਕਈ ਵਾਰ ਗੈਂਗਜ਼ ਅਤੇ ਡਰੱਗਜ਼ ਦੇ ਚੱਕਰਵਿਊ ਵਿਚ ਫਸ ਜਾਂਦੀਆਂ ਹਨ। ਅਖੀਰ ਦੇਹ ਵਪਾਰ ਵਿਚ ਪੈ ਕੇ ਜਾਂ ਮਾਨਸਿਕ ਅਲਾਮਤ ਲੁਆ ਕੇ ਜ਼ਿੰਦਗੀ ਨੂੰ ਤਾਰ-ਤਾਰ ਕਰ ਲੈਂਦੀਆਂ ਹਨ।

ਮੈਂ ਜਦ ਬਹੁਤ ਸਾਰੇ ਖੁਸ਼ ਜੋੜਿਆਂ ਨੂੰ ਦੇਖਿਆ ਕਿ ਉਹਨਾਂ ਵਿਚ ਕਿੰਨ੍ਹਾਂ ਪਿਆਰ ਹੈ ਤਾਂ ਗੰਭੀਰਤਾ ਨਾਲ ਸੋਚਿਆ ਕਿ ਕੁੱਝ ਵੀ ਨਾਮੁਮਕਿਨ ਨਹੀਂ ਹੈ। ਭਾਵੇਂ ਮੇਰੇ ਲਈ ਆਪਣੇ ਜੀਉਣ ਦੇ ਤੌਰ ਤਰੀਕਿਆਂ ਨੂੰ ਬਦਲਨਾ ਸੌਖਾ ਨਹੀਂ ਸੀ, ਫਿਰ ਵੀ ਸਹਿਜੇ ਸਹਿਜੇ ਮੈਂ ਆਪਣੇ ਵਿਚ ਬਦਲਾਅ ਕੀਤਾ। ਨਤੀਜਾ ਕੀ ਨਿਕਲਿਆ? ਮੈਂ ਅਜਿਹੇ ਇਨਸਾਨ ਨਾਲ ਵਿਆਹ ਕਰਨਾ ਚਾਹੁੰਦੀ ਸੀ ਜਿਸਦੇ ਢੰਗ ਗੁਣਾਂ ਕਰਕੇ ਮੈਂ ਉਸ ਵਲ ਖਿਚੀ ਜਾਵਾਂ। ਸਮੇਂ ਦੇ ਬੀਤਣ ਨਾਲ ਮੈਂ ਅਜਿਹੇ ਆਦਮੀ ਨਾਲ ਵਿਆਹ ਕੀਤਾ। ਇਸ ਫੈਸਲੇ ਨੇ ਮੈਨੂੰ ਇਨੀ ਵਧੀਆ ਜ਼ਿੰਦਗੀ ਦਿੱਤੀ ਜਿਸ ਬਾਰੇ ਕਦੇ ਮੈਂ ਆਪਣੇ ਸੁਪਨਿਆਂ ਵਿਚ ਦੇਖਿਆ ਸੀ।

ਇਸ ਦਾ ਮਤਲਬ ਇਹ ਹੈ ਕਿ ਨਾਮੁਮਕਿਨ ਕੁੱਝ ਵੀ ਨਹੀਂ ਹੈ। ਆਪਣੇ ਜਮਾਨੇ ਦਾ ਸਭ ਤੋਂ ਵਧੀਆ ਅਤੇ ਸਭ ਤੋਂ ਵੱਡਾ ਸਮੁੰਦਰੀ ਜ਼ਹਾਜ਼ ਟਾਈਟੈਨਿਕ ਸੀ। ਟਾਈਟੈਨਿਕ ਦੇ ਵਧੀਆ ਡਿਜਾਇਨ ਕਰਕੇ ਲੋਕਾਂ ਦਾ ਕਹਿਣਾ ਸੀ ਕਿ ਇਹ ਜ਼ਹਾਜ "ਕਦੇ ਨਹੀਂ ਡੁੱਬ ਸਕਦਾ।" ਪਰ ਸਾਨੂੰ ਪਤਾ ਹੈ ਕਿ ਕੀ ਹੋਇਆ। 1912 ਵਿਚ ਆਪਣੇ ਪਹਿਲੇ ਸਮੁੰਦਰੀ ਸਫਰ 'ਤੇ ਇਹ ਜ਼ਹਾਜ਼ ਬਰਫ ਨਾਲ ਟਕਰਾਅ ਕੇ ਡੁੱਬ ਗਿਆ ਜਿਸ ਕਰਕੇ ਕੁੱਝ 1500 ਲੋਕਾਂ ਦੀਆਂ ਜਾਨਾਂ ਗਈਆਂ। ਜਿਸ ਜ਼ਹਾਜ਼ ਬਾਰੇ ਸਾਰੇ ਕਹਿੰਦੇ ਸਨ ਕਿ ਇਸ ਡੁੱਬਣਾ ਨਾਮੁਮਕਿਨ ਹੈ। ਇਹ ਜ਼ਹਾਜ਼ ਕੁੱਝ ਨਹੀਂ ਘੰਟਿਆਂ ਵਿਚ ਮਹਾਂ ਸਾਗਰ ਦੇ ਪਾਣੀਆਂ ਹੇਠ ਹਮੇਸ਼ਾ ਲਈ ਗਾਇਬ ਹੋ ਗਿਆ।

ਅਸੀਂ ਸ਼ਾਇਦ ਸੋਚੀਏ ਕਿ ਕਈ ਕਾਰਨਾਂ ਕਰਕੇ ਕੋਈ ਕੰਮ ਕਰਨਾ ਜਾਂ ਕੋਈ ਚੀਜ ਹਾਸਲ ਕਰਨੀ ਸਾਡੇ ਲਈ ਨਾਮੁਮਕਿਨ ਹੋਵੇ। ਅੱਜ ਦੇ ਕੀਤੇ ਕਈ ਤਕਨਾਲੋਜ਼ੀਕਲ ਕੰਮ ਇਕ ਸਮੇਂ ਤੇ ਨਾਮੁਮਕਿਨ ਜਾਪਦੇ ਸਨ ਕਿਉਂਕਿ ਉਸ ਵੇਲੇ ਉਹ ਕੰਮ ਇਨਸਾਨਾਂ ਦੀ ਸਮਝ ਅਤੇ ਕਾਬਲੀਅਤ ਤੋਂ ਬਾਹਰ ਸਨ। ਕੁੱਝ 50 ਸਾਲ ਪਹਿਲਾਂ ਲੋਕ ਇਨ੍ਹਾਂ ਗੱਲਾਂ ਨੂੰ ਨਾਮੁਮਕਿਨ ਸਮਝਦੇ ਸਨ ਜਿਵੇਂ ਕਿ ਇਨਸਾਨਾਂ ਦਾ ਚੰਦ ਤੱਕ ਪਹੁੰਚਣਾ ਮੰਗਲ ਗ੍ਰਹਿ ਤੱਕ ਰੋਬੋਟ ਪਹੁੰਚਾ ਕੇ ਇਸ ਨੂੰ ਧਰਤੀ ਤੋਂ ਕੰਟ੍ਰੋਲ ਕਰਨਾ, ਡੀ. ਐਨ. ਏ. ਨੂੰ ਸਮਝਣਾ ਅਤੇ ਦੁਨੀਆਂ ਦੇ ਕਿਸੇ ਕੋਨੇ ਵਿਚ ਉਸੇ ਵੇਲੇ ਵਾਪਰੀ ਕੋਈ ਘਟਨਾ ਦੇਖਣੀ। ਪਰ ਹੁਣ ਇਹ ਗੱਲਾਂ ਆਮ ਹਨ। ਜਦੋਂ ਅੱਜ ਅਸੀਂ ਸੰਸਾਰ ਦੇ ਕਿਸੇ ਕੋਨੇ ਵਿਚ ਵੀ ਬੈਠੇ ਇਨਸਾਨ ਨਾਲ ਗੱਲਾਂ ਕਰ ਰਹੇ ਹੁੰਦੇ ਹਾਂ ਤਾਂ ਅਸਲ ਵਿਚ ਟੈਲੀਫੂਨ ਦੀ ਕਾਢ ਕੱਢਣ ਵਾਲੇ ਸਾਇੰਸਦਾਨ ਗਰਾਹਮ ਬੈੱਲ ਨੂੰ ਅਸੀਸਾਂ ਦੇ ਰਹੇ ਹੁੰਦੇ ਹਾਂ। ਸਾਇੰਸਦਾਨਾਂ ਨੇ ਇੰਨੀ ਤਰੱਕੀ ਕੀਤੀ ਹੈ ਕਿ ਜਿਹੜੀਆਂ ਗੱਲ੍ਹਾਂ ਕੱਲ੍ਹ

ਨਾਮੁਮਕਿਨ ਸਨ ਉਹ ਅੱਜ ਆਮ ਬਣ ਚੁੱਕੀਆਂ ਹਨ। ਅੱਜ ਟੈਲੀਫੂਨ ਵਿਚ ਇੰਟਰਨੈਟ ਕਰਕੇ ਸਾਰੀ ਦੁਨੀਆਂ ਸਾਡੀ ਮੁੱਠੀ ਵਿਚ ਹੈ। ਇਹਨਾਂ ਨਾਮੁਮਕਿਨ ਗੱਲਾਂ ਨੂੰ ਮੁਮਕਿਨ ਕਰਨ ਵਿਚ ਵਿਹਲੜ, ਸਾਧਾਂ, ਬਾਬਿਆਂ, ਗੁਰੂਆਂ, ਪੀਰਾਂ ਦਾ ਕੋਈ ਇਕ ਮਾਸਾ ਵੀ ਯੋਗਦਾਨ ਨਹੀਂ ਹੈ।

ਅੱਜ ਦੀਆਂ ਹੋ ਰਹੀਆ ਤਰੱਕੀਆਂ ਕਰਕੇ ਪ੍ਰੋਫੈਸਰ ਜੋਨ ਬਰੋਬੈਕ ਨੇ ਕਿਹਾ, "ਸਾਇੰਸਦਾਨ ਸਵੀਕਾਰ ਕਰਦੇ ਹਨ ਕਿ ਕਿਸੇ ਵੀ ਕੰਮ ਨੂੰ ਨਾਮੁਮਕਿਨ ਕਹਿਣਾ ਸਹੀ ਨਹੀਂ ਹੋਵੇਗਾ। ਜ਼ਿਆਦਾ ਤੋਂ ਜ਼ਿਆਦਾ ਉਹ ਇਹੀ ਕਹਿ ਸਕਦੇ ਹਨ ਕਿ ਇਸ ਦੀ ਸੰਭਾਵਨਾ ਬਹੁਤ ਘੱਟ ਹੈ। ਪਰ ਕਿਸੇ ਵਿਸ਼ੇ ਬਾਰੇ ਪੂਰਾ ਗਿਆਨ ਨਾ ਹੋਣ ਕਰਕੇ ਸ਼ਾਇਦ ਇਕ ਇਨਸਾਨ ਕਹਿ ਸਕਦਾ ਹੈ ਕਿ ਕੋਈ ਚੀਜ਼ ਨਾਮੁਮਕਿਨ ਜਾਪਦੀ ਹੈ।

'ਦਾ ਨਿਓ ਐਸਾਈਕਲੋਪੀਡੀਆ ਬ੍ਰਿਟੈਨਿਕਾਂ' ਦੱਸਦੀ ਹੈ ਕਿ: ਉਹ ਸਮਾਂ ਦੂਰ ਨਹੀਂ ਜਦੋਂ ਅਸੀਂ ਹੁਣ ਨਾਲੋਂ ਜ਼ਿਆਦਾ ਸਮਾਂ ਜੀ ਪਾਵਾਂਗੇ, ਸ਼ਾਇਦ ਹਮੇਸ਼ਾ ਲਈ।" ਸਾਇੰਸਦਾਨ ਹੁਣ ਉਹਨਾਂ ਜੀਨਜ਼ ਤੇ ਕੰਮ ਕਰ ਰਹੇ ਹਨ ਜੋ ਸਾਨੂੰ ਬੁਢਿਆਂ ਕਰਦੇ ਹਨ।

ਕਈ ਮਾਂ ਬਾਪ ਨੂੰ ਇਹ ਬੜਾ ਫਿਕਰ ਲੱਗਾ ਹੈ ਕਿ ਸਾਡੇ ਬੱਚੇ ਪੜ੍ਹ ਲਿਖ ਗਏ ਹਨ ਪਰ ਵਿਆਹ ਨਹੀਂ ਕਰਾ ਰਹੇ। ਇਹ ਬੱਚਿਆਂ ਦੀ ਜ਼ਿੰਦਗੀ ਹੈ। ਉਹਨਾਂ ਨੂੰ ਆਪਣੀ ਸਮਝ ਨਾਲ ਜੀਉਣ ਦਿਉ। ਸਾਡੇ ਮਾਂ ਬਾਪ, ਦਾਦੇ ਪੜਦਾਦੇ ਅੱਜ ਨਹੀਂ ਹਨ, ਕੀ ਉਹਨਾਂ ਨੂੰ ਕੋਈ ਫਿਕਰ ਹੈ ਕਿ ਅਸੀਂ ਕਿਹੋ ਜਿਹੀ ਜਿੰਦਗੀ ਜੀਊ ਰਹੇ ਹਾਂ। ਤਬਦੀਲੀ ਕੁਦਰਤੀ ਵਰਤਾਰਾ ਹੈ। ਸਮਾਜ ਵਿਚ ਤਬਦੀਲੀਆਂ ਆਉਂਦੀਆਂ ਰਹੀਆਂ ਹਨ ਅਤੇ ਆਉਂਦੀਆਂ ਰਹਿਣਗੀਆਂ ਵੀ। ਇਸੇ ਤਰ੍ਹਾਂ ਸਮੇਂ ਨਾਲ ਨੈਤਿਕ ਕਦਰਾਂ ਕੀਮਤਾਂ ਬਦਲਦੀਆਂ ਰਹਿੰਦੀਆਂ ਹਨ। ਅੱਜ ਬਰਤਾਨਵੀ ਸਾਮਜ ਵਿਚ ਵਿਆਹ ਕਰਵਾਉਣਾ, ਨਾ ਕਰਾਉਣਾ, ਸਮਲਿੰਗੀ ਵਿਆਹ, ਵਿਆਹ ਤੋਂ ਬਿਨਾਂ ਇਕੱਲੇ ਰਹਿਣਾ ਜਾਂ ਬੱਚੇ ਹੋ ਜਾਣਾ, ਤਲਾਕ ਹੋ ਜਾਣਾ, ਦੋਵੇਂ ਪਾਸੇ ਬੱਚੇ ਹੋ ਜਾਣ ਤੇ ਬੱਚਿਆਂ ਸਮੇਤ ਵਿਆਹ ਕਰਾਉਣਾ ਅਤੇ ਫਿਰ ਆਪਣੇ ਬੱਚੇ ਪੈਦਾ ਕਰਨਾ ਕੋਈ ਵਾਵੇਲਾ ਨਹੀਂ ਖੜ੍ਹਾ ਕਰਦੇ। ਸਿਰਫ ਸਾਡੀਆਂ ਜਗੀਰੂ ਰਸਮਾਂ ਅਤੇ ਸਮੇਂ ਨਾਲ ਨਾ ਬਦਲਦੀ ਸੋਚ ਸਾਨੂੰ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਲਾਉਂਦੀ ਹੈ। ਅਸੀਂ ਅੱਜ ਵੀ ਜਾਤਾਂ ਪਾਤਾਂ, ਧਰਮਾਂ ਅਤੇ ਪਿਛਾਂਹ ਖਿੱਚੂ ਵੇਲਾ ਵਿਆਹ ਚੁੱਕੀਆਂ ਰਸਮਾਂ ਦੀਆਂ ਪੰਡਾਂ ਸਿਰ ਤੇ ਚੁੱਕੀ ਫਿਰਦੇ ਹਾਂ ਅਤੇ ਫਿਰ ਇਹਨਾਂ ਨੂੰ ਆਪਣੀ ਔਲਾਦ ਵੀ ਗੁਆ ਬੈਠਦੇ ਹਾਂ ਅਤੇ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਪੱਕੇ ਮਰੀਜ਼ ਬਣਾ ਬੈਠਦੇ ਹਾਂ। ਸਮੇਂ ਸਮੇਂ ਸਮਰੱਥ ਨਾਲ ਚੱਲਣ ਵਾਲੇ ਲੋਕ ਹੀ ਸੁਨਿਹਰਾ ਭਵਿੱਖ ਸਿਰਜਦੇ ਹਨ। ਇਸ ਗੱਲ ਦੀ ਬਿਲਕੁਲ ਪਰਵਾਹ ਨਾ ਕਰੋ ਕਿ ਫਿਲਾਨਾ ਕੀ ਕਹੇਗਾ? ਜਦ ਤੁਸੀਂ ਤੰਗੀ ਤੁਰਸ਼ੀ ਜਾਂ ਕਿਸੇ ਘਰ ਸੰਕਟ ਵਿਚ ਫਸੇ ਹੋਏ ਹੁੰਦੇ ਹੋ ਤਾਂ ਇਹਨਾਂ ਲੋਕਾਂ ਵਿਚੋਂ ਤੁਹਾਡੀ ਬਾਤ ਪੁੱਛਣ ਅਤੇ ਆਸਰਾ ਦੇਣ ਕੌਣ ਆਇਆ ਸੀ? ਅਤੇ ਫਿਰ ਇਹਨਾਂ ਦੀ ਕਿਉਂ ਪਰਵਾਹ ਕੀਤੀ ਜਾਵੇ?

3. ਦੂਰ ਦੀ ਸੋਚੋ ਅਤੇ ਆਪਣੇ ਟੀਚੇ ਹਾਸਲ ਕਰਨ ਦੀ ਕੋਸ਼ਿਸ਼ ਕਰੋ : ਅੱਜ ਬਾਰੇ ਸੋਚਣ ਦੀ ਬਜਾਇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਭਵਿੱਖ ਵਿਚ ਕੀ ਕਰਨਾ ਚਾਹੁੰਦੇ ਹੋ ਅਤੇ ਇਸ ਨੂੰ ਪੂਰਾ ਕਰਨ ਲਈ ਤੁਸੀਂ ਕੀ ਕੁੱਝ ਕਰੋਗੇ। ਇਸ ਤਰ੍ਹਾਂ ਨਾ ਸੋਚੋ ਕਿ ਤੁਹਾਡੀ ਜ਼ਿੰਦਗੀ ਸਿਰਫ 70 ਜਾਂ 80 ਸਾਲਾਂ ਦੀ ਹੀ ਹੋਵੇਗੀ, ਸਗੋਂ ਆਪਣੀਆਂ ਮਨ ਦੀਆਂ ਅੱਖਾਂ ਨਾਲ ਦੇਖੋ ਕਿ ਤੁਸੀਂ ਹਮੇਸ਼ਾ ਦੀ ਜ਼ਿੰਦਗੀ ਦਾ ਆਨੰਦ ਮਾਣ ਰਹੇ ਹੋ। ਜੇਕਰ ਅਸੀਂ ਦੂਰ ਦੀ ਸੋਚਾਂਗੇ ਤਾਂ ਇਹ ਸੁਨਹਿਰਾ ਭਵਿੱਖ ਸਾਡਾ ਹੋ ਸਕਦਾ ਹੈ।

ਤੁਹਾਨੂੰ ਭਵਿੱਖ ਵਿਚ ਇਹ ਬਰਕਤਾਂ ਕਿਵੇਂ ਮਿਲ ਸਕਦੀਆਂ ਹਨ। ਪਹਿਲੀ ਗੱਲ ਹੈ ਕਿ ਤੁਹਾਨੂੰ ਆਪਣੇ ਬਾਰੇ ਘੋਖਣ ਦੀ ਅਤੇ ਪੂਰਨ ਗਿਆਨ ਲੈਣ ਦੀ ਲੋੜ ਹੈ। ਤੁਹਾਨੂੰ ਆਪਣੇ ਆਪ ਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਇਸ ਆਪਾ-ਭਰੋਸੇ ਕਰਕੇ ਤੁਹਾਨੂੰ ਜ਼ਿੰਦਗੀ ਵਿਚ ਤਬਦੀਲੀਆਂ ਲਿਆਉਣ ਦੀ ਤਾਕਤ ਮਿਲੇਗੀ।

ਆਪਾਂ "ਸੋਹਣ" ਦੀ ਮਿਸਾਲ ਤੇ ਗੌਰ ਕਰ ਸਕਦੇ ਹਾਂ। ਉਹ ਦੱਸਦਾ ਹੈ, "ਜਦੋਂ ਮੈਂ 12 ਸਾਲਾਂ ਦਾ ਸੀ ਤਾਂ ਮੈਂ ਸ਼ਰਾਬ ਪੀਣੀ ਅਤੇ ਡਰੱਗਜ਼ ਲੈਣੇ ਸ਼ੁਰੂ ਕਰ ਦਿੱਤੇ। ਮੈਂ ਇਕ ਗੈਂਗ ਦਾ ਮੈਂਬਰ ਸੀ ਅਤੇ ਮੈਨੂੰ ਲੱਗਦਾ ਸੀ ਕਿ ਮੈਂ 30 ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਵਾਂਗਾ। ਮੇਰੇ ਵਿਚ ਗੁੱਸਾ ਅਤੇ ਖਿਝ ਹੋਣ ਕਰਕੇ ਮੈਂ ਕਈ ਵਾਰ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਮੇਰੀ ਜਿੰਦਗੀ ਹਨੇਰ ਭਰੀ ਸੀ ਅਤੇ ਕਿਸੇ ਪਾਸਿਓਂ ਵੀ ਉਮੀਦ ਦੀ ਕਿਰਨ ਨਜ਼ਰ ਨਹੀਂ ਆ ਰਹੀ ਸੀ।"

ਜਦੋਂ "ਸੋਹਣ" ਹਾਈ ਸਕੂਲ ਵਿਚ ਗਿਆ ਤਾਂ ਉਸ ਦਾ ਵਾਸਤਾ ਇਕ ਚੰਗੇ ਲੜਕੇ ਨਾਲ ਪੈ ਗਿਆ। ਮੈਂ ਹੌਲੀ ਹੌਲੀ ਉਹਦੀਆਂ ਗੱਲਾਂ ਸਮਝਣ ਲੱਗਾ ਅਤੇ ਉਹਦੇ ਦੋਸਤਾਂ ਨਾਲ ਮਿਲਕੇ ਮੈਨੂੰ ਹੱਲਾਸ਼ੇਰੀ ਮਿਲਣ ਲੱਗੀ। ਮੈਨੂੰ ਅਹਿਸਾਸ ਹੋਇਆ ਕਿ ਹਾਲੇ ਵੀ ਮੇਰੇ ਗੈਂਗ ਮੈਂਬਰ ਮੇਰੇ ਤੇ ਬੁਰਾ ਅਸਰ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਭਾਵੇਂ ਉਹ ਮੇਰੇ ਪਰਿਵਾਰ ਦੇ ਮੈਂਬਰਾਂ ਵਾਂਗ ਸਨ, ਫਿਰ ਵੀ ਮੈਂ ਉਹਨਾਂ ਨਾਲ ਹਰ ਨਾਤਾ ਤੋੜ ਲਿਆ।

"ਸੋਹਣ" ਨੇ ਆਪਣੇ ਲਈ ਛੋਟੇ ਟੀਚੇ ਰੱਖੇ ਜਿਸ ਦੀ ਮੱਦਦ ਨਾਲ ਉਹ ਵੱਡੇ ਟੀਚੇ ਤੱਕ ਪਹੁੰਚ ਸਕਿਆ। ਉਹਨੇ ਇਕ ਇਕ ਮਾੜੀ ਆਦਤ ਨੂੰ ਛੱਡਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਕੋਈ ਵੀ ਕਰ ਸਕਦਾ ਹੈ। ਸਟੀਫਨ ਕੋਈ ਆਪਣੀ ਕਿਤਾਬ : 'ਸੇਵਨ ਹੈਬਟਸ ਔਫ ਹਾਈਲੀ ਈਫੈਕਟਵ ਪੀਪਲ' ਵਿਚ ਲਿਖਦਾ ਹੈ ਕਿ : ਬਦਲਾਅ ਲਈ ਤਿੰਨ ਗੱਲਾਂ ਜ਼ਰੂਰੀ ਹਨ : ਕੀ ਕਰਨਾ ਹੈ? ਕਿਵੇਂ ਕਰਨਾ ਹੈ? ਕਰਨਾ ਚਾਹੁੰਦਾ ਹੈ। ਕੀ ਕਰਨਾ ਹੈ? ਵਿਚ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਵੇਂ ਕਰਨਾ ਹੈ? ਵਿਚ ਢੰਗ ਤਰੀਕਾ ਕੇਹੜਾ ਵਰਤਣਾ ਹੈ। ਕਰਨਾ ਚਾਹੁੰਦਾ ਹੈ, ਵਿਚ ਪੱਕਾ ਇਰਾਦਾ ਹੋਣਾ ਚਾਹੀਦਾ ਹੈ। ਕਿਸੇ ਵੀ ਆਦਤ ਦੇ ਬਦਲਾਅ ਲਈ ਇਹ ਤਿੰਨੇ ਚੀਜ਼ਾਂ ਜ਼ਰੂਰੀ ਹਨ। ਅਸੀਂ ਦਿਨਾਂ, ਮਹੀਨਿਆਂ ਅਤੇ ਸਾਲਾਂ ਬੱਧੀ ਇਕ ਆਦਤ ਨੂੰ ਪੱਕਿਆਂ ਠੱਕਿਆਂ ਕੀਤਾ ਹੁੰਦਾ ਹੈ ਅਤੇ ਫਿਰ ਇਸ ਸੁੱਖ ਆਰਾਮ ਨੂੰ ਤੋੜਨ ਲਈ ਤਰੱਦਦ ਵੀ ਉਨ੍ਹਾਂ ਹੀ ਸਖਤ ਕਰਨਾ ਪੈਂਦਾ ਹੈ। ਆਦਤ ਨੂੰ ਬਦਲਣਾ ਰੌਕਟ ਦੇ ਜ਼ਮੀਨ ਤੋਂ ਅਤੇ ਫਿਰ ਜ਼ਮੀਨ ਦੀ ਗੁਰੂਅਤਾ ਖਿੱਚ ਤੋਂ ਬਾਹਰ ਨਿਕਲਣ ਵਾਂਗ ਹੈ। ਰੌਕਟ ਨੂੰ ਜ਼ਮੀਨ ਤੋਂ ਉਠਣ ਲਈ ਬਹੁਤ ਸ਼ਕਤੀ ਲਾਉਣੀ ਪੈਂਦੀ ਹੈ ਅਤੇ ਫਿਰ ਹੋਰ ਸ਼ਕਤੀ ਉਸ ਵੇਲੇ ਵੀ ਲਾਉਣੀ ਪੈਂਦੀ ਹੈ ਜਦ ਉਹਨੇ ਧਰਤੀ ਦੀ ਗੁਰੁਅਤਾ ਖਿੱਚ ਤੋਂ ਬਾਹਰ ਨਿਕਲਣਾ ਹੁੰਦਾ ਹੈ। ਬਸ ਇਸ ਤੋਂ ਬਾਦ ਰੌਕਟ ਆਪਣੀ ਇਕਸਾਰ ਚਾਲੇ ਘੱਟ ਸ਼ਕਤੀ ਲਾਇਆ ਤੁਰਿਆ ਰਹਿੰਦਾ ਹੈ। ਇਸ ਤਰ੍ਹਾਂ ਹੀ ਸਾਡੇ ਬਦਲਾਅ ਵਾਲੀ ਆਦਤ ਦੀ ਹਾਲਤ ਹੁੰਦੀ ਹੈ।

ਤੁਸੀਂ ਵੀ ਇਸ ਤਰ੍ਹਾਂ ਕਰ ਸਕਦੇ ਹੋ। ਲਿਖੋਕਿ ਆਪਣੇ ਵੱਡੇ ਟੀਚਿਆਂ 'ਤੇ ਪਹੁੰਚਣ ਲਈ ਤੁਹਾਨੂੰ ਕਿਹੜੇ ਛੋਟੇ ਛੋਟੇ ਟੀਚੇ ਰੱਖਣ ਦੀ ਲੋੜ ਹੈ। ਸਿਰਫ ਉਹਨਾਂ ਸੁਹਿਰਦ ਲੋਕਾਂ ਨਾਲ ਹੀ ਆਪਣੇ ਟੀਚੇ ਸਾਂਝੇ ਕਰੋ ਜੋ ਤੁਹਾਡੀ ਦਿਲੋਂ ਮੱਦਦ ਕਰਨੀ ਚਾਹੁੰਦੇ ਹਨ। ਉਹਨਾਂ ਨੂੰ ਆਪਣੀ ਤਰੱਕੀ ਤੇ ਨਿਗਾਹ ਰੱਖਣ ਲਈ ਵੀ ਕਹੋ।

ਅੰਗਰੇਜ਼ੀ ਵਿਚ ਕਹਾਵਤ ਹੈ : ਸਲੋਅ ਐਂਡ ਸਟੈਡੀ ਵਿਨਜ਼ ਦਾ ਰੇਸ, ਬਸ ਸ਼ਾਤ ਮਨ ਨਾਲ ਇਕਸਾਰ ਆਪਣੇ ਟੀਚੇ ਵੱਲ ਵੱਧਦੇ ਜਾਉ। ਵੱਖ ਵੱਖ ਖੋਜਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸ਼ਾਤ ਸੁਭਾਅ ਹੋਣਾ, ਚੰਗੇ ਦੋਸਤ ਬਣਾਉਣਾ ਅਤੇ ਖੁਲ੍ਹੇ ਦਿਲ ਵਾਲੇ ਹੋਣ ਨਾਲ ਤੁਹਾਡੀ ਸਿਹਤ ਵਿਚ ਸੁਧਾਰ ਹੋ ਸਕਦਾ ਹੈ। 'ਦ ਜਰਨਲ ਆਫ ਦੀ ਅਮੇਰਿਕਨ ਮੈਡੀਕਲ ਐਸੋਸੀਏਸ਼ਨ ਰਿਪੋਰਟ' ਵਿਚ ਲਿਖਿਆ ਹੈ : "ਜਿਹੜੇ ਇਨਸਾਨ ਗੁੱਸੇ ਨਾਲ ਭੜਕ ਉੱਠਦੇ ਹਨ, ਉਹਨਾਂ ਨੂੰ ਉਹਨਾਂ ਆਦਮੀਆਂ ਨਾਲੋਂ ਦੋ ਗੁਣਾਂ ਜ਼ਿਆਦਾ ਦੌਰਾ ਪੈਣ ਦਾ ਖਤਰਾ ਹੁੰਦਾ ਹੈ ਜਿਹੜੇ ਆਪਣੇ ਗੁੱਸੇ ਨੂੰ ਕਾਬੂ ਕਰ ਲੈਂਦੇ ਹਨ।" ਆਸਟ੍ਰੇਲੀਆ ਵਿਚ ਦਸ ਸਾਲਾਂ ਤਾਂਈ ਕੀਤੀ ਖੋਜ ਤੋਂ ਪਤਾ ਲੱਗਾ ਹੈ ਕਿ ਜਿਹੜੇ ਬਜ਼ੁਰਗ ਆਪਣੇ ਦੋਸਤਾਂ ਮਿੱਤਰਾਂ ਅਤੇ ਹਮਰਾਜ਼ ਲੋਕਾਂ ਨਾਲ ਮੇਲ ਜੋਲ ਰੱਖਦੇ ਹਨ, ਉਹ ਜ਼ਿਆਦਾ ਲੰਬੀ ਉਮਰ ਭੋਗਦੇ ਹਨ। 2008 ਵਿਚ ਕੈਨੇਡਾ ਅਤੇ ਅਮਰੀਕਾ ਦੇ ਖੋਜਕਾਰਾਂ ਨੇ ਦੇਖਿਆ ਕਿ "ਆਪਣੇ ਉਤੇ ਪੈਸੇ ਖਰਚਣ ਦੀ ਬਜਾਇ ਦੂਜਿਆ ਉਤੇ ਪੈਸੇ ਖਰਚਣ ਨਾਲ ਜ਼ਿਆਦਾ ਖੁਸ਼ੀ ਮਿਲਦੀ ਹੈ।" ਸੁਨਹਿਰੇ ਭਵਿੱਖ ਲਈ ਇਹ ਕੁੱਝ ਗੁਣ ਕੰਮ ਕਰ ਸਕਦੇ ਹਨ।

# ਨਾ ਬਣੋ ਵੈਰਾਗੀ ਬਣੋ ਕੰਮਕਾਜੀ

**ਕੁਮਾਰ ਮਯੰਕ**



ਫਰਵਰੀ, 2014 ਨੂੰ ਮੇਰਠ, ਉੱਤਰ ਪ੍ਰਦੇਸ਼ ਵਿੱਚ ਇੱਕ ਜਲੂਸ ਨਿਕਲਿਆ, ਫਿਰ ਅਗਲੇ ਦਿਨ ਨੂੰ ਇੱਕ ਜਲਸੇ ਵਿੱਚ ਮੇਰਠ, ਦਿੱਲੀ, ਚੰਡੀਗੜ੍ਹ ਅਤੇ ਗੁਆਂਢੀ ਦੇਸ਼ ਨੇਪਾਲ ਦੇ 7 ਲੜਕੇ ਲੜਕੀਆਂ ਦੇ ਸਿਰਾਂ ਦੀ ਹਜਾਮਤ ਕਰਕੇ ਉਹਨਾਂ ਨੂੰ ਸਾਧੂ ਸਾਧਵੀਆਂ ਬਣਾ ਦਿੱਤਾ ਗਿਆ। ਉਹ ਸਿਰਫ਼ 10ਵੀਂ 12ਵੀਂ ਪਾਸ ਸਨ, ਜਿਹੜੇ ਆਪਣਾ ਘਰ, ਪੜ੍ਹਾਈ ਲਿਖਾਈ ਅਤੇ ਕੰਮ ਛੱਡ ਕੇ ਵੈਰਾਗੀ ਬਣੇ।

ਅੱਜ ਦੇ ਗਭਰੂਆਂ ਨੂੰ ਆਲਸੀ ਬਣਾਇਆ ਜਾ ਰਿਹਾ ਹੈ। ਗੁਰਮੰਤਰ ਉਪਦੇਸ਼ ਲੈਣ, ਨਾਮ ਦੇਣ ਵਗੈਰਾ ਦੇ ਨਾਂ ਉੱਤੇ ਉਨ੍ਹਾਂ ਦਾ ਘਰ ਬਾਰ ਅਤੇ ਕੰਮਕਾਜ ਛੁਡਾਇਆ ਜਾ ਰਿਹਾ ਹੈ। ਪੁਰਾਣਾ ਕਰਮਕਾਂਡ ਸਿਖਾਇਆ ਜਾ ਰਿਹਾ ਹੈ।

ਧਰਮ ਦੇ ਨਾਂ ਉੱਤੇ ਸਦੀਆਂ ਤੋਂ ਤਰ੍ਹਾਂ ਤਰ੍ਹਾਂ ਦੇ ਰੂਪ ਧਾਰਨ ਕੀਤੇ ਜਾਂਦੇ ਰਹੇ ਹਨ। ਤਿਲਕ ਲਗਾਉਣਾ, ਬੋਦੀ ਰੱਖਣਾ, ਸਿਰ ਦੀ ਹਜਾਮਤ ਕਰਾਉਣਾ, ਸ਼ਰੀਰ ਉੱਤੇ ਰਾਖ (ਸੁਆਹ, ਭਸਮ) ਮਲਣਾ, ਜਟਾਵਾਂ, ਦਾੜ੍ਹੀ ਅਤੇ ਮੁੱਛਾਂ ਵਧਾਉਣਾ ਤਾਂ ਆਮ ਗੱਲ ਹੈ, ਪਰੰਤੂ ਕੁੱਝ ਬੰਦਿਆਂ ਨੂੰ ਦੇਖ ਕੇ ਤਾਂ ਸ਼ਰਮ ਵੀ ਆਪ ਸ਼ਰਮਾ ਜਾਂਦੀ ਹੈ। ਗੱਲ ਕਿ ਕੱਪੜੇ ਨਾ ਪਾ ਕੇ ਸਮਾਜ ਵਿੱਚ ਘੁੰਮਣਾ ਅਤੇ ਜਲੂਸ ਕੱਢਣਾ ਕਿੰਨਾ ਜਾਇਜ਼ ਹੈ, ਕਿਹੋ ਜਿਹਾ ਧਰਮ ਹੈ, ਕਿਹੋ ਜਿਹੀ ਸ਼ਰਾਫਤ ਅਤੇ ਕਿਹੜੀ ਅਕਲਮੰਦੀ ਹੈ?

ਘਰ ਪਰਿਵਾਰ ਛੱਡ ਕੇ ਜੋਗੀ ਵੈਰਾਗੀ ਬਣਨਾ ਕੋਈ ਚੰਗਿਆਈ ਜਾਂ ਸਮਝਦਾਰੀ ਨਹੀਂ ਹੈ, ਸਗੋਂ ਮਨ ਦੀ ਕਮਜ਼ੋਰੀ ਹੈ। ਇਹ ਜ਼ਿੰਦਗੀ ਦੀਆਂ ਚੁਣੌਤੀਆਂ ਤੋਂ ਹਾਰ ਕੇ ਭਗੌੜਾ ਹੋ ਜਾਣਾ ਹੈ। ਇਹ ਇੱਕ ਤਰ੍ਹਾਂ ਤੋਂ ਛਿਪਣ ਦੀ ਪਛਾਣ, ਡਰ ਦਾ ਬੀਜ ਅਤੇ ਨਿਰਾਸ਼ਾਵਾਦ ਦੀ ਜੜ੍ਹ ਹੈ, ਇਸ ਲਈ ਸਮਾਜ ਦੇ ਹਿੱਤ ਵਿੱਚ ਅਜਿਹੀਆਂ ਗੱਲਾਂ ਦਾ ਵਿਰੋਧ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ।

ਬਦਲਦੇ ਦੌਰ ਵਿੱਚ ਸਿੱਖਿਆ, ਤਜ਼ਰਬਾ ਪ੍ਰਾਪਤ ਕਰਕੇ ਸਮਾਜ ਦੇ ਹਰੇਕ ਖੇਤਰ ਵਿੱਚ ਕਾਮਯਾਬ ਬਣਿਆ ਜਾ ਸਕਦਾ ਹੈ, ਇਸ ਲਈ ਕੱਚੀ ਉਮਰ ਵਿੱਚ ਘਰ ਛੱਡਣਾ ਸਮਝਦਾਰੀ ਨਹੀਂ, ਸਗੋਂ ਨਾਸਮਝੀ ਹੈ ਇਸ ਨਾਲ ਧਰਮ ਦੀ ਦੁਕਾਨਦਾਰੀ ਅਤੇ ਅੰਧਵਿਸ਼ਵਾਸ ਵੱਧਦਾ ਹੈ।

**ਧਰਮ ਦੀ ਵੱਧਦੀ ਫ਼ਸਲ** :- ਧਰਮ ਦੀਆਂ ਪੁਸਤਕਾਂ ਵਿੱਚ ਗਿਆਨ, ਭਗਤੀ ਅਤੇ ਵੈਰਾਗ ਦੀ ਬਹੁਤ ਵੱਡਿਆਈ ਗਾਈ ਹੈ, ਇਸ ਲਈ ਅਕਸਰ ਉਨ੍ਹਾਂ ਦੀ ਦੁਹਾਈ ਦਿੱਤੀ ਜਾਂਦੀ ਹੈ। ਪਰੰਪਰਾਵਾਂ ਦੇ ਨਾਂ ਉਤੇ ਕੁਰੀਤੀਆਂ ਚਲਾਈਆਂ ਜਾਂਦੀਆਂ ਹਨ। ਗੱਲ ਇਹ ਹੈ ਕਿ ਘੱਟ ਉਮਰ ਦੇ ਬੱਚਿਆਂ ਨੂੰ ਵੈਰਾਗੀ ਬਣਾ ਦਿੱਤਾ ਜਾਂਦਾ ਹੈ। ਧਰਮ ਦੇ ਨਾਂ ਉੱਤੇ ਉਹਨਾਂ ਨੂੰ ਜ਼ਿੰਦਗੀ ਨਿਛਾਵਰ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਉਹਨਾਂ ਨੂੰ ਖ਼ੁਸ਼ਕਿਸਮਤ ਕਿਹਾ ਜਾਂਦਾ ਹੈ। ਉਨ੍ਹਾਂ ਦੇ ਮਾਂ ਬਾਪ ਨੂੰ ਪੁੰਨ ਮਿਲਣ ਦਾ ਝਾਂਸਾ ਦੇ ਕੇ ਸਹਿਮਤ ਕੀਤਾ ਜਾਂਦਾ ਹੈ।

ਪਖੰਡੀਆਂ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ, ਇਸ ਲਈ ਉਹ ਮੌਕਾ ਮਿਲਦੇ ਸਾਰ ਹੀ ਬੜੀ ਚਲਾਕੀ ਨਾਲ ਸਾਊ ਘਰਾਂ ਦੇ ਲੜਕੇ ਲੜਕੀਆਂ ਅਤੇ ਮੁਟਿਆਰ ਇਸਤਰੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਚੇਲਾ ਚੇਲੀ ਬਣਾ ਕੇ ਉਹਨਾਂ ਨੂੰ ਧਰਮ ਦਾ ਚੋਲਾ ਪਹਿਨਾਉਂਦੇ ਹਨ। ਰੱਬ ਨਾਲ ਮਿਲਾਉਣ ਅਤੇ ਮੁਕਤੀ ਦਿਵਾਉਣ ਵਰਗੇ ਝਾਂਸਿਆਂ ਵਿੱਚ ਲੈ ਕੇ ਉਨ੍ਹਾਂ ਦਾ ਘਰ ਬਾਰ ਛੁੱਡਵਾਂਦੇ ਹਨ ਅਤੇ ਆਪਣੇ ਨਾਲ ਲੈ ਜਾਂਦੇ ਹਨ।

ਮਠ ਮੰਦਰਾਂ, ਅਖਾੜਿਆਂ, ਆਸ਼ਰਮਾਂ ਵਗੈਰਾ ਵਿੱਚ ਸਾਧੂ ਸੰਨਿਆਸੀ, ਗੁਰੂਕੁਲਾਂ ਅਤੇ ਸੰਸਕ੍ਰਿਤ ਸਕੂਲਾਂ ਵਿੱਚ ਪੰਡੇਪੁਜਾਰੀ ਅਤੇ ਪੁਰੋਹਿਤ ਤਿਆਰ ਹੁੰਦੇ ਹਨ। ਦੱਖਣ ਦੇ ਮੰਦਰਾਂ ਵਿੱਚ ਸਦੀਆਂ ਤੋਂ ਦੇਵਦਾਸੀਆਂ ਬਣਾਈਆਂ ਜਾਂਦੀਆਂ ਹਨ। ਸਾਡੇ ਦੇਸ਼ ਵਿੱਚ ਸਦੀਆਂ ਤੋਂ ਧਰਮ ਦੀ ਖੇਤੀ ਕਰਕੇ ਡਫੋਰਸ਼ੰਖੀਆਂ (ਮੂਰਖਾਂ, ਸ਼ੇਖੀ ਖੋਰਾਂ) ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਰਹੀਆਂ ਹਨ।

ਭਾਵੇਂ ਇਸਤਰੀ ਸਤੀ ਹੋਵੇ, ਬਾਲ ਵਿਆਹ ਹੁੰਦੇ ਹੋਣ, ਲੜਕੇ ਲੜਕੀਆਂ ਨੂੰ ਵੈਰਾਗੀ ਬਣਾਇਆ ਜਾਵੇ, ਉਥੇ ਮੌਜੂਦ ਭੀੜ ਬੜੇ ਮਜ਼ੇ ਨਾਲ ਤਮਾਸ਼ਾ ਦੇਖਦੀ ਹੈ।

**ਕਸੂਰਵਾਰ ਕੌਣ ਹੈ** :- ਸਮਾਜ ਵਿੱਚ ਫੈਲੇ ਇਸ ਜ਼ਹਿਰ ਅਤੇ ਪਿਛੜੇਪਨ ਵਿੱਚ ਅਸਲੀ ਕਸੂਰ ਤਾਂ ਧਰਮ ਪ੍ਰਚਾਰਕਾਂ ਦਾ ਹੈ। ਉਹ ਆਪਣੇ ਲਾਭ ਦੇ ਲਈ ਸਵਾਂਗ ਰੱਚਦੇ ਰਹਿੰਦੇ ਹਨ। ਭੋਲੇਭਾਲੇ, ਘੱਟ ਪੜ੍ਹੇ ਲਿਖੇ ਗਰੀਬਾਂ ਨੂੰ ਬਹਿਲਾਫੁਸਲਾ ਕੇ ਉੱਲੂ ਬਣਾਉਂਦੇ ਹਨ। ਤਿਆਗ ਤਪੱਸਿਆ ਦੇ ਨਾਂ ਉੱਤੇ ਲੜਕੇ ਲੜਕੀਆਂ ਨੂੰ ਭਰਮਾ ਕੇ ਉਹਨਾਂ ਨੂੰ ਘਰ ਪਰਿਵਾਰ ਤੋਂ ਅਲਗ (ਅਲਹਿਦਾ, ਜੁਦਾ, ਅੱਡ) ਕਰਦੇ ਹਨ। ਨੌਜਵਾਨਾਂ ਨੂੰ ਪਿੱਛੇ ਧੱਕਣ ਵਾਲੇ ਮਤਲਬੀ ਲੋਕ ਸਮਾਜ ਦੇ ਹਿਮਾਇਤੀ ਨਹੀਂ ਸਗੋਂ ਦੁਸ਼ਮਣ ਹਨ।

ਜਦ ਤੱਕ ਧਰਮ ਦੇ ਗਾਹਕਾਂ ਦੀ ਭੀੜ ਹੈ, ਤਦ ਤੱਕ ਦੁਕਾਨਦਾਰ ਤਾਂ ਰਹਿਣਗੇ ਹੀ। ਉਨ੍ਹਾਂ ਵਿੱਚ ਵਾਧਾ ਵੀ ਹੁੰਦਾ ਰਹੇਗਾ, ਇਸ ਲਈ ਕਸੂਰ ਲੋਕਾਂ ਦਾ ਵੀ ਹੈ। ਜੇ ਧਰਮਾਚਾਰੀਆਂ ਦੇ ਪਾਸ ਨਾ ਜਾਇਆ ਜਾਵੇ, ਇਹਨਾਂ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਵਿੱਚ ਨਾ ਆਇਆ ਜਾਵੇ, ਇਹਨਾਂ ਨੂੰ ਹਲਵਾਪੂਰੀ ਨਾ ਖੁਆਈ ਜਾਵੇ, ਇਹਨਾਂ ਨੂੰ ਦਾਨਦੱਛਣਾ ਅਤੇ ਚੜ੍ਹਾਵਾ ਨਾ ਚੜ੍ਹਾਇਆ ਜਾਵੇ, ਤਾਂ ਇਹ ਬੇਸ਼ੁਮਾਰ ਧਨਦੌਲਤ ਦੇ ਮਾਲਕ ਨਹੀਂ ਬਣ ਸਕਦੇ।

ਧਰਮਗੁਰੂਆਂ ਦਾ ਬਾਣਾ ਪਾ ਕੇ ਬਹੁਤ ਸਾਰੇ ਅਨਪੜ੍ਹ, ਅਪਰਾਧੀ ਮੌਜ਼ ਮਾਰ ਰਹੇ ਹਨ। ਜਿਹੜੇ ਆਪ ਸਹੀ ਰਸਤਾ ਨਹੀਂ ਜਾਣਦੇ, ਉਹ ਦੂਜਿਆਂ ਦੀ ਕੀ ਰਹਿਨੁਮਾਈ ਕਰਨਗੇ?

ਆਚਾਰੀਆਂ ਵਿਨੋਬਾ ਭਾਵੇ ਜੀ ਨੇ ਕਿਹਾ ਸੀ ਕਿ ਸਾਰੇ

ਕੰਮਕਾਜ ਛੱਡ ਕੇ ਸਿਰਫ਼ ਸਾਧਨਾ ਕਰਨਾ ਹੀ ਧਿਆਨ ਨਹੀਂ ਹੈ। ਧਿਆਨ ਦਾ ਸਹਾਰਾ ਤਾਂ ਠੀਕ ਢੰਗ ਨਾਲ ਆਪਣਾ ਕੰਮ ਕਰਨਾ ਹੀ ਹੈ। ਇਸ ਲਈ ਗਲਤੀ ਉਨ੍ਹਾਂ ਭਗਤਾਂ ਦੀ ਵੀ ਘੱਟ ਨਹੀਂ ਹੈ, ਜਿਹੜੇ ਆਪਣੀ ਅਕਲ ਨੂੰ ਆਲੇ ਉੱਤੇ ਰੱਖ ਦੇਂਦੇ ਹਨ।

**ਧਰਮ ਦਾ ਪ੍ਰਚਾਰ** :- ਧਰਮ ਦੇ ਨਾਂ ਉੱਤੇ ਊਲਜਲੂਲ ਗੱਲਾਂ ਦੀ ਘੁੱਟੀ ਪਿਲਾਈ ਜਾਂਦੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਬ੍ਰਹਮਚਾਰੀ ਰਹਿਣਾ ਬਹੁਤ ਵੱਡੀ ਤਪੱਸਿਆ ਹੈ। ਇਸ ਨਾਲ ਬੰਦੇ ਦੀ ਸਰੀਰਕ ਤਾਕਤ ਵੱਧਦੀ ਹੈ, ਪ੍ਰੰਤੂ ਅਜਿਹਾ ਹੁੰਦਾ ਨਹੀਂ ਹੈ। ਇਸੇ ਤਰ੍ਹਾਂ ਸ਼ਾਨ ਨਾਲ ਕਿਹਾ ਜਾਂਦਾ ਹੈ ਕਿ ਸਾਧੂ ਸੰਨਿਆਸੀ ਤਾਂ ਭੀਖ ਮੰਗ ਕੇ ਖਾਂਦੇ ਹਨ। ਉਨ੍ਹਾ ਦਾ ਕੋਈ ਘਰਬਾਰ ਨਹੀਂ ਹੁੰਦਾ ਹੈ। ਇਹ ਵੀ ਬਿਲਕੁਲ ਗਲਤ ਹੈ। ਆਪਣੀ ਜ਼ਮੀਰ ਮਾਰ ਕੇ ਭਿਖਾਰੀਆਂ ਵਾਂਗ ਜਿਉਣਾ ਮਾਣ ਦੀ ਗੱਲ ਨਹੀਂ, ਸਗੋਂ ਇਨਸਾਨੀ ਜ਼ਿੰਦਗੀ ਦੀ ਬੇਇੱਜ਼ਤੀ ਹੈ।

**ਪਖੰਡੀਆਂ ਦੀ ਸ਼ਰਨ ਵਿੱਚ** :- ਘਰ ਪਰਿਵਾਰ ਛੱਡ ਕੇ ਸਫ਼ੈਦ ਜਾਂ ਭਗਵੇਂ ਕੱਪੜੇ ਪਾਉਣ ਵਾਲੇ ਸਾਧੂਸੰਨਿਆਸੀ ਜੰਗਲਾਂ, ਪਹਾੜਾਂ ਅਤੇ ਗੁਫਾਵਾਂ ਵਿੱਚ ਨਹੀਂ ਜਾਂਦੇ। ਨਾਮ ਅਤੇ ਪੈਸਾ ਕਮਾਉਣ ਦੀ ਗਰਜ਼ (ਜ਼ਰੂਰਤ, ਮਤਲਬ, ਇੱਛਿਆ) ਨਾਲ ਸਮਾਜ ਵਿੱਚ ਹੀ ਘੁੰਮਦੇ ਰਹਿੰਦੇ ਹਨ। ਦੂਜਿਆਂ ਨੂੰ ਮੋਹਮਾਇਆ ਤੋਂ ਬਚਣ ਦਾ ਉਪਦੇਸ਼ ਦੇਣ ਵਾਲੇ ਬਹੁਤ ਸਾਰੇ ਪਖੰਡੀ ਤਾਂ ਆਪਣੇ ਬੀਵੀ ਬੱਚਿਆਂ ਨੂੰ ਵੀ ਨਾਲ ਹੀ ਰੱਖਦੇ ਹਨ। ਧਰਮ ਦੇ ਧੰਦੇਬਾਜ਼ ਬਾਬਿਆਂ, ਸੰਤਾਂ, ਸਵਾਮੀਆਂ ਅਤੇ ਮਹਾਰਾਜਾਂ ਦੇ ਕੋਲ ਬੇਹਿਸਾਬ ਧਨਦੌਲਤ ਅਤੇ ਆਸ਼ਰਮਾਂ ਦੇ ਨਾਂ ਉੱਤੇ ਅਰਬਾਂ ਰੁਪਏ ਦੀ ਜ਼ਮੀਨ ਜ਼ਾਇਦਾਦ ਹੈ। ਉਹਨਾਂ ਦੇ ਕੋਲ ਇਹ ਬੇਸ਼ੁਮਾਰ ਪੈਸਾ ਕਿਥੋਂ ਆਇਆ ? ਇਹ ਸਭ ਗਰੀਬ, ਭੋਲੀ ਅਤੇ ਭਗਤ ਲੋਕਾਂ ਦੀਆਂ ਜੇਬਾਂ ਹਲਕੀਆਂ ਕਰਕੇ ਇਕੱਠਾ ਕੀਤਾ ਜਾਂਦਾ ਹੈ, ਕਿਉਂਕਿ ਧਾਰਮਿਕ ਅੰਧਵਿਸ਼ਵਾਸਾਂ ਦੇ ਕਾਰਨ ਲੋਕ ਇਹਨਾਂ ਨੂੰ ਰੱਬ ਮੰਨ ਕੇ ਇਹਨਾਂ ਦੀ ਪੂਜਾ ਕਰਦੇ ਹਨ।

**ਕੰਮ ਕਰਨਾ ਜ਼ਰੂਰੀ** :- ਸਮਾਜ ਨੂੰ ਬਿਹਤਰੀ ਸਿਖਾਉਣ ਦੇ ਨਾਂ ਉੱਤੇ ਅਜਿਹੇ ਕੰਮਾਂ ਨੂੰ ਭਾਵੇਂ ਹੀ ਸਿੱਖਿਆ ਗੁਰੂਮੰਤਰ ਕਿਹਾ ਜਾਵੇ, ਪਰੰਤੂ ਨੌਜਵਾਨਾਂ ਨੂੰ ਵੈਰਾਗੀ ਬਣਾ ਕੇ ਉਨ੍ਹਾਂ ਨੂੰ ਲਕੀਰ ਦਾ ਫਕੀਰ ਬਣਾਇਆ ਜਾ ਰਿਹਾ ਹੈ।

ਹਰ ਬੰਦੇ ਦਾ ਕੰਮਕਾਜੀ ਹੋਣਾ ਬੇਹੱਦ ਜ਼ਰੂਰੀ ਹੈ, ਪਰੰਤੂ ਉਸ ਵਿੱਚ ਹੱਥ ਹਿਲਾਣੇ ਪੈਂਦੇ ਹਨ, ਮਿਹਨਤ ਕਰਨੀ ਪੈਂਦੀ ਹੈ, ਜਦਕਿ ਦੂਜਿਆਂ ਨੂੰ ਉਪਦੇਸ਼ ਦੇਣਾ ਅਤੇ ਮੁਫ਼ਤ ਦਾ ਹਲਵਾਪੂਰੀ ਖਾਣਾ ਬਹੁਤ ਹੀ ਅਸਾਨ ਹੈ।

ਸਮਾਜ ਸੁਧਾਰ ਬੇਸ਼ਕ ਬਹੁਤ ਜ਼ਰੂਰੀ ਹੈ। ਕਬੀਰ ਦਾਸ ਜੀ ਨੇ ਸੁਧਾਰ ਦੇ ਲਈ ਖਰੀਆਂ ਗੱਲਾਂ ਕਹੀਆਂ, ਪਰੰਤੂ ਪੇਟ ਭਰਨ ਦੇ ਲਈ ਉਹ ਸਖਤ ਮਿਹਨਤ ਨਾਲ ਖੱਡੀ ਉੱਤੇ ਕੱਪੜਾ ਬੁਨਦੇ ਸਨ।

ਸੰਤ ਰਵਿਦਾਸ ਲੋਕਾਂ ਨੂੰ ਚੰਗਿਆਈ ਦਾ ਰਸਤਾ ਦੱਸਦੇ ਸਨ, ਪਰੰਤੂ ਉਹ ਨਾਲ ਨਾਲ ਜੁੱਤੀਆਂ ਵੀ ਬਣਾਉਂਦੇ ਰਹਿੰਦੇ ਸਨ, ਪਰੰਤੂ ਅੱਜ ਦੇ ਜ਼ਿਆਦਾਤਰ ਧਰਮਗੁਰੂ ਸਿਰਫ਼ ਆਪਣਾ ਮਤਲਬ ਕੱਢਣ ਦੇ ਲਈ ਲੋਕਾਂ ਤੋਂ ਪੈਸਾ ਠੱਗਦੇ ਹਨ।

**ਅਸਲੀ ਮਤਲਬ ਇਹ** :- ਜਿਹੜੇ ਆਪ ਕੰਮਜੋਰ ਅਤੇ ਸਮਾਜ ਉੱਤੇ ਬੋਝ ਹੋਣ, ਉਹ ਦੂਜਿਆਂ ਨੂੰ ਕੀ ਸੁਆਹ ਚੰਗਾ ਬਣਾਉਣੇ ? ਉਹ ਤਾਂ ਦੂਜਿਆਂ ਨੂੰ ਵੀ ਆਪਣੇ ਵਰਗਾ ਆਲਸੀ ਬਣਾ ਕੇ ਧਰਤੀ ਉੱਤੇ ਬੋਝ ਹੀ ਵਧਾਉਣੇ। ਨਵੀਂ ਪੀੜ੍ਹੀ ਨੂੰ ਵੈਰਾਗ ਦਾ ਪਹਾੜਾ ਪੜ੍ਹਾਉਣ ਨਾਲ ਤਾਂ ਸਮਾਜ ਦਾ ਭਲਾ ਹੋਣ ਵਾਲਾ ਨਹੀਂ ਹੈ।

ਸੱਚ ਤਾਂ ਇਹ ਹੈ ਕਿ ਕੰਮ ਹੀ ਸੱਚੀ ਪੂਜਾ ਹੈ, ਇਸ ਲਈ ਨਾਂ ਬਦਲ ਕੇ ਸਿਰਫ ਸਫ਼ੈਦ ਜਾਂ ਭਗਵੇਂ ਕੱਪੜੇ ਪਾ ਲੈਣ ਨਾਲ ਕਿਧਰੇ ਕੁੱਝ ਨਹੀਂ ਮਿਲੇਗਾ। ਕੰਮ ਕਰਕੇ ਆਪ ਅਤੇ ਹੋਰਨਾਂ ਨੂੰ ਬਦਲਣ ਦੇ ਲਈ ਦਿਮਾਗੀ, ਮਿਹਨਤਕਸ਼ ਲੋਕਾਂ ਦਾ ਸਾਥ ਹੀ ਸੱਚਾ ਸਤਿਸੰਗ ਹੈ।

ਸੱਚ ਤਾਂ ਇਹ ਹੈ ਕਿ ਅੱਜ ਜ਼ਮਾਨਾ ਵੈਰਾਗੀਆਂ ਦਾ ਨਹੀਂ, ਵਿਗਿਆਨ ਦਾ ਹੈ। ਨਵੀਂ ਰੋਸ਼ਨੀ ਅਤੇ ਨਵੇਂ ਨਜ਼ਰੀਏ ਦਾ ਹੈ। ਖੋਜਬੀਨ ਅਤੇ ਨਵੀਂ ਨਵੀਂ ਤਕਨੀਕ ਅਪਨਾਉਣ ਦਾ ਹੈ, ਇਸ ਲਈ ਭੇਡਚਾਲ ਛੱਡੋ, ਆਪਣੇ ਦਿਮਾਗ ਦੀਆਂ ਖਿੜਕੀਆਂ ਖੋਲ੍ਹੋ ਅਤੇ ਵੈਰਾਗੀ ਬਣਨ ਤੋਂ ਬਚੋ।

ਧੰਨਵਾਦ ਸਹਿਤ ਮੈਗਜ਼ੀਨ : 'ਸਰਸ ਸਲਿਲ' (ਪਹਿਲਾ) ਮਈ 2014


## ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ
80.00


ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ
120.00


ਇਨਕਲਾਬ
120.00


ਸ਼ਹੀਦਾਂ ਦੇ ਅੰਗ ਸੰਗ
80.00


ਅਮਰ ਸ਼ਹੀਦਾਂ ਦੀਆਂ ਯਾਦਾਂ
80.00


ਸ਼ਹੀਦ ਭਗਤ ਸਿੰਘ
80.00


ਸ਼ਹੀਦ ਚੰਦਰ ਸ਼ੇਖਰ ਆਜ਼ਾਦ
80.00


ਸ਼ਹੀਦ ਭਗਵਤ ਚਰਨ ਵੋਹਰਾ
80.00


ਸ਼ਹੀਦ ਰਾਮ ਪ੍ਰਸਾਦ ਬਿਸਮਿਲ
80.00


ਸ਼ਹੀਦ ਊਧਮ ਸਿੰਘ
300.00


ਪਾਸ਼ ਦੀ ਚੋਣਵੀਂ ਕਵਿਤਾ
70.00


ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ
60.00


ਭਗਤ ਸਿੰਘ ਤੇ ਸਾਥੀ
80.00


ਗਾਥਾ ਗਦਰੀਆਂ ਦੀ
80.00


ਖੇਤਾਂ ਦੀ ਬੁੱਕਲ 'ਚੋਂ
80.00


ਭਗਤ ਸਿੰਘ ਨੂੰ ਫਾਂਸੀ
120.00

**ਘਰ ਬੈਠੇ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744**

# ਈ-ਬੋਲਾ ਵਾਇਰਸ ਕੀ ਹੈ?

**ਪ੍ਰਸ਼ਨ :- ਈ ਬੋਲਾ ਵਾਇਰਸ ਕੀ ਹੈ ?**

ਉਤਰ :- ਇਹ ਇੱਕ ਪ੍ਰਸ਼ਨ ਵਾਚਕ ਚਿੰਨ ਦੀ ਸ਼ਕਲ ਵਾਲਾ ਵਾਇਰਸ ਹੈ। ਜੋ ਸਭ ਤੋਂ ਪਹਿਲਾਂ ਅਫਰੀਕੀ ਦੇਸ਼ਾਂ ਸੁਡਾਨ ਤੇ ਕਾਂਗੋ ਵਿੱਚੋਂ 1976 ਵਿੱਚ ਮਨੁੱਖੀ ਸਿਹਤ ਨੂੰ ਪ੍ਰਭਾਵਤ ਕਰਨ ਲੱਗਿਆ। ਸੁਡਾਨ ਦਾ ਸ਼ਹਿਰ ਨਜ਼ਾਰਾ ਅਤੇ ਕਾਂਗੋ ਦਾ ਸ਼ਹਿਰ ਯਾਮਬੁਕੂ ਇਸ ਦੀ ਲਪੇਟ ਵਿੱਚ ਆਏ। ਕਾਂਗੋ ਵਿੱਚ ਇੱਕ ਨਦੀ ਈ ਬੋਲਾ ਦੇ ਨਾਂ 'ਤੇ ਇਸ ਵਾਇਰਸ ਦਾ ਨਾਂ ਰੱਖਿਆ ਗਿਆ ਹੈ।

**ਪ੍ਰਸ਼ਨ :- ਈ ਬੋਲਾ ਮਨੁੱਖਾਂ ਵਿੱਚ ਕਿਵੇਂ ਆਇਆ ?**

ਉਤਰ :- ਜਿਵੇਂ ਏਡਜ ਦਾ ਵਾਇਰਸ ਬਾਂਦਰਾਂ ਤੋਂ ਮਨੁੱਖਾਂ ਵਿੱਚ ਦਾਖਲ ਹੋਇਆ ਸੀ। ਇਸੇ ਤਰ੍ਹਾਂ ਖਿਆਲ ਕੀਤਾ ਜਾਂਦਾ ਹੈ ਕਿ ਇਹ ਵਾਇਰਸ ਵੀ ਮਨੁੱਖਾਂ ਵਿੱਚ ਬਾਂਦਰਾ, ਚਮਗਿੱਦੜਾਂ ਜਾਂ ਸੂਰ ਰਾਹੀ ਆਇਆ ਹੋਵੇ। ਸੂਰ ਦੇ ਮਾਸ਼ ਖਾਣ ਨਾਲ ਜਾਂ ਚਾਮਗਿੱਦੜਾਂ ਦੇ ਕੱਟਣ ਨਾਲ ਜਾਂ ਬਾਂਦਰਾਂ ਦੇ ਕੱਟਣ ਨਾਲ ਮਨੁੱਖ ਵਿੱਚ ਇਹ ਪ੍ਰਵੇਸ਼ ਹੋਵੇਗਾ।

**ਪ੍ਰਸ਼ਨ :- ਈ ਬੋਲਾ ਵਾਇਰਸ ਫੈਲਦਾ ਕਿਵੇਂ ਹੈ ?**

ਉਤਰ : ਜਦੋਂ ਕੋਈ ਰੋਗੀ ਇਸ ਵਾਇਰਸ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਰੋਗੀ ਦੇ ਖੂਨ ਪਸੀਨੇ ਤੇ ਸਾਹ ਲੈਣ ਨਾਲ ਇਹ ਵਾਇਰਸ ਦੂਸਰੇ ਵਿਅਕਤੀਆਂ ਵਿੱਚ ਦਾਖਲ ਹੋ ਸਕਦਾ ਹੈ।

**ਪ੍ਰਸ਼ਨ :- ਈ ਬੋਲਾ ਵਾਇਰਸ ਕਿੰਨੇ ਪ੍ਰਕਾਰ ਦਾ ਹੈ ?**

ਉਤਰ :- 1. ਬੁੰਦੀ ਬੁਗੀਓ ਈ ਬੋਲਾ ਵਾਇਰਸ

2. ਜਾਇਰੇ ਏ ਬੋਲਾ ਵਾਇਰਸ

3. ਸੁਡਾਨ ਈ ਬੋਲਾ ਵਾਇਰਸ

4. ਤਾਈ ਫਾਰੇਸਟ ਈ ਬੋਲਾ ਵਾਇਰਸ

5. ਰੇਸਟਨ ਈਬੋਲਾ ਵਾਇਰਸ

ਉਪਰਲੇ ਤਿੰਨ ਵਾਇਰਸ ਘਾਤਕ ਹਨ ਜਿਨਾਂ ਦੇ ਸ਼ਰੀਰ ਵਿੱਚ ਦਾਖਲ ਹੋਣ ਨਾਲ 65% ਲੋਕ ਮੌਤ ਦਾ ਸ਼ਿਕਾਰ ਹੋ ਚੁੱਕੇ ਹਨ ਹੁਣ ਤੱਕ ਇਹ 3812 ਲੋਕਾਂ ਨੂੰ ਹੋ ਚੁੱਕਿਆ ਹੈ ਜਿਹਨਾਂ ਵਿੱਚੋਂ 2367 ਵਿਅਕਤੀ ਮਰ ਚੁੱਕੇ ਹਨ। ਮਗਰਲੇ ਦੋਨੋ ਵਾਇਰਸ ਚੀਨ ਵਿੱਚ ਹੁੰਦੇ ਹਨ ਜਿਨਾਂ ਨਾਲ ਅੱਜ ਤੱਕ ਕਿਸੇ ਵਿਅਕਤੀ ਦੀ ਮੌਤ ਦੀ ਪੁਸ਼ਟੀ ਨਹੀਂ ਹੋਈ।

**ਪ੍ਰਸ਼ਨ :- ਈ ਬੋਲਾ ਵਾਇਰਸ ਤੋਂ ਬਚਣ ਦੇ ਕੀ ਢੰਗ ਹਨ ?**

ਉਤਰ :- 1. ਰੋਗੀਆਂ ਤੋਂ ਦੂਰ ਰਹੋ ਜੇ




ਨਜਦੀਕ ਜਾਣਾ ਵੀ ਪਵੇ ਤਾਂ ਦਸਤਾਨ ਤੇ ਮਾਸਕ ਪਹਿਨ ਕੇ ਹੀ ਜਾਓ

2. ਹੱਥਾਂ ਨੂੰ ਰੋਜ ਸਾਬਣ ਨਾਲ ਧੋਵੋਂ

3. ਕੱਚੇ ਮਾਸ ਤੋਂ ਬਚਿਆ ਜਾਵੇ।

**ਪ੍ਰਸ਼ਨ :- ਜਦੋਂ ਕੋਈ ਵਿਅਕਤੀ ਈਬੋਲਾ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸਦੀ ਮੌਤ ਕਿੰਨੇ ਦਿਨ ਵਿੱਚ ਹੋ ਜਾਂਦੀ ਹੈ ?**

ਉਤਰ :- ਪੇਟ ਵਿੱਚ ਦਰਦ, ਉਲਟੀਆਂ, ਅੱਖਾਂ ਵਿੱਚ ਜਲਣ, ਸਿਰਦਰਦ, ਥਕਾਨ, ਬੁਖਾਰ ਆਦਿ 7 ਦਿਨ ਤੋਂ 10 ਦਿਨ ਵਿੱਚ ਹੋ ਜਾਂਦੇ ਹਨ। ਚਮੜੀ ਤੇ ਲਾਲ ਤੇ ਚਿੱਟੇ ਜਿਹੇ ਧੱਬੇ ਬਨਣੇ ਸ਼ੁਰੂ ਹੋ ਜਾਂਦੇ ਹਨ। ਖਾਜ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਇਨ੍ਹਾਂ ਵਿੱਚੋਂ ਖੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਜੀਭ ਲਾਲ ਹੋ ਜਾਂਦੀ ਹੈ ਕਈ ਵਾਰ ਪਿੱਛੇ ਨੂੰ ਮੁੜ ਜਾਂਦੀ ਹੈ ਜਾ ਬਾਹਰ ਲਟਕ ਜਾਂਦੀ ਹੈ। ਬਾਰਵੇ ਦਿਨ ਲਿਵਰ, ਦਿਮਾਗ, ਫੇਫੜਿਆਂ ਵਿੱਚ ਖੂਨ ਜੰਮ ਜਾਂਦਾ ਹੈ ਤੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ।

**ਪ੍ਰਸ਼ਨ :- ਸੰਸਾਰ ਪੱਧਰ 'ਤੇ ਇਸਨੂੰ ਫੈਲਣ ਤੋਂ ਰੋਕਣ ਲਈ ਕੀ ਯਤਨ ਕੀਤੇ ਜਾ ਰਹੇ ਹਨ ?**

ਉਤਰ :- ਸੰਸਾਰ ਅੱਜ ਇੱਕ ਦੂਜੇ ਨਾਲ ਜੁੜਿਆ ਹੋਇਆ ਹੈ। ਹਰ ਦੇਸ਼ ਦੇ ਨਾਗਰਿਕ ਦੂਸਰੇ ਦੇਸ਼ਾਂ ਦੀ ਯਾਤਰਾਂ ਕਰਦੇ ਹੀ ਕਹਿੰਦੇ ਹਨ। ਜਦੋਂ ਦੁਨੀਆਂ ਵਿੱਚ ਆਉਣ ਜਾਣ ਦੇ ਮਸ਼ੀਨੀ ਸਾਧਨ ਨਹੀਂ ਸਨ ਤਾਂ ਵਾਇਰਸ ਦੇ ਇੱਕ ਥਾਂ ਤੋਂ ਦੂਜੇ ਥਾਂ 'ਤੇ ਪੁੱਜਣ ਦੀ ਰਫਤਾਰ ਵੀ ਬਹੁਤ ਘੱਟ ਹੁੰਦੀ ਸੀ। ਅੱਜ ਤਾਂ ਮਨੁੱਖ ਧਰਤੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪੁੱਜਣ ਵਿੱਚ ਇੱਕ ਦਿਨ ਹੀ ਲਾਉਂਦਾ ਹੈ। ਇਸ ਲਈ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਮਨੁੱਖਾਂ ਵਿੱਚ ਆਇਆ ਵਾਇਰਸ ਵੀ 24 ਘੰਟੇ ਅੰਦਰ-ਅੰਦਰ ਦੁਨੀਆਂ ਦੇ ਦੂਸਰੇ ਕੋਨੇ 'ਤੇ ਪੁੱਜ ਜਾਂਦਾ ਹੈ। ਇਸ ਲਈ ਹਵਾਈ ਅੱਡੇ, ਬੰਦਰਗਾਹਾਂ, ਤੇ ਜਮੀਨੀ ਬਾਰਡਰਾਂ ਤੇ ਹਿਫਾਜਤੀ ਪ੍ਰਬੰਧ ਕੀਤੇ ਜਾ ਰਹੇ ਹਨ।

**ਪ੍ਰਸ਼ਨ :- ਇਲਾਜ ਲਈ ਖੋਜਾਂ ਦੀ ਕੀ ਹਾਲਤ ਹੈ ?**

ਉਤਰ :- ਆਉਣ ਵਾਲੇ ਚਾਰ ਪੰਜ ਸਾਲਾਂ ਵਿੱਚ ਇਸਦੇ ਇਲਾਜ ਲਈ ਦਵਾਈਆਂ ਈਜਾਦ ਹੋਣ ਦੀ ਸੰਭਾਵਨਾ ਹੈ। ਬਾਂਦਰਾਂ 'ਤੇ ਇੱਕ ਦਵਾਈ ਜੈਡੈਸ਼ੇਪ ਵਰਤੀ ਗਈ ਹੈ ਇਸ ਦੇ ਪ੍ਰੀਖਣ ਸਫਲ ਰਹੇ ਹਨ। ਇੱਕ ਦੋ ਮਨੁੱਖਾਂ 'ਤੇ ਵੀ ਇਸਦੀ ਵਰਤੋਂ ਕੀਤੀ ਗਈ ਜਿਸ ਨਾਲ ਉਹਨਾਂ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ। ਇਸ ਤੋਂ ਬਾਅਦ ਇਸ ਦਵਾਈ ਦੀ ਪਰਖ ਮਨੁੱਖਾਂ ਦੇ ਵੱਡੇ ਗਰੁੱਪਾਂ 'ਤੇ ਕੀਤੀ ਜਾਵੇਗੀ। ਜੇ ਇਹ ਦਵਾਈ ਸਫਲ ਹੋ ਜਾਂਦੀ ਹੈ। ਫਿਰ ਇਸਦੀ ਮੰਨਜੂਰੀ ਨੂੰ ਵੀ ਕੁੱਝ ਸਮਾਂ ਲੱਗੇਗਾ।

**- ਡਾ. ਵਿਸ਼ਾਲ ਭਾਰਤੀ**

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00

...ਤੇ ਦੇਵ ਪੁਰਸ਼ ਹਾਰ ਗਏ 100.00

ਦੇਵ ਦੈਂਤ ਤੇ ਰੂਹਾਂ 100.00

ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00

ਔਰਤਾਂ ਅਤੇ ਮਾਨਸਿਕ ਰੋਗ 50.00



ਮਨੋ ਵਿਸ਼ਲੇਸ਼ਣ 120.00

ਬੱਚੇ ਅਸਫ਼ਲ ਕਿਵੇਂ ਹੁੰਦੇ ਹਨ? 80.00

ਤਰਕਸ਼ੀਲ ਹੋਕਾ 80.00

ਹਿਪਨੋਟਿਜ਼ਮ ਕਿਵੇਂ ਸਿੱਖੀਏ 60.00

ਜੀਵਨ ਦੀਆਂ ਗਣਿਤਕ ਉਲਝਣਾਂ 70.00



ਵਸਤੂ ਸਾਸ਼ਤਰ ਕੋਰਾ ਝੂਠ 40.00

ਰਜਨੀਸ਼ ਬੇਨਕਾਬ 30.00

ਸ਼ੰਕਾ ਨਵਿਰਤੀ 80.00

ਕਣ ਕਣ ਵਿੱਚ ਵਿਗਿਆਨ 40.00

ਤਰਕਸ਼ੀਲ ਦਿਮਾਗੀ ਕਸਰਤਾਂ 50.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



ਮਨੁੱਖ ਮਹਾਂਬਲੀ ਕਿਵੇਂ ਬਣਿਆ 140.00

ਪ੍ਰਸਿੱਧ ਵਿਗਿਆਨਕ ਖੋਜਾਂ 80.00

ਮਹਾਨ ਵਿਗਿਆਨੀ 80.00

ਵਿਗਿਆਨ ਦੀ ਅਦਭੁੱਤ ਦੁਨੀਆਂ 80.00

ਮਨੁੱਖੀ ਸਰੀਰ ਦੇ ਰਹੱਸ 100.00



ਵਿਗਿਆਨ ਦੇ ਚਮਤਕਾਰ 80.00

ਸਾਡਾ ਦੋਸਤ ਵਿਗਿਆਨ 80.00

ਪੁਲਾੜ ਯਾਤਰਾ 120.00

ਮਨੁੱਖ ਦੀ ਉਤਪਤੀ 140.00

ਜੀਵ ਦੀ ਉਤਪਤੀ 250.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00

ਬਾਲ ਮਨਾਂ ਵਿੱਚ ਝਾਤ 120.00

ਸਾਡੇ ਬੱਚੇ ਸਾਡੇ ਚਿਰਾਗ਼ 80.00

ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00

ਸ਼ੂਗਰ ਰੋਗ 30.00

ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00

ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



ਤੰਦਰੁਸਤ ਕਿਵੇਂ ਰਹੀਏ 80.00

ਬਾਤਾਂ ਵਲੈਤ ਦੀਆਂ 80.00

ਰਿਸ਼ਤਿਆਂ ਦਾ ਕਾਤਲ 40.00

ਸਿਹਤ ਅਤੇ ਵਹਿਮ 100.00



ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-

ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-

ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



ਆਓ ਕੰਪਿਊਟਰ ਸਿੱਖੀਏ 80.00

ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00

ਸੂਚਨਾ ਦਾ ਅਧਿਕਾਰ ਕਾਨੂੰਨ 2005 30.00

ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com



ਜਨਰਲ ਨਾਲਿਜ
80.00



ਪੰਜਾਬ ਵਸੀਕਾ ਨਵੀਸੀ
250.00



ਕਚਹਿਰੀ ਸ਼ਬਦ-ਕੋਸ਼
150.00



ਜਨਰਲ ਨਾਲਿਜ
100.00



ਪ੍ਰਾਪਰਟੀ ਕਾਰੋਬਾਰ ਤੋਂ ਖ਼ੁਸ਼ਹਾਲੀ
200.00



ਦਿਮਾਗੀ ਵਿਕਾਸ ਕਿਵੇਂ ਕਰੀਏ
60.00



ਅੰਕਾਂ ਦਾ ਜਾਦੂ
60.00



ਵਿਗਿਆਨਕ ਜਾਦੂਗਰ
60.00



ਤਰਕਸ਼ੀਲ ਜਾਦੂਗਰ
60.00



ਸਟੇਜ ਦੇ ਜਾਦੂ
60.00



ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00



ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00



ਜਿਓਤਿਸ਼ ਦਾ ਐਕਸਰੇ /ਸੁਰਿਜਤ ਦੌਧਰ
100.00



ਦਿਲ ਦੀ ਵਿਗੜ ਰਹੀ ਸਿਹਤ
100.00



ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00



ਸੁੰਦਰਤਾ ਬਣਾਈ ਰੱਖਣ ਦੇ ਢੰਗ
100.00



ਨਾਨ-ਵੈਜ ਤਿਆਰ ਕਰਨ ਦੇ ਢੰਗ
100.00



ਨਸ਼ੇ ਛੱਡਣ ਦੇ ਢੰਗ
100.00



**ਦ ਸੈਕੰਡ ਸੈਕਸ**
400.00



**ਬੈਟਰ ਹੱਾਫ ਦੀ ਦੁਰਦਸ਼ਾ**
80.00



**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖ਼ਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਪਾਣੀ ਦੇ ਵਹਾਅ ਨਾਲ ਮੁਰਦੇ ਵੀ ਵਹਿ ਜਾਂਦੇ ਹਨ



ਰਾਜਵੰਤ ਸਿੰਘ ਮੋਹਾਲੀ

**Don't go with the Wind**

ਮੈਂ ਵਪਾਰ ਜਗਤ ਨਾਲ ਜੁੜਿਆ ਹੋਣ ਕਰਕੇ ਸਮੇਂ ਦੀ ਕਮੀ ਕਾਰਨ ਸ਼ਾਇਦ ਇਹ ਦੂਜੀ ਕਿਤਾਬ ਕਦੇ ਨਾ ਲਿਖ ਪਾਉਂਦਾ, ਜੇਕਰ ਮੈਨੂੰ ਆਪਣੀ ਜ਼ਿੰਦਗੀ ਵਿੱਚ ਕੁਝ ਸੰਤੁਸ਼ਟ ਅਤੇ ਕੁਝ ਕਰਨ ਜਾਂ ਮਰ ਮਿਟਣ ਦਾ ਜ਼ਜਬਾ ਰੱਖਣ ਵਾਲੇ ਦੋ ਤਰ੍ਹਾਂ ਦੇ ਵਿਅਕਤੀ ਨਾ ਮਿਲਦੇ। ਮੈਨੂੰ ਅੱਗੇ ਵਧਣ ਦਾ ਸ਼ੌਕ ਹਮੇਸ਼ਾ ਹੀ ਰਿਹਾ ਹੈ। ਜਦੋਂ ਜਦੋਂ ਵੀ ਮੈਂ ਸਮਾਜ ਵਿੱਚ ਵਿਚਰਦਿਆਂ ਹੋਰ ਵਿਅਕਤੀਆਂ ਨੂੰ ਮਿਲਦਾ ਹਾਂ ਤਾਂ ਮੈਂ ਹਮੇਸ਼ਾਂ ਹੀ ਉਨ੍ਹਾਂ ਤੋਂ ਸਿੱਖਣ ਦੀ ਕੋਸ਼ਿਸ਼ ਕਰਦਾ ਹਾਂ। ਜਿਹੜੇ ਵਿਅਕਤੀ ਜ਼ਿੰਦਗੀ ਵਿੱਚ ਸੰਤੁਸ਼ਟ ਰਹੇ ਸਨ, ਰਹੇ ਹਨ ਜਾਂ ਰਹਿਣਗੇ ਉਨ੍ਹਾਂ ਦਾ ਨਾਂ ਕਦੇ ਵੀ ਸੂਰਜ ਵਾਂਗ ਅਸਮਾਨ ਵਿੱਚ ਨਾ ਚਮਕਿਆ ਹੋਵੇਗਾ ਅਤੇ ਨਾ ਹੀ ਚਮਕੇਗਾ। ਅਜਿਹੇ ਲੋਕ ਅਖੌਤੀ ਸੰਤੁਸ਼ਟੀ ਕਾਰਨ ਕੁਝ ਵੀ ਨਾ ਕਰਨ ਦੀ ਬਹਾਨੇਬਾਜੀ ਕਰਕੇ ਆਪਣੇ ਆਪ ਨੂੰ ਤਬਦੀਲ ਹੋਣ ਤੋਂ ਰੋਕਦੇ ਹਨ। ਤਬਦੀਲੀ ਕੁਦਰਤ ਦਾ ਨਿਯਮ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਜੇਕਰ ਅਸੀਂ ਜ਼ਿੰਦਗੀ ਵਿੱਚ ਤਬਦੀਲੀ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਆਪ ਨੂੰ ਬਦਲਣ ਲਈ ਅਤੇ ਲਕੀਰ ਤੋਂ ਹਟ ਕੇ ਕੁਝ ਅਲੱਗ ਕਰਨ ਕਰਕੇ ਥੋੜ੍ਹੀ ਤਕਲੀਫ ਝੱਲਣੀ ਪੈਂਦੀ ਹੈ, ਜੋ ਅਸੀਂ ਆਮ ਤੌਰ 'ਤੇ ਝੱਲਣ ਲਈ ਤਿਆਰ ਨਹੀਂ ਹੁੰਦੇ।

ਦੂਜੀ ਤਰ੍ਹਾਂ ਦੇ ਜਨੂੰਨੀ ਵਿਅਕਤੀ ਮੈਨੂੰ ਵੱਧ ਪ੍ਰਭਾਵਿਤ ਕਰਦੇ ਹਨ। ਜਿੰਨ੍ਹਾਂ ਨੇ ਹਵਾ ਦੀ ਦਿਸ਼ਾ ਬਦਲਣ ਦੀ ਹਿੰਮਤ ਕੀਤੀ ਅਤੇ ਬਦਲ ਕੇ ਦਿਖਾਇਆ। ਉਦਾਹਰਣ ਦੇ ਤੌਰ 'ਤੇ ਅਰੁਨਿਮਾ ਸਿਨਹਾ, ਜਿਸ ਨੇ ਇਕ ਪੈਰ ਨਾ ਹੋਣ ਦੀ ਸੂਰਤ ਵਿਚ ਵੀ ਮਾਊਂਟ ਐਵਰੈਸਟ ਨੂੰ ਫਤਿਹ ਕਰ ਕੇ ਦਿਖਾ ਦਿੱਤਾ। ਮੇਰੀ ਇਸ ਦੂਜੀ ਕਿਤਾਬ ਦਾ ਜਨਮ ਅਜਿਹੇ ਲੋਕਾਂ ਕਰਕੇ ਹੀ ਹੋ ਸਕਿਆ ਜੋ ਜਨੂੰਨ ਜਾਂ ਪਾਗਲਪਣ ਦੀ ਧੁੰਨ 'ਤੇ ਸਵਾਰ ਹਨ।

ਪਹਿਲੀ ਕਿਤਾਬ ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ ਤਾਂ ਮੈਂ ਇਸ ਕਰਕੇ ਲਿਖੀ ਸੀ ਕਿ ਪ੍ਰਾਪਰਟੀ ਕਾਰੋਬਾਰ 'ਤੇ ਮੈਂ ਆਪਣੇ 20 ਸਾਲਾਂ ਦੇ ਕਾਰੋਬਾਰੀ ਕਾਲ ਦੌਰਾਨ ਅਜਿਹੀ ਕਿਤਾਬ ਕਦੇ ਹੀ ਨਹੀਂ ਦੇਖੀ ਸੀ, ਜਿਸ ਤੋਂ ਕੋਈ ਸਾਧਾਰਨ ਵਿਅਕਤੀ ਜਾਂ ਨਵਾਂ ਕਾਰੋਬਾਰੀ ਸਿੱਖ ਕੇ ਲਾਭ ਲੈ ਸਕਦਾ ਹੁੰਦਾ। ਦੂਜਾ ਕਾਰਨ ਕਿ ਜੇਕਰ ਮੈਂ ਸਵਾਰਥੀ ਨਜ਼ਰੀਏ ਤੋਂ ਵੀ ਸੋਚਾਂ ਤਾਂ ਇਹ ਕਿਤਾਬ ਮੈਨੂੰ ਪੂਰੇ ਪੰਜਾਬ ਅਤੇ ਭਾਰਤ ਦੇ ਕਈ ਹੋਰ ਸੂਬਿਆਂ ਦੇ ਪ੍ਰਾਪਰਟੀ ਡੀਲਰਜ਼ ਅਤੇ ਬਿਲਡਰਜ਼ ਤੋਂ ਨਿਵੇਕਲੀ ਪਛਾਣ ਦਿਵਾਉਂਦੀ ਸੀ। ਮੈਂ ਪ੍ਰਾਪਰਟੀ ਕਾਰੋਬਾਰ ਵਿੱਚ ਬਹੁਤ ਹੇਠਲੇ ਪੱਧਰ ਤੋਂ ਸ਼ੁਰੂ ਕਰਕੇ ਉਪਰਲੇ ਪੱਧਰ ਤਕ ਵੀਹ ਸਾਲ ਤੋਂ ਵੀ ਜ਼ਿਆਦਾ ਦੀ ਲੰਬੀ ਪਾਰੀ ਖੇਡੀ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਡੰਡੌਤ ਰਾਹੀਂ ਸਿੱਖਿਆ ਹੈ। ਮੈਂ ਆਪਣੀ ਜ਼ਿੰਦਗੀ 1980 ਵਿਚ ਇੱਕ ਫੈਕਟਰੀ ਮਜ਼ਦੂਰ ਜਿਸ ਨੂੰ 180/-ਰੁਪਏ ਵੇਤਨ ਮਿਲਦਾ ਸੀ, ਤੋਂ ਸ਼ੁਰੂ ਕਰਕੇ ਟੈਲੀਫੋਨ ਮਹਿਕਮੇ ਅਤੇ ਸੈਂਟਰਲ ਬੈਂਕ ਆਫ ਇੰਡੀਆ ਦੀ ਨੌਕਰੀ ਕਰਕੇ ਅਤੇ ਆਪਣੀ ਮਰਜ਼ੀ ਨਾਲ ਆਪ ਛੱਡ ਕੇ ਇੱਥੋਂ ਤੱਕ ਪਹੁੰਚਿਆ ਹਾਂ। ਜ਼ਿੰਦਗੀ ਵਿੱਚ ਬਹੁਤ ਵਾਰ ਫੈਸਲੇ ਲਏ, ਜਲਦ ਫੈਸਲੇ ਲਏ ਜਿਸ ਕਰਕੇ ਮੈਨੂੰ ਲਾਭ ਹੋਣਾ ਸੁਭਾਵਿਕ ਸੀ। ਪ੍ਰੰਤੂ ਕਿਸੇ ਵੀ ਆਦਮੀ ਦੇ ਸਾਰੇ ਫੈਸਲੇ ਸਹੀ ਨਹੀਂ ਹੋ ਸਕਦੇ। ਮੇਰੇ ਤੋਂ ਵੀ ਕਈ ਫੈਸਲੇ ਗਲਤ ਹੋ ਗਏ। ਸਿੱਟਾ ਕਰਜ਼ਾ, ਬਦਨਾਮੀ ਅਤੇ ਲੋਕਾਂ ਵੱਲੋਂ ਸਿੱਖਿਆਵਾਂ ਮਿਲਣੀਆਂ। ਵਪਾਰ ਵਿੱਚ ਲਗਾਤਾਰ ਦੋ ਵਾਰ ਘਾਟਾ। ਉਹ ਵੀ ਕਮਰ ਤੋੜ। ਸੰਗੀ ਸਾਥੀ ਅਤੇ ਰਿਸ਼ਤੇਦਾਰ ਚੜ੍ਹਾਈ ਵੇਲੇ ਜੋ ਕਦੇ ਸਲਾਹਾਂ ਲੈਣ ਲਈ ਆਉਂਦੇ ਸਨ, ਹੁਣ ਉਹ ਲੋਕ ਮੇਰੇ ਵਾਲੀ ਕੁਰਸੀ 'ਤੇ ਬੈਠ ਕੇ ਮੈਨੂੰ ਸਲਾਹਾਂ ਦੇਣ ਲੱਗ ਪਏ। ਮੈਨੂੰ ਆਪਣੀਆਂ ਸਾਰੀਆਂ ਗਲਤੀਆਂ ਸ਼ਾਇਦ ਯਾਦ ਨਾ ਹੋਣ, ਪਰ ਮੇਰੇ ਨੇੜਲੇ ਸਾਰਿਆਂ ਬੰਦਿਆਂ ਨੂੰ ਬਹੁਤ ਚੰਗੀ ਤਰ੍ਹਾਂ ਯਾਦ ਸਨ। ਜਿਹੜੇ ਲੋਕ ਤੁਹਾਨੂੰ ਆਪਣਾ ਆਦਰਸ਼ ਮੰਨਦੇ ਹੋਣ, ਉਹਨਾ ਦੇ ਮੂੰਹ ਤੋਂ ਨਸੀਹਤ ਸੁਣਨਾ ਅਤੀ ਕਸ਼ਟਦਾਇਕ ਲਗਦਾ ਹੈ ਅਤੇ ਸੁਭਾਵਿਕ ਵੀ ਹੈ।

ਸਫਲਤਾ ਅਤੇ ਅਸਫਲਤਾ ਦੌਰਾਨ ਇਹ ਫਰਕ ਨੋਟ ਕੀਤੇ ਜਾਂਦੇ ਹਨ। ਸਫਲਤਾ ਵੇਲੇ ਤੁਹਾਨੂੰ ਤਾਰੀਫ, ਪ੍ਰਸਿੱਧੀ (ਨਾਮ), ਲਾਭ ਅਤੇ ਖੁਸ਼ੀ ਮਿਲਦੀ ਹੈ ਜਦੋਂ ਕਿ ਨੁਕਸਾਨ ਵੇਲੇ ਤੁਹਾਨੂੰ ਬਦਨਾਮੀ, ਦੋਸ਼, ਨੁਕਸਾਨ ਅਤੇ ਦੁਖ ਮਿਲਦੇ ਹਨ। ਜਦੋਂ ਤੁਸੀਂ ਕਾਮਯਾਬ ਹੁੰਦੇ ਹੋ ਤਾਂ ਤੁਹਾਡੀ ਕਾਮਯਾਬੀ ਦੇ ਕਿੱਸੇ ਸੁਣਾਉਣ ਲਈ ਮੌਕਾ ਪ੍ਰਸਤ ਦੋਸਤਾਂ ਦੀ ਭੀੜ ਤੁਹਾਡੇ ਆਲੇ ਦੁਆਲੇ ਆਪਣੇ ਆਪ ਇਕੱਠੀ ਹੋ ਜਾਂਦੀ ਹੈ। ਪ੍ਰੰਤੂ ਤੁਹਾਡੇ ਸਫਲ ਨਾ ਹੋਣ ਦੀ ਸੂਰਤ ਵਿਚ ਲੋਕ ਤੁਹਾਨੂੰ ਆਪਣਾ ਪੱਖ ਸਪੱਸ਼ਟ ਕਰਨ ਦਾ ਮੌਕਾ ਵੀ ਨਹੀਂ ਦਿੰਦੇ।

when you are successful you win false friends and true enemies.

ਲੋਕਾਂ ਨੇ ਮੇਰੇ ਤੋਂ ਹੋਇਆਂ ਗਲਤ ਫੈਸਲਿਆਂ ਕਰਕੇ ਮੈਨੂੰ ਵੀ ਗਲਤ ਪਦਵੀਆਂ ਦਿੱਤੀਆਂ, ਦੋਸ਼ ਲਾਏ। ਲੋਕਾਂ ਦਾ ਕਸੂਰ ਵੀ ਕੀ ਹੈ? ਲੋਕ ਆਪਣੀ ਜਗ੍ਹਾ 'ਤੇ ਸਹੀ ਸਨ। ਕਿਉਂ ਕਿ ਸਲਾਮ ਤਾਂ ਚੜ੍ਹਦੇ ਸੂਰਜ ਨੂੰ ਹੀ ਹੁੰਦੀ ਹੈ। ਜਦੋ ਤੁਸੀਂ ਲੋਕਾਂ ਦਾ ਫਾਇਦਾ ਕਰਦੇ ਹੋ ਤਾਂ ਤੁਸੀਂ ਗੁਣਵਾਨ ਅਤੇ ਜੇਕਰ ਕਿਸੇ ਵੀ ਵਜਾਹ ਕਰਕੇ ਨੁਕਸਾਨ ਹੋ ਜਾਵੇ ਤਾਂ ਤੁਸੀਂ ਬੇਵਕੂਫ। "ਹਸਾਏ ਦਾ ਨਾਂ ਕਦੇ ਨਹੀਂ ਹੁੰਦਾ ਰੁਆਏ ਦਾ ਹਮੇਸ਼ਾ ਹੁੰਦਾ ਹੈ"।

ਮੈਂ ਆਪਣੀ ਜ਼ਿੰਦਗੀ ਵਿੱਚ ਰਾਬਰਟ ਟੀ. ਕਿਉਸਾਕੀ ਦੀ ਕਿਤਾਬ The Business School ਅਤੇ Billi Lim ਦੀ ਕਿਤਾਬ Dare To Fail ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਇਨ੍ਹਾਂ ਦੋ ਕਿਤਾਬਾਂ ਨੇ ਮੇਰੇ ਅੰਦਰਲੇ ਨਾਕਾਰਤਮਕ ਸੋਚ ਵਾਲੇ ਨਿਰਾਸ਼ ਇਨਸਾਨ ਨੂੰ ਬਾਹਰ ਕੱਢ ਮਾਰਿਆ। ਮੈਂ ਆਪਣੇ ਆਪ ਨੂੰ ਪਛਾਨਣਾ ਸ਼ੁਰੂ ਕੀਤਾ। ਮੈਨੂੰ ਲਗਣ ਲੱਗਿਆ ਕਿ ਮੈਂ ਦੁਨੀਆਂ ਦਾ ਪਹਿਲਾ ਵਿਅਕਤੀ ਨਹੀਂ ਹਾਂ, ਜੋ ਆਪਣੇ ਕੰਮ ਵਿਚ ਅਸਫਲ ਹੋਇਆ ਹੋਵੇ।

ਗਲਤੀਆਂ ਕਰਨ ਵਾਲਿਆਂ ਬਾਰੇ ਮਹਾਨ ਦਾਰਸ਼ਨਿਕ ਅਤੇ ਬੁਧੀਜੀਵੀ ਕੀ ਕਹਿੰਦੇ ਹਨ, ਆਉ ਜਾਣੀਏ।

1. I have learnt more from my mistakes than from my success.

*Sir Humphary Davi*

2. We never learn from our success we always learn from our failure.

*John Naisbitt*

3. Failure is only the opportunity to begin again more intelligently.

*Sir Henry Ford*

4. Past failures are the pillars of our success.

*Anonymous*

5. Mistakes are sins only when they are not

admitted and rectified.

*Anonymous*

ਜ਼ਿਆਦਾ ਗਲਤੀਆਂ, ਮਤਲਬ ਜ਼ਿਆਦਾ ਤਜ਼ਰਬਾ, ਜ਼ਿਆਦਾ ਅਨੁਭਵ। ਫਿਰ ਤਾਂ ਇਹੋ ਕਹਿਣਾ ਠੀਕ ਹੋਵੇਗਾ ਕਿ

ਜਹਾਂ ਨਾ ਪਹੁੰਚੇ ਰਵੀ, ਤਹਾਂ ਪਹੁੰਚੇ ਕਵੀ
ਜਹਾਂ ਨਾ ਪਹੁੰਚੇ ਕਵੀ, ਫਿਰ ਤਹਾਂ ਪਹੁੰਚੇ ਅਨੁਭਵੀ।

ਸਾਨੂੰ ਸਭ ਨੂੰ ਪਤਾ ਹੈ ਕਿ ਜੇ ਅਸੀਂ ਸੂਰਜ ਵਾਂਗ ਚਮਕਣਾ ਚਾਹੁੰਦੇ ਹਾਂ ਤਾਂ ਸਾਨੂੰ ਸੂਰਜ ਵਾਂਗ ਤਪਣਾ ਤਾਂ ਜ਼ਰੂਰ ਪਵੇਗਾ। ਸੂਰਜ ਵਾਂਗ ਅੱਗ ਨਾਲ ਲਾਲ ਤਾਂ ਹੋਣਾ ਹੀ ਪਵੇਗਾ। ਲੋਹੇ ਨੂੰ ਗਰਮ ਕਰਕੇ ਅਤੇ ਉਪਰੋਂ ਹਥੌੜੇ ਮਾਰ ਕੇ ਹੀ ਉਪਯੋਗੀ ਸੰਦ ਬਣਾ ਕੇ ਉਸ ਦਾ ਮੁੱਲ ਵਧਾਇਆ ਜਾ ਸਕਦਾ ਹੈ। ਸੋਨੇ ਨੂੰ ਕੁਠਾਲੀ ਵਿੱਚ ਪੈਣ ਤੋਂ ਬਾਅਦ ਹੀ ਗਹਿਣਿਆਂ ਦੇ ਉਪਯੋਗ ਵਿੱਚ ਲਿਆ ਜਾ ਸਕਦਾ ਹੈ। ਲੋਕ ਗਹਿਣੇ ਪਸੰਦ ਕਰਦੇ ਹਨ। ਸੋਨੇ ਨੂੰ ਨਹੀਂ। ਮੰਦਿਰਾਂ ਵਿੱਚ ਵੀ ਦੋ ਤਰ੍ਹਾਂ ਦਾ ਪੱਥਰ ਮਿਲਦਾ ਹੈ ਜਿਸ ਵਿੱਚ ਇੱਕ ਪੱਥਰ ਉੱਤੇ ਲੋਕ ਆਪਣੇ ਪੈਰ ਪੂੰਝਦੇ ਹਨ ਅਤੇ ਦੂਜੇ ਪੱਥਰ ਨੂੰ ਰੱਬ ਮੰਨ ਕੇ ਸ਼ਰਧਾ ਨਾਲ ਪ੍ਰਸ਼ਾਦ ਚੜ੍ਹਾਉਂਦੇ ਹਨ। ਉਸ ਪੱਥਰ ’ਤੇ ਸ਼ਰਧਾ ਨਾਲ ਪ੍ਰਸ਼ਾਦ ਚੜ੍ਹਨ ਦਾ ਕਾਰਨ ਸਿਰਫ ਹਥੌੜੀਆਂ ਅਤੇ ਛੈਣੀਆਂ ਦੀ ਮਾਰ ਝੱਲ ਕੇ ਮੂਰਤੀ ਬਣਨਾ ਹੀ ਹੁੰਦਾ ਹੈ। ਇੱਕ ਸਾਧਾਰਨ ਇਨਸਾਨ ਜਦੋਂ ਵੀ ਸੰਕਟਾਂ ਵਿੱਚ ਘਿਰਦਾ ਹੈ ਤਾਂ ਉਹ ਉਸ ਵਿੱਚੋਂ ਨਿਕਲਣ ਲਈ ਤਰਲੋ ਮੱਛੀ ਹੁੰਦਾ ਹੈ। ਦੁਖਾਂ ਵਿਚੋਂ ਬਾਹਰ ਨਿਕਲਣ ਲਈ ਉਸ ਨੂੰ ਆਪਣਾ ਮਾਨਸਿਕ ਕੱਦ ਵੱਡਾ ਕਰਨਾ ਹੀ ਪੈਂਦਾ ਹੈ ਤਾਂ ਹੀ ਉਹ ਦੁੱਖਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਦੋਂ ਕਦੇ ਵੀ ਕਿਸੇ ਕਮਜ਼ੋਰ ਵਿਅਕਤੀ ਦਾ ਵਿਰੋਧ ਹੋਇਆ ਹੈ ਉਹ ਉਸ ਵੇਲੇ ਪਾਣੀ ਦੇ ਝੱਗ ਵਾਂਗ ਬੈਠ ਗਿਆ ਅਤੇ ਆਪਣੀ ਹੋਂਦ ਗਵਾ ਬੈਠਾ ਪ੍ਰੰਤੂ ਜਦੋਂ ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਦਾ ਵਿਰੋਧ ਹੋਇਆ ਹੈ, ਉਹ ਹਮੇਸ਼ਾਂ ਹੀ ਸੂਰਜ ਵਾਂਗ ਚਮਕਿਆ ਹੈ।

ਜਦੋਂ ਤੁਸੀਂ ਲੋਕਾਂ ਦੁਆਰਾ ਲਗਾਏ ਹੋਏ ਦੋਸ਼ਾਂ ਨੂੰ ਝਲਦੇ ਹੋ ਤਾਂ ਤੁਹਾਡੇ ਅੰਦਰ ਵੱਡੀਆਂ ਵੱਡੀਆਂ ਗੱਲਾਂ ਨੂੰ ਸਹਿਣ ਕਰਨ ਦੀ ਅਥਾਹ ਸ਼ਕਤੀ ਆ ਜਾਂਦੀ ਹੈ। ਜੋ ਕਿ ਇਕ ਉਚੇ ਕਾਮਯਾਬੀ ਵਾਲੇ ਵਿਅਕਤੀਤਵ ਲਈ ਅਤਿ ਜਰੂਰੀ ਹੈ। ਸਾਡੇ ਵਿਚੋਂ ਬਹੁਤੇ ਬੰਦਿਆਂ ਦਾ ਇਹ ਮੱਤ ਹੈ ਕਿ ਪੈਸੇ ਤੋਂ ਬਿਨਾ ਕੋਈ ਕਾਰੋਬਾਰ ਨਹੀਂ ਹੋ ਸਕਦਾ। ਸ਼ਾਇਦ ਇਸੇ ਕਰਕੇ ਹੀ ਸਾਡੇ ਸਕੂਲਾਂ ਵਿੱਚ ਪੜ੍ਹਾਈ ਉੱਤੇ ਜ਼ਿਆਦਾ ਜ਼ੋਰ ਦੇ ਕੇ ਸਾਨੂੰ ਨੌਕਰੀ ਕਰਨ ਵੱਲ ਪ੍ਰੇਰਿਤ ਕੀਤਾ ਜਾਂਦਾ ਹੈ। ਪ੍ਰੰਤੂ ਨੌਕਰੀ ਨਾ ਮਿਲਣ ’ਤੇ ਅਸੀਂ ਬੇਰੁਜ਼ਗਾਰ ਹੋ ਜਾਂਦੇ ਹਾਂ ਅਤੇ ਬੇਰੁਜ਼ਗਾਰੀ ਭੱਤੇ ’ਤੇ ਗੁਜ਼ਾਰਾ ਕਰਨ ਲੱਗਦੇ ਹਾਂ। ਜਿਸ ਦੀ ਤੁਲਨਾ ਪਾਣੀ ਦੇ ਇੱਕ ਉਸ ਚਮਚੇ ਨਾਲ ਕੀਤੀ ਜਾ ਸਕਦੀ ਹੈ ਜਿਸ ਦੇ ਸਹਾਰੇ ਸਾਨੂੰ ਸਿਰਫ ਜਿਉਂਦਾ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਡੇ ਵਿੱਚ ਜੋਸ਼, ਜਨੂੰਨ ਅਤੇ ਤਾਕਤ ਦੀ ਅਣਹੋਂਦ ਹੋ ਜਾਂਦੀ ਹੈ।

ਅਜਿਹੀ ਸੋਚ ਵਾਲੇ ਲੋਕਾਂ ਨੂੰ ਮੈਂ ਜ਼ਿੰਦਗੀ ਦਾ ਦੂਜਾ ਪਹਿਲੂ ਦਿਖਾਉਣ ਦੀ ਕੋਸ਼ਿਸ਼ ਕਰਦਾ ਹਾਂ। ਪੈਸਾ ਨਾ ਹੋਣਾ ਉਹਨਾਂ ਲੋਕਾਂ ਦੇ ਮੁਕਾਬਲੇ ਤੁਹਾਡੀ ਵੱਡੀ ਪ੍ਰਾਪਤੀ ਹੈ ਜਿਹੜੇ ਇਨਸਾਨ ਆਪਣੇ ਵਪਾਰ ਵਿੱਚ ਕਿਸੇ ਨਾ ਕਿਸੇ ਕਾਰਨ ਪਏ ਘਾਟੇ ਕਾਰਨ ਆਪਣੇ ਕੱਦ ਤੋਂ ਵੱਧ ਕਰਜੇ ਵਿੱਚ ਫਸ ਜਾਂਦੇ ਹਨ ਅਤੇ ਫਿਰ ਵੀ ਉਹ ਆਪਣੀ ਸੂਝਬੂਝ, ਹਿੰਮਤ ਅਤੇ ਦਲੇਰੀ ਕਰਕੇ ਨਾ ਕੇਵਲ ਕਰਜੇ ਤੋਂ ਬਾਹਰ ਆਉਂਦੇ ਬਲਕਿ ਦੁਬਾਰਾ ਆਪਣਾ ਸਾਮਰਾਜ ਖੜ੍ਹਾ ਕਰਦੇ ਦੇਖੇ ਜਾ ਸਕਦੇ ਹਨ। ਲੋਕ ਕਰਜੇ ਵਾਲੇ ਵਿਅਕਤੀ ਤੋਂ ਦੂਰੀ ਬਣਾਉਦਿਆਂ ਹੋਇਆਂ ਦੇਖੇ ਜਾ ਸਕਦੇ ਹਨ। ਤੁਸੀਂ ਇੱਕ ਸਧਾਰਨ ਵਿਅਕਤੀ ਅਤੇ ਚੰਗੇ ਚਰਿੱਤਰ ਦੇ ਮਾਲਕ ਹੋਵੋ ਅਤੇ ਤੁਹਾਨੂੰ ਲੋਕਾਂ ਵਿੱਚ ਵਿਚਰਨਾ ਆਉਂਦਾ ਹੋਵੇ, ਭਾਵੇਂ ਤੁਹਾਡੇ ਕੋਲ ਪੈਸਾ ਨਾ ਵੀ ਹੋਵੇ, ਦੁਨੀਆਂ ਮੱਦਦ ਕਰਨ ਲਈ ਤਿਆਰ ਹੋ ਜਾਂਦੀ ਹੈ। ਪ੍ਰੰਤੂ ਇੱਕ ਕਰਜ਼ਦਾਰ, ਚਾਹੇ ਉਹ ਚੰਗੇ ਚਰਿੱਤਰ ਵਾਲਾ ਵੀ ਹੋਵੇ ਜਾਂ ਉਸ ਦਾ ਕਰਜ਼ਾ ਕਿਸੇ ਕੁਦਰਤੀ ਕਰੋਪੀ ਜਾਂ ਹਾਲਾਤਾਂ ਕਰਕੇ ਹੀ ਚੜ੍ਹਿਆ ਹੋਵੇ ਦੁਨੀਆਂ ਉਸ ਤੋਂ ਦੂਰ ਭੱਜਦੀ ਹੈ। ਆਰਥਿਕ ਤੌਰ ’ਤੇ ਨੁਕਸਾਨ ਹੋਣਾ ਬੁਰਾ ਨਹੀਂ, ਬਲਕਿ ਬੁਰਾ ਹੈ ਉਸ ਨੁਕਸਾਨ ਨੂੰ ਆਪਣੇ ਮਨ ਉਤੇ ਲਾ ਕੇ ਸਦਾ ਹੀ ਝੂਰਦੇ ਰਹਿਣਾ, ਨਿਰਾਸ਼ ਰਹਿਣਾ। ਆਪਣੇ ਆਪ ਨੂੰ ਨਿਰਾਸਤਾ (DEPRESSION) ਵਿਚ ਲੈ ਜਾਣਾ। ਕਿਸੇ ਵੀ ਕੰਮ ਨੂੰ ਕਰਦੇ ਹੋਏ ਡਿੱਗਣਾ ਬੁਰਾ ਨਹੀਂ ਪ੍ਰੰਤੂ ਡਿੱਗ ਕੇ ਦੁਬਾਰਾ ਉਠਣ ਦੀ ਹਿੰਮਤ ਗੁਆ ਲੈਣਾ ਬੁਰਾ ਹੈ। ਸਾਡੇ ਬੈਂਕ ਦਾ ਇਕ ਮੁਲਾਜ਼ਮ ਇਕ ਸੜਕ ਹਾਦਸੇ ਦੌਰਾਨ ਆਪਣੀ ਇਕ ਲੱਤ ਗਵਾ ਬੈਠਾ ਅਤੇ ਨਿਰਾਸਤਾ ਨਾ ਝੱਲਦੇ ਹੋਇਆਂ ਆਤਮ-ਹੱਤਿਆ ਕਰ ਗਿਆ। ਦੂਜੇ ਪਾਸੇ ਲਖਨਊ ਦੀ ਅਰੁਣਿਮਾ ਸਿਨਹਾ ਨਾਂ ਦੀ ਕੁੜੀ ਰੇਲ ਹਾਦਸੇ ਵਿਚ ਇਕ ਪੈਰ ਗਵਾਉਣ ਤੋਂ ਬਾਅਦ ਵੀ ਮਾਊਂਟ ਐਵਰੈਸਟ ਨੂੰ ਫਤਿਹ ਕਰ ਗਈ। ਪੰਜਾਬ ਤੋਂ ਮਿਸ ਸ਼ੁਭਰੀਤ ਕੌਰ ਘੁੰਮਣ ਸੜਕ ਹਾਦਸੇ ਵਿਚ ਲੱਤ ਗਵਾਉਣ ਤੋਂ ਬਾਅਦ ਭਾਰਤ ਦੀ ਮਸ਼ਹੂਰ ਨਰਤਕੀ ਬਣੀ। ਇਸੇ ਤਰਾਂ ਮੇਜਰ ਡੀ. ਪੀ. ਸਿੰਘ ਕਾਰਗਿਲ ਯੁੱਧ ਵਿਚ ਲੱਤ ਗਵਾਉਣ ਤੋਂ ਬਾਅਦ ਵੀ ਭਾਰਤ ਦਾ ਪਹਿਲਾ ਬਲੇਡ ਰਨਰ ਬਣਿਆ। ਇਹ ਵਿਅਕਤੀ ਆਪਣੀ ਸੋਚ ਅਤੇ ਵਿਵਹਾਰ ਕਾਰਨ ਹੀ ਆਪਣੇ ਆਪ ਨੂੰ ਪ੍ਰਤਿਭਾਸ਼ਾਲੀ ਸਾਬਤ ਕਰ ਕੇ ਉੱਚੇ ਮੁਕਾਮ ’ਤੇ ਪਹੁੰਚੇ ਜਦੋਂ ਕਿ ਸਾਡੇ ਬੈਂਕ ਦਾ ਉਹ ਮੁਲਾਜ਼ਮ ਸਾਥੀ ਆਤਮ ਹੱਤਿਆ ਕਰਕੇ ਇਕ ਬੁਜ਼ਦਿਲ ਇਨਸਾਨ ਸਾਬਤ ਹੋਇਆ। ਆਦਮੀ ਨੂੰ ਹਮੇਸ਼ਾ ਮਾਨਸਿਕ ਅਪੰਗਤਾ ਤੋਂ ਦੂਰ ਰਹਿਣਾ ਚਾਹੀਦਾ ਹੈ, ਸਰੀਰਕ ਤੌਰ ’ਤੇ ਅਪੰਗ ਹੁੰਦਿਆਂ ਹੋਇਆਂ ਵੀ ਅਨੇਕਾਂ ਲੋਕਾਂ ਨੇ ਜ਼ਿੰਦਗੀ ਵਿਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ।

ਹੁਣ ਮੈਂ ਤੁਹਾਨੂੰ ਕੁਝ ਅਜਿਹੀਆਂ ਸਖਸ਼ੀਅਤਾਂ ਦੇ ਰੂ-ਬ-ਰੂ ਕਰਵਾਉਂਦਾ ਹਾਂ ਜਿੰਨ੍ਹਾਂ ਨੇ ਬੁਰੇ ਤੋਂ ਬੁਰੇ ਹਾਲਾਤਾਂ ਵਿੱਚ ਆਪਣੀ ਹਿੰਮਤ, ਦਲੇਰੀ ਅਤੇ ਸੂਝਬੂਝ ਦਾ ਸਿੱਕਾ ਜਮਾ ਕੇ ਦਿਖਾਇਆ:

1. ਲਾਈ ਕਾ ਸ਼ਿੰਗ (Lai Ka Shing):- ਇਨ੍ਹਾਂ ਦੀ ਗਿਣਤੀ ਜਪਾਨ ਦੇ ਬਹੁਤ ਅਮੀਰ ਆਦਮੀਆਂ ਵਿੱਚ ਹੈ। ਇਨ੍ਹਾਂ ਨੂੰ 14 ਸਾਲ ਦੀ ਉਮਰ ਵਿਚ ਆਪਣੇ ਸਕੂਲ ਦੀ ਫੀਸ ਨਾ ਦੇਣ ਕਰਕੇ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਉਹ ਆਪਣੀ ਪੜ੍ਹਾਈ ਵਿਚੇ ਛੱਡ ਕੇ 17 ਸਾਲ ਦੀ ਉਮਰ ਵਿੱਚ ਘੜੀਆਂ ਦੀ ਦੁਕਾਨ ’ਤੇ ਸੇਲਜਮੈਨ ਦੀ ਨੌਕਰੀ ਕਰਨ ਲਗ ਪਏ ਸਨ।

2. ਚਾਰਲਿਸ ਗੁੱਡ ਈਅਰ (Charlis Good Year):- ਜੋ ਕਿ ਗੁਡ ਈਅਰ ਰਬੜ ਇੰਡਸਟਰੀ ਅਤੇ ਟਾਇਰ ਨਿਰਮਾਤਾ ਸੀ, ਨੂੰ ਕਰਜ਼ੇ ਕਾਰਨ ਜੇਲ ਜਾਣਾ ਪਿਆ। ਉਸ ਦੀ ਮਾਲੀ ਹਾਲਤ ਜ਼ਿਆਦਾ ਖਰਾਬ ਸੀ ਕਿ ਉਸ ਦੇ ਬਟੂਏ ਵਿੱਚ ਇੱਕ ਧੇਲਾ ਤੱਕ ਨਹੀਂ ਹੁੰਦਾ ਸੀ। ਪ੍ਰੰਤੂ ਰਬੜ ਪ੍ਰਤੀ ਜਨੂੰਨ ਲਗਾਓ ਅਤੇ ਹਿੰਮਤ ਨਾ ਹਾਰਨ ਕਰਕੇ ਉਹ ਦੁਨੀਆਂ ਦੀ ਨੰਬਰ ਇੱਕ ਟਾਇਰ ਕੰਪਨੀ ਦਾ ਨਿਰਮਾਤਾ ਬਣਿਆ।

3. ਪੈਪਸੀ ਕੋਲਾ ਕੰਪਨੀ ਸੰਨ 1923,1925 ਅਤੇ 1931 ਵਿਚ ਦੀਵਾਲੀਆ ਘੋਸ਼ਿਤ ਕੀਤੀ ਗਈ ਅਤੇ ਅੱਜ ਅਸੀਂ ਪੈਪਸੀ ਬਾਰੇ ਸਭ ਜਾਣਦੇ ਹੀ ਹਾਂ।

4. ਰੇਅ ਕਰਾਕ (Ray Kroc):- ਮੈਕਡੋਨਾਲਡ Mcdonald ਦਾ ਸੰਸਥਾਪਕ 52 ਸਾਲ ਦੀ ਉਮਰ ਤੱਕ ਪੇਪਰ ਕੱਪ ਵੇਚਦਾ ਸੀ ਅਤੇ ਅੱਜ ਦੁਨੀਆਂ ਦਾ ਇੱਕ ਨੰਬਰ ਅਦਾਰਾ ਹੈ, ਜਿਸ ਕੋਲ 35000 ਤੋਂ ਜ਼ਿਆਦਾ Outlets ਹਨ ਅਤੇ ਦੁਨੀਆਂ ਵਿਚ ਸਭ ਤੋਂ ਵੱਧ ਅਚੱਲ ਜਾਇਦਾਦ ਹੈ।

5. ਚੈਸਟਰ ਕਾਰਲਸਨ (Chester Carlson):- ਜਿਸ ਨੇ ਫੋਟੋ ਸਟੈਟ ਮਸ਼ੀਨ ਬਣਾਈ, ਨੂੰ ਲਗਾਤਾਰ 7 ਸਾਲ ਤੱਕ 20 ਕੰਪਨੀਆਂ ਵਲੋਂ ਨਕਾਰਿਆ ਗਿਆ। ਪੈਸੇ ਦੀ ਤੰਗੀ ਹੋਣ ਦੇ ਬਾਵਜੂਦ ਵੀ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਅੱਜ ਯਏਰੋਣ ਦੀ ਮਹੱਤਤਾ ਬਾਰੇ ਤੁਸੀਂ ਖੁਦ ਜਾਣਦੇ ਹੋ।

6. ਗਰਾਹਮ ਬੈੱਲ (Grahm Bell):- ਜਿਸ ਨੇ ਟੈਲੀਫੋਨ ਦੀ ਕਾਢ ਕੱਢੀ, ਨੂੰ ਆਪਣੇ ਟੈਲੀਫੋਨ ਦੀ ਉਪਯੋਗਿਤਾ ਸਿੱਧ ਕਰਵਾਉਣ ਲਈ ਬਹੁਤ ਜੱਦੋ ਜਹਿਦ ਕਰਨੀ ਪਈ। ਅੱਜ ਟੈਲੀਫੋਨ ਘਰ ਘਰ ਦੀ ਜ਼ਰੂਰਤ ਹੈ।

7. ਕਲਪਨਾ ਸਰੋਜ:- ਇਕ ਸਾਧਾਰਨ ਔਰਤ ਨੇ ਆਪਣਾ ਬਿਜ਼ਨਸ ਕੈਰੀਅਰ ਕੱਪੜਿਆਂ ਦੀ ਸਿਲਾਈ ਤੋਂ ਸ਼ੁਰੂ ਕੀਤਾ ਜਿਸ ਨੂੰ ਦੋ ਰੁਪਏ ਪ੍ਰਤੀ ਦਿਨ ਮਿਲਦੇ ਸਨ। ਅੱਜ ਉਹ ਅਰਬਾਂ ਰੁਪਏ ਦੀਆਂ ਕਈ ਕੰਪਨੀਆਂ ਦੀ ਮਾਲਿਕ ਹੈ ਅਤੇ ਜਿਸ ਦਾ ਬਣਾਇਆ ਸਮਾਨ ਬਾਹਰਲੇ ਦੇਸ਼ਾਂ ਵਿਚ ਵੀ ਨਿਰਯਾਤ ਹੁੰਦਾ ਹੈ। ਅੱਜ ਇਹ ਵੱਡੇ ਪੱਧਰ

ਦੀ ਵਪਾਰਕ ਔਰਤ ਹੋਣ ਦੇ ਨਾਲ ਨਾਲ ਫਿਲਮ ਨਿਰਮਾਤਾ ਅਤੇ ਮੁੰਬਈ ਵਰਗੇ ਸ਼ਹਿਰ ਵਿੱਚ ਬਿਲਡਰ ਵੀ ਹੈ। ਭਾਰਤ ਸਰਕਾਰ ਵਲੋਂ ਪਦਮ ਸ਼੍ਰੀ ਅਤੇ ਹੋਰ ਕਈ ਇਨਾਮ ਪ੍ਰਾਪਤ ਕਰ ਚੁੱਕੀ ਹੈ।

8. ਸ੍ਰ. ਕੁਲਵੰਤ ਸਿੰਘ ਕੋਹਲੀ 40000/-ਰੁਪਏ ਕਰਜ਼ਾ ਚੁੱਕ ਕੇ ਕੰਮ ਸ਼ੁਰੂ ਕੀਤਾ ਸੀ। ਅੱਜ ਫਰੈਂਕਫਿਨ ਕੰਪਨੀ, ਜੋ ਕਈ ਹਜ਼ਾਰ ਕਰੋੜ ਰੁਪਿਆਂ ਦੀ ਹੈ, ਦੇ ਮਾਲਕ ਹਨ।

9. ਧੀਰੂ ਭਾਈ ਅੰਬਾਨੀ ਨੇ ਨਾਮਾਤਰ ਪੈਸੇ ਨਾਲ ਆਪਣੇ ਜੀਵਨਕਾਲ ਵਿੱਚ 75000/-ਕਰੋੜ ਰੁਪਏ ਦੀ ਜਾਇਦਾਦ ਖੜ੍ਹੀ ਕੀਤੀ।

10. ਲਾਈ ਡੌਂਗ ਜਿੰਨ (Lai Dong Jin):- ਤਾਇਵਾਨ ਦਾ ਬਹੁਤ ਪ੍ਰਭਾਵਸ਼ਾਲੀ ਵਿਅਕਤੀ ਹੈ ਜੋ ਕਿ ਇੱਕ ਅੰਨੇ ਭਿਖਾਰੀ ਦਾ ਪੁੱਤਰ ਸੀ ਅਤੇ ਖੁਦ ਵੀ ਭਿਖਾਰੀ ਸੀ। ਅੱਜ ਇਸ ਦੀ ਗਿਣਤੀ ਤਾਇਵਾਨ ਦੇ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚ ਹੁੰਦੀ ਹੈ।

11. ਐਂਡਰਿਊ ਕਾਰਨੇਗੀ (Andrew Carnegie): ਜੋ ਵਿਸ਼ਵ ਦੇ ਬਹੁਤ ਵੱਡੇ ਉਦਯੋਗਪਤੀ ਵਜੋਂ ਜਾਣੇ ਜਾਂਦੇ ਸਨ, ਨੇ ਆਪਣਾ ਕੈਰੀਅਰ ਇਕ ਮੈਸੰਜਰ ਵਜੋਂ ਸ਼ੁਰੂ ਕੀਤਾ ਸੀ।

ਜੇਕਰ ਇਹ ਵਿਅਕਤੀ ਊਣੀ ਸੋਚ ਦੇ ਕਾਰਨ ਇਹ ਪੈਸੇ ਦੀ ਅਣਹੋਂਦ ਦੀ ਬਹਾਨੇਬਾਜ਼ੀ ਕਰਦੇ ਹੁੰਦੇ ਤਾਂ ਇਹ ਕਦੇ ਵੀ ਆਪਣੇ ਮੁਕਾਮ 'ਤੇ ਨਾ ਪਹੁੰਚਦੇ।

**Billi Lim ਦੀ Dare To Fail** ਬਹੁਤ ਹੀ ਵਧੀਆ ਕਿਤਾਬ ਹੈ ਜੋ ਕਿ ਅਥਾਹ ਸ਼ਕਤੀ ਵਾਲੇ ਵਿਅਕਤੀਆਂ ਦੀਆਂ ਉਦਾਹਰਣਾਂ ਨਾਲ ਭਰੀ ਪਈ ਹੈ।ਜਿਨ੍ਹਾਂ ਲੋਕਾਂ ਦੀ ਜਿੰਦਗੀ ਦਾ ਮਕਸਦ ਕੁਝ ਕਰਨ ਦਾ ਹੋਵੇ ਉਹ ਹਰ ਹਾਲਤ ਵਿਚ ਕਰਦੇ ਹਨ ਅਤੇ ਜਿਨ੍ਹਾਂ ਨੇ ਕੁਝ ਨਹੀਂ ਕਰਨਾ ਹੁੰਦਾ, ਉਨ੍ਹਾਂ ਕੋਲ ਕੁਝ ਵੀ ਨਾ ਕਰਨ ਦੇ 100 ਬਹਾਨੇ ਹੁੰਦੇ ਹਨ। ਜੋ ਲੋਕ ਆਪਣੇ ਅੰਦਰ ਦੀ ਕਮਜ਼ੋਰੀ ਨੂੰ ਆਪਣੀ ਤਾਕਤ ਨਹੀਂ ਬਣਾ ਸਕਦੇ, ਮੈਂ ਉਨ੍ਹਾਂ ਨੂੰ **Billi Lim ਦੀ Dare To Fail** ਕਿਤਾਬ ਪੜ੍ਹਨ ਦੀ ਸਲਾਹ ਦਿੰਦਾ ਹਾਂ।

ਗਿਰਤੇ ਹੈਂ ਮੈਦਾਨ-ਏ-ਜੰਗ ਮੇਂ ਸ਼ਾਹ-ਅਸਵਾਰ ਹੀ,
ਵੋਹ ਤਿਫਲ ਕਿਆ ਗਿਰੇ ਜੋ ਘੁਟਨੋ ਕੇ ਬਲ ਚਲੇ।

ਭਾਵ: ਜੰਗ ਦੇ ਮੈਦਾਨ ਵਿਚ ਘੋੜ ਸਵਾਰ ਹੀ ਡਿਗਦੇ ਹਨ। ਉਹ ਬੱਚਾ ਕਦੇ ਨਹੀਂ ਡਿਗ ਸਕਦਾ ਜੋ ਗੋਡਿਆਂ ਭਾਰ ਰਿੜ੍ਹਦਾ ਹੈ।

ਕਿਸੇ ਵੀ ਵਿਅਕਤੀ ਦਾ ਵਿਕਾਸ ਉਦੋਂ ਰੁਕਦਾ ਹੈ ਜਦੋਂ ਉਹ ਮਾਨਸਿਕ ਤੌਰ 'ਤੇ ਅਪੰਗ ਹੋ ਜਾਵੇ। ਬੁਲੰਦ ਹੌਸਲੇ ਤੋਂ ਹੀ ਉਚੀ ਉਡਾਨ ਹੋ ਸਕਦੀ ਹੈ, ਇਕੱਲੇ ਖੰਭਾਂ ਤੋਂ ਨਹੀਂ। ਸਰੀਰਕ ਅਪੰਗਤਾ ਵਿਅਕਤੀ ਨੂੰ ਕਦੇ ਵੀ ਲਾਚਾਰ ਜਾਂ ਬੇ-ਵਸ ਨਹੀਂ ਬਣਾ ਸਕਦੀ।

ਜੇਕਰ ਤੁਸੀ ਆਪਣੀ ਨਿੰਦਿਆ ਨਹੀਂ ਸੁਣ ਸਕਦੇ:- ਜੇਕਰ ਤੁਸੀਂ ਚਾਹੁੰਦੇ ਹੋ ਕਿ ਕੋਈ ਵੀ ਵਿਅਕਤੀ ਕਿਸੇ ਵੀ ਗਲਤੀ ਕਾਰਨ ਤੁਹਾਡੀ ਬੁਰਾਈ ਜਾਂ ਨਿੰਦਿਆ ਨਾ ਕਰੇ ਅਤੇ ਤੁਸੀ ਲੋਕਾਂ ਦੀਆਂ ਨਜ਼ਰਾਂ ਵਿਚ ਚੰਗੇ ਬਣੇ ਰਹੋ ਤਾਂ ਤੁਹਾਨੂੰ ਮੈਂ ਇਕ ਫਾਰਮੂਲਾ ਦੇ ਸਕਦਾ ਹਾਂ ਕਿ "ਕੁਝ ਨਾ ਕਰੋ"। ਜੇਕਰ ਤੁਸੀਂ ਕੁਝ ਨਹੀਂ ਕਰੋਗੇ ਤਾਂ ਗਲਤੀ ਵੀ ਨਹੀਂ ਹੋਵੇਗੀ, ਜੇਕਰ ਗਲਤੀ ਹੀ ਨਹੀਂ ਹੋਵੇਗੀ ਤਾਂ ਕੋਈ ਤੁਹਾਡੀ ਬੁਰਾਈ ਵੀ ਨਹੀਂ ਕਰੇਗਾ। ਕਿਉਂਕਿ ਜੇ ਕੁਝ ਕਰੋਗੇ ਤਾਂ ਗਲਤੀ ਦਾ ਹੋਣਾ ਤਾਂ ਸੁਭਾਵਕ ਹੈ। ਫੈਸਲਾ ਤੁਹਾਡੇ ਹੱਥ ਹੈ ਕਿ ਤੁਸੀ ਗਲਤੀਆਂ ਕਰਕੇ ਅਗੇ ਵਧਣਾ ਹੈ ਜਾਂ ਲੋਕਾਂ ਦੀ ਅਲੋਚਨਾ ਤੋਂ ਬਚਣ ਲਈ ਹੱਥ 'ਤੇ ਹੱਥ ਰੱਖ ਕੇ ਵਿਹਲੇ ਬੈਠਣਾ ਹੈ। ਜੋ ਆਦਮੀ ਆਪਣੀ ਮੰਜ਼ਿਲ ਵੱਲ ਵਧਦਿਆਂ ਹੋਇਆਂ ਰਸਤੇ ਵਿਚ ਭੌਂਕਣ ਵਾਲੇ ਕੁੱਤਿਆਂ ਦੇ ਪੱਥਰ ਮਾਰਨ ਲਈ ਰੁਕਦਾ ਹੈ, ਜਾਂ ਆਪਣੀਆਂ ਔਕੜਾਂ ਬਾਰੇ ਸੋਚਦਾ ਹੈ, ਉਹ ਆਪਣੀ ਮੰਜ਼ਿਲ 'ਤੇ ਪਹੁੰਚ ਹੀ ਨਹੀਂ ਪਾਉਂਦਾ ਜਾਂ ਪਹੁੰਚਣ ਵਿੱਚ ਬਹੁਤ ਦੇਰੀ ਕਰਕੇ ਆਪਣਾ ਮਨੋਰਥ ਅਰਥਹੀਨ ਕਰ ਲੈਂਦਾ ਹੈ। (Only rough roads and sea storms can make you skilful drivers and sailors)

ਅਰੁਨਿਮਾ ਸਿਨਹਾ, ਵਿਲੀਅਮ ਰੁਡੋਲਿਫ ਅਤੇ ਸ਼ੈਲੀ ਮਾਨ ਨੇ ਅਪੰਗ ਹੁੰਦਿਆਂ ਹੋਇਆ ਵੀ ਤਮਗੇ ਜਿੱਤੇ। ਮੇਜਰ ਡੀ. ਪੀ. ਸਿੰਘ ਨੇ ਇੱਕ ਲੱਤ ਦੇ ਬਾਵਜੂਦ ਹਾਫ ਮੈਰਾਥਾਨ ਦੌੜ 2 ਘੰਟੇ 10 ਮਿੰਟ ਵਿੱਚ ਪੂਰੀ ਕੀਤੀ। ਸੁਬਰੀਤ ਕੌਰ ਘੁੰਮਣ ਅਤੇ ਅਵਤਾਰ ਸਿੰਘ ਰੰਧਾਵਾ ਅਤੇ ਬਹੁਤ ਹੋਰ ਅਜਿਹੀਆਂ ਹਸਤੀਆਂ ਹਨ ਜਿੰਨ੍ਹਾਂ ਨੇ ਅੰਗਹੀਣਤਾ ਨੂੰ ਕਦੇ ਵੀ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ।

**John Milton, Huang Nahui, Helen Keler, Thomas Edison** ਨੇ ਸਰੀਰਕ ਤੌਰ 'ਤੇ ਨਕਾਰਾ ਹੋਣ ਦੀ ਸੂਰਤ ਵਿੱਚ ਵੀ ਦੁਨੀਆਂ ਨੂੰ ਸਾਬਿਤ ਕਰਕੇ ਦਿਖਾ ਦਿੱਤਾ ਕਿ ਸਰੀਰਕ ਅਪੰਗਤਾ ਕੋਈ ਵੀ ਕਮਜ਼ੋਰੀ ਨਹੀਂ ਹੈ। ਇਹ ਸਰੀਰਕ ਪੱਖੋ ਅਪੰਗ ਹੋ ਕੇ ਵੀ ਕਿਸੇ ਦੇ ਤਰਸ ਦੇ ਪਾਤਰ ਨਹੀਂ ਬਣੇ ਸਗੋਂ ਇਹਨਾ ਨੇ ਤੰਦਰੁਸਤ ਵਿਅਕਤੀਆਂ ਲਈ ਵੀ ਚਾਨਣ ਮੁਨਾਰੇ ਦਾ ਕੰਮ ਕੀਤਾ। ਇਨ੍ਹਾਂ ਸਖ਼ਸ਼ੀਅਤਾਂ ਦਾ ਦਰਦ ਅਤੇ ਹੌਸਲਾ ਜਾਨਣ ਤੋਂ ਬਾਅਦ ਮੇਰੇ ਹੌਸਲੇ ਨੂੰ ਖੰਭ ਲੱਗਦੇ ਗਏ। ਜੇਕਰ ਇਹ ਲੋਕ ਸਰੀਰਕ ਕਮੀਆਂ ਹੋਣ ਦੇ ਬਾਵਜੂਦ ਵੀ ਆਕਾਸ਼ ਛੂਹ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ।ਜੇਕਰ ਤੁਸੀਂ ਦੂਜਿਆਂ ਤੋਂ ਅਲਗ ਪਾਉਣਾ ਚਾਹੁੰਦੇ ਹੋ ਤਾਂ ਦੂਜਿਆਂ ਤੋਂ ਕੁਝ ਅਲਗ ਕਰੋ। ਹਾਲਾਤਾਂ ਜਾਂ ਹਵਾ ਦੇ ਰੁਖ ਅਨੁਸਾਰ ਵਹਿ ਜਾਣਾ ਤੁਹਾਨੂੰ ਤਾਕਤਵਰ ਅਤੇ ਸੁਝਵਾਨ ਨਹੀਂ ਦਰਸਾਉਂਦਾ ਕਿਉਂਕਿ ਪਾਣੀ ਦੇ ਵਹਾਅ ਨਾਲ ਤਾਂ ਮੁਰਦਾ ਵੀ ਵਹਿ ਹੀ ਜਾਂਦਾ ਹੈ। ਤੁਹਾਡੀ ਹਿੰਮਤ ਅਤੇ ਪ੍ਰਤਿਭਾ ਦਾ ਪਤਾ ਤਾਂ ਹਾਲਾਤਾਂ ਤੋਂ ਉਲਟ ਚੱਲਣ ਵਿੱਚ ਹੀ ਲੱਗਦਾ ਹੈ।

ਪ੍ਰੇਸ਼ਾਨੀ ਤੁਹਾਨੂੰ ਮਜ਼ਬੂਤ ਕਰਦੀ ਹੈ। ਪ੍ਰੰਤੂ ਅਸੀਂ ਪ੍ਰੇਸ਼ਾਨੀ ਵੇਖ ਕੇ ਮੂੰਹ ਪਰੇ ਕਰ ਲੈਂਦੇ ਹਾਂ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਬੂਤਰ ਬਿੱਲੀ ਨੂੰ ਵੇਖ ਕੇ ਅੱਖਾਂ ਬੰਦ ਕਰ ਲੈਂਦਾ ਹੈ। ਉਹ ਭੁਲੇਖੇ ਵਿੱਚ ਜੀਣਾ ਸ਼ੁਰੂ ਕਰ ਦਿੰਦਾ ਹੈ ਕਿ ਹੁਣ ਬਿੱਲੀ ਉਸ ਦਾ ਕੁਝ ਵਿਗਾੜ ਸਕਦੀ ਪਰ ਹੁੰਦਾ ਇਸ ਤੋਂ ਉਲਟ ਹੈ। ਅਸੀਂ ਮੁਸੀਬਤਾਂ ਨੂੰ ਮੂੰਹ ਨਹੀਂ ਲਾਉਣਾ ਚਾਹੁੰਦੇ ਪ੍ਰੰਤੂ ਵੱਡਾ ਜ਼ਰੂਰ ਬਣਨਾ ਚਾਹੁੰਦੇ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿੰਨੀ ਉਚਾਈ 'ਤੇ ਅਸੀਂ ਇਮਾਰਤ ਨੂੰ ਲਿਜਾਣਾ ਚਾਹੁੰਦੇ ਹਾਂ ਉਸ ਦੇ ਹਿਸਾਬ ਨਾਲ ਹੀ ਸਾਨੂੰ ਉਸ ਦੀ ਨੀਂਹ ਵੀ ਪੁੱਟਣੀ ਪਵੇਗੀ। ਕਿਸੇ ਬੀਜ਼ ਨੂੰ ਵੱਡਾ ਰੁੱਖ ਬਣਨ ਲਈ ਪਹਿਲਾਂ ਮਿੱਟੀ ਵਿੱਚ ਮਿਲਣਾ ਹੀ ਪੈਂਦਾ ਹੈ। EMPIRE STATE BUILDING, ਜਿਸ ਦੀਆਂ 102 ਮੰਜਿਲਾਂ ਹਨ ਕਦੇ ਵੀ ਘੱਟ ਡੂੰਘਾਈ 'ਤੇ ਖੜ੍ਹੀ ਨਹੀਂ ਸੀ ਕੀਤੀ ਜਾ ਸਕਦੀ। ਜੇ ਅਸੀਂ ਅਜਿਹਾ ਕਰ ਵੀ ਲਈਏ ਤਾਂ ਉਸ ਦਾ ਡਿੱਗਣਾ ਵੀ ਤਹਿ ਹੁੰਦਾ ਹੈ। ਅਸੀਂ ਅੱਜ ਇਸ ਲਈ ਹੱਸਦੇ ਹਾਂ ਕਿ ਸਾਡਾ ਜਨਮ ਪੀੜਾ ਝੱਲ ਕੇ ਹੋਇਆ ਹੈ। ਕਿਸੇ ਵੀ ਨਵੀਂ ਚੀਜ਼ ਦਾ ਜਨਮ ਹੋਣ ਵਿੱਚ ਪੀੜ ਛੁਪੀ ਹੋਈ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਜੋ ਇਨਸਾਨ ਜਨਮ ਸਮੇ ਨਾ ਰੋਇਆ ਹੋਵੇ ਉਹ ਸਾਰੀ ਉਮਰ ਹੀ ਰੋਂਦਾ ਰਹਿੰਦਾ ਹੈ ਕਿਉਂ ਕਿ ਬਿਨਾ ਪੀੜ ਦੇ ਜਨਮ ਨੂੰ ਸਹਿਜ ਨਹੀਂ ਮੰਨਿਆ ਜਾਂਦਾ। ਇਹ ਕੁਦਰਤ ਦਾ ਕਾਨੂੰਨ ਹੈ ਅਤੇ ਹਰ ਥਾਂ 'ਤੇ ਲਾਗੂ ਹੁੰਦਾ ਹੈ। ਚਾਹੇ ਕੋਈ ਜਨਮ ਹੋਵੇ, ਨਵੀਂ ਖੋਜ ਹੋਵੇ ਜਾਂ ਤੁਹਾਡੀ ਤਰੱਕੀ। ਦੀਵੇ ਜਾਂ ਬਲਬ ਦੀ ਰੌਸ਼ਨੀ ਜਦੋਂ ਸਾਨੂੰ ਮਿਲਦੀ ਹੈ ਤਾਂ ਉਹਨਾ ਦਾ ਤਾਪਮਾਨ ਸਿਰਫ ਦੇਖਣ ਵਾਲਾ ਹੀ ਹੁੰਦਾ ਹੈ ਹੱਥ ਨਾਲ ਛੂਹਣ ਵਾਲਾ ਨਹੀਂ।

ਮੇਰਾ ਮਕਸਦ ਤੁਹਾਨੂੰ ਸੰਤੁਸ਼ਟ ਸ਼ਬਦ, ਜੋ ਸੰਤਾਂ ਅਤੇ ਮਹਾਤਮਾਵਾਂ ਲਈ ਹੀ ਠੀਕ ਹੈ ਤੋਂ ਦੂਰ ਰੱਖਣਾ ਹੈ ਕਿਉਂਕਿ ਅਜਿਹੇ ਸ਼ਬਦ ਜਾਂ ਪ੍ਰਵਚਨ ਸਿਰਫ ਧਾਰਮਿਕ ਪੰਡਾਲਾਂ ਵਿੱਚ ਹੀ ਵਧੀਆ ਲਗਦੇ ਹਨ। ਜੋ ਇਨਸਾਨ ਆਪਣੀ ਜ਼ਿੰਦਗੀ ਵਿੱਚ ਸੰਤੁਸ਼ਟ ਹੈ ਅਤੇ ਆਪਣੇ ਆਪ ਨੂੰ ਬਦਲਣਾ ਨਹੀਂ ਚਾਹੁੰਦਾ, ਉਹ ਸੱਜਣ ਇਸ ਕਿਤਾਬ ਨੂੰ ਪੜ੍ਹਨਾ ਬੰਦ ਕਰ ਦੇਵੇ ਅਤੇ ਆਪਣਾ ਕੀਮਤੀ ਸਮਾਂ ਖਰਾਬ ਨਾ ਕਰੇ। ਕਿਉਂਕਿ ਸਿਆਣਿਆਂ ਨੇ ਕਿਹਾ ਹੈ ਕਿ ਕਾਲੇ ਰੰਗ 'ਤੇ ਕੋਈ ਰੰਗ ਨਹੀਂ ਚੜ੍ਹਦਾ, ਭਰੇ ਹੋਏ ਘੜ੍ਹੇ ਨੂੰ ਹੋਰ ਭਰਿਆ ਨਹੀਂ ਜਾ ਸਕਦਾ। ਸੰਤੁਸ਼ਟ ਆਦਮੀ ਵਿਚ ਮੈਂ ਸਿੱਖਣ ਦੀ ਲਲਕ ਪੈਦਾ ਨਹੀਂ ਕਰ ਸਕਦਾ। ਲਲਕ ਤੋਂ ਬਿਨਾਂ ਸਾਡੇ ਅੰਦਰ ਜਨੂੰਨ ਜਾਂ ਪਾਗਲਪਨ ਨਹੀਂ ਆ ਸਕਦਾ ਜੋ ਕਿ ਵੱਡੀ ਪ੍ਰਾਪਤੀ ਲਈ ਅਤਿ ਜ਼ਰੂਰੀ ਹੈ। ਬੇ-ਹੋਸ਼ੀ ਦੇ ਆਲਮ ਵਿੱਚ ਪਏ ਵਿਅਕਤੀ ਨੂੰ ਜਗਾਉਣਾ ਮੁਸ਼ਕਿਲ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਨਾ-ਮੁਮਕਿਨ ਵੀ ਹੁੰਦਾ ਹੈ। ਇਸ ਲਈ ਆਪਣੀ ਇੱਛਾ ਦੇ ਵਿਰੁੱਧ ਤੁਹਾਨੂੰ ਇਸ ਕਿਤਾਬ ਨੂੰ ਪੜ੍ਹ ਕੇ ਤੁਹਾਨੂੰ ਕੁਝ ਵੀ ਹਾਸਿਲ ਨਹੀਂ ਹੋਵੇਗਾ।

*- ਛਪ ਰਹੀ ਨਵੀਂ ਕਿਤਾਬ 'ਨੌਟ ਮੈਡ ਸੋ ਸੈਡ' ਵਿੱਚੋਂ*

# ਡਾਇਨ...ਮਾਰੋ...ਭਜਾਓ...

**ਬੀਰੇਂਦਰ ਬਰਿਆਰ ਜਯੋਤੀ**
**ਅਨੁਵਾਦਕ : ਪਵਨ ਰੱਤੋਂ**

**ਨਿਰਦਈਪਨ ਦੀ ਹੱਦ-**

ਉਸ ਜਨਾਨੀ ਦੀ ਜਮ ਕੁਟਾਈ ਕੀਤੀ... ਚਿਹਰੇ ਉਤੋਂ ਗੋਹਾ, ਚਿੱਕੜ ਅਤੇ ਮੈਲਾ ਸੁੱਟਿਆ ਗਿਆ...ਉਹ ਚੀਖਦੀ ਚਿਲਾਉਂਦੀ ਰਹੀ...ਮਦਦ ਦੇ ਲਈ ਦੁਹਾਈ ਲਗਾਉਂਦੀ ਰਹੀ...ਕੱਪੜੇ ਤਾਰ ਤਾਰ ਕਰ ਦਿੱਤੇ ਗਏ... ਜਦ ਏਨੇ ਉੱਤੇ ਵੀ ਉਹਨਾਂ ਨਿਰਦਈਆਂ ਦਾ ਮਨ ਨਹੀਂ ਭਰਿਆ, ਤਾਂ ਉਸ ਦੇ ਲੱਕ ਉੱਤੇ ਰੱਸੀ ਬੰਨ੍ਹ ਦਿੱਤੀ ਗਈ ਅਤੇ ਸਾਰੇ ਪਿੰਡ ਵਿੱਚ ਘੁੰਮਾਇਆ ਗਿਆ।

ਇਸਤਰੀਆਂ ਉਸਨੂੰ ਝਾੜੂਆਂ ਨਾਲ ਮਾਰ ਰਹੀਆਂ ਸਨ... ਬੱਚੇ ਉਸ ਉੱਤੇ ਪੱਥਰ ਵਰਸਾ ਰਹੇ ਸਨ...ਆਦਮੀਆਂ ਦੀ ਭੀੜ ਗੰਦੀਆਂ ਅਤੇ ਭੈੜੀਆਂ ਗਾਲਾਂ ਦੇ ਰਹੀ ਸੀ...ਉਸਦਾ ਸਾਰਾ ਸ਼ਰੀਰ ਛਲਣੀ ਅਤੇ ਲਹੂ ਲੁਹਾਨ ਹੋ ਚੁੱਕਿਆ ਸੀ... ਉਹ ਹੱਥ ਜੋੜ ਕੇ ਹਰੇਕ ਤੋਂ ਰਹਿਮ ਦੀ ਭੀਖ ਮੰਗਦੀ ਰਹੀ... ਭੀੜ ਵਿੱਚ ਕੋਈ ਵੀ ਉਸ ਦੀ ਪੁਕਾਰ ਸੁਣਨ ਵਾਲਾ ਨਹੀਂ ਸੀ...

ਉਹ ਬੇਹੋਸ਼ ਹੋ ਕੇ ਜ਼ਮੀਨ ਉੱਤੇ ਲੁੜਕ ਗਈ...ਇਸ ਦੇ ਬਾਅਦ ਵੀ ਭੀੜ ਦਾ ਕਲੇਜਾ ਨਹੀਂ ਪਿਘਲਿਆ... ਬੇਜਾਨ ਸ਼ਰੀਰ ਉੱਤੇ ਕੋਈ ਲੱਤ ਮਾਰ ਰਿਹਾ ਸੀ, ਤਾਂ ਕੋਈ ਢੇਲਾਪੱਥਰ।

ਉਸਦੇ ਸ਼ਰੀਰ ਵਿੱਚ ਕੋਈ ਹਰਕਤ ਨਾ ਹੁੰਦੀ ਦੇਖ ਕੇ ਭੀੜ ਵਿੱਚ ਸ਼ਾਮਲ ਹਰ ਚਿਹਰੇ ਉੱਤੇ ਜਿੱਤ ਦੀ ਭਾਵਨਾ ਉਭਰ ਆਈ ਅਤੇ ਲੋਕ ਆਪਣੇ ਆਪਣੇ ਘਰ ਵੱਲ ਚੱਲ ਪਏ।

ਤੁਹਾਡੇ ਦਿਮਾਗ ਵਿੱਚ ਇਹੀ ਸਵਾਲ ਚਮਕ ਰਿਹਾ ਹੋਵੇਗਾ ਕਿ ਕਿਸੇ ਜਨਾਨੀ ਉੱਤੇ ਅਜਿਹੀ ਦਰਿੰਦਗੀ ਦੀ ਵਜ੍ਹਾ ? ਇਸ ਦਾ ਜਵਾਬ ਹੈ ਕਿ ਪਿੰਡ ਵਾਲਿਆਂ ਨੇ ਉਸ ਉੱਤੇ ਡਾਇਣ ਹੋਣ ਦਾ ਦੋਸ਼ ਲਗਾਇਆ ਸੀ।

ਸੱਚ ਤਾਂ ਇਹ ਹੈ, ਪਿੰਡ ਦੇ ਕਿਸੇ ਬੱਚੇ ਦੀ ਮੌਤ ਹੋ ਗਈ ਸੀ। ਪਿੰਡ ਵਾਲਿਆਂ ਨੂੰ ਸ਼ੱਕ ਸੀ ਕਿ ਉਹ ਬੁੱਢੀ ਜਨਾਨੀ ਹੀ ਉਸ ਬੱਚੇ ਨੂੰ 'ਖਾ' ਗਈ ਹੈ। ਪਿੰਡ ਵਾਲਿਆਂ ਦੇ ਸਿਰ ਉੱਤੇ ਤਾਂ ਮੰਨ ਲਵੋ ਖ਼ੂਨ ਸਵਾਰ ਸੀ। ਉਨ੍ਹਾਂ ਨੇ ਉਸ ਬੁੱਢੀ ਇਸਤਰੀ ਉੱਤੇ ਲੱਤਾਂ ਘਸੁੰਨਾਂ ਦੀ ਬਾਰਸ਼ ਕਰ ਦਿੱਤੀ ਅਤੇ ਫੇਰ ਧਮਕੀ ਦਿੱਤੀ ਕਿ ਉਹ ਛੇਤੀ ਦੇ ਕੇ ਬੱਚੇ ਨੂੰ ਜਿੰਦਾ ਕਰੇ, ਨਹੀਂ ਤਾਂ ਉਹ ਉਸਨੂੰ ਜਾਨ ਤੋਂ ਮਾਰ ਦੇਣਗੇ। ਡਰਦੇ ਮਾਰੇ ਉਹ ਬੁੱਢੀ ਮੰਤਰ ਪੜ੍ਹਨ ਦਾ ਨਾਟਕ ਕਰਨ ਲੱਗੀ ਅਤੇ ਬੱਚੇ ਦੇ ਚਾਰੇ ਪਾਸੇ ਘੁੰਮ ਕੇ ਉਸ ਉੱਤੇ ਪਾਣੀ ਛਿੜਕਣ ਲੱਗੀ। 30-40 ਮਿੰਟ ਤੱਕ ਇਹ ਡਰਾਮਾ ਚੱਲਿਆ। ਉਸ ਦੇ ਬਾਦ ਤਾਂ ਪਿੰਡ ਵਾਲਿਆਂ ਦਾ ਪਾਰਾ ਸੱਤਵੇਂ ਅਸਮਾਨ ਉੱਤੇ ਜਾ ਪੁੱਜਾ ਅਤੇ ਫੇਰ ਉਸ ਅੱਧਖੜ ਜਨਾਨੀ ਉੱਤੇ ਲੋਕ ਰਾਖਸ਼ਸ਼ ਬਣ ਕੇ ਟੁੱਟ ਪਏ।



ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਗਰੌਲ ਥਾਣੇ ਦੇ ਰਾਜਗੜ੍ਹ ਪਿੰਡ ਵਿੱਚ ਇਨਸਾਨਾਂ ਦੇ ਹੈਵਾਨ (ਪਸ਼ੂ, ਨਿਰਦਈ) ਬਣਨ ਦੀ ਇਹ ਵਾਰਦਾਤ ਹੈ। ਪਿੰਡ ਦੇ ਹੀ ਜਗਦੀਸ਼ ਮਹਤੋ ਦੀ 56 ਸਾਲਾ ਪਤਨੀ ਮੀਨਾ ਦੇਵੀ ਨੂੰ ਲੋਕਾਂ ਨੇ ਡਾਇਣ ਕਰਾਰ ਦੇ ਕੇ ਕੁੱਟ-ਕੁੱਟ ਕੇ ਅੱਧ ਮਰਿਆ ਕਰ ਦਿੱਤਾ।

ਇਸ ਤੋਂ ਪਹਿਲਾਂ ਜਦ ਜਗਦੀਸ਼ ਅਤੇ ਮੀਨਾ ਦੇਵੀ ਨੂੰ ਪਤਾ ਲੱਗਾ ਕਿ ਪਿੰਡ ਵਾਲੇ ਮੀਨਾ ਨੂੰ ਡਾਇਣ ਦੱਸ ਕੇ ਉਹਨਾਂ ਦੇ ਘਰ ਵੱਲ ਆ ਰਹੇ ਹਨ, ਤਾਂ ਉਹਨਾਂ ਨੇ ਘਰ ਦਾ ਦਰਵਾਜ਼ਾ ਬੰਦ ਕਰ ਲਿਆ, ਪਰ ਭੀੜ ਦੇ ਧੱਕਿਆਂ ਨਾਲ ਕਮਜ਼ੋਰ ਪੁਰਾਣਾ ਦਰਵਾਜ਼ਾ ਭਲਾਂ ਕਿੰਨੀ ਦੇਰ ਤੱਕ ਟਿਕ ਸਕਦਾ ਸੀ, ਉਹ ਚੈੜ ਚੈੜ ਕਰ ਕੇ ਟੁੱਟ ਗਿਆ।

ਹੈਵਾਨ ਬਣੀ ਭੀੜ ਨੇ ਮੀਨਾ ਦੇਵੀ ਦੇ ਵਾਲ ਪਕੜ ਕੇ ਘਸੀਟਣਾ ਸ਼ੁਰੂ ਕੀਤਾ ਅਤੇ ਲੋਕ ਲੱਤਾਂ ਮੁੱਕਿਆਂ ਨਾਲ ਉਸਦਾ ਕੁੱਟਾਪਾ ਵੀ ਕਰਦੇ ਰਹੇ। ਮੀਨਾ ਦੇਵੀ ਨੂੰ ਬਚਾਉਣ ਦੇ ਲਈ ਜਗਦੀਸ਼, ਉਸ ਦੀ ਪੁੱਤਰੀ ਅਨਿਲਾ, ਸੁਨੀਲਾ ਅਤੇ ਪਿੰਕੀ ਨੇ ਕਾਫੀ ਜੱਦੋ ਜਹਿਦ ਕੀਤੀ, ਪਰ ਸਭ ਬੇਕਾਰ। ਭੀੜ ਨੇ ਉਨ੍ਹਾਂ ਲੋਕਾਂ ਨੂੰ ਵੀ ਨਹੀਂ ਬਖਸ਼ਿਆ। ਉਹਨਾਂ ਨੂੰ ਵੀ ਕੁੱਟ ਕੇ ਲਹੂ ਲੁਹਾਨ ਕਰ ਦਿੱਤਾ।

**ਹੈਵਾਨੀਅਤ ਦੀ ਹੱਦ-2**

ਜੁਲੈਖਾ ਖਾਤੂਨ ਦੀ ਗੁਆਂਢਣ ਜਮੀਲਾ ਅਕਸਰ ਬਿਮਾਰ ਰਹਿੰਦੀ ਸੀ। ਉਸ ਦੇ ਪਤੀ ਮਹੰਮਦ ਮੰਨਨਾਨ ਨੂੰ ਸ਼ੱਕ ਸੀ ਕਿ ਜੁਲੈਖਾ ਨੇ ਹੀ ਉਸ ਦੀ ਪਤਨੀ ਉੱਤੇ ਜਾਦੂਟੂਨਾਂ ਕਰ ਦਿੱਤਾ ਹੈ ਅਤੇ ਇਸੇ ਕਾਰਨ ਉਸ ਉੱਤੇ ਡਾਕਟਰ ਅਤੇ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ ਹੈ। ਮੁਹੰਮਦ ਮੰਨਨਾਨ ਨੇ ਜੁਲੈਖਾ ਨੂੰ ਕਈ ਵਾਰ ਚਿਤਾਵਨੀ ਦਿੱਤੀ ਸੀ ਕਿ ਉਸ ਦੀ ਪਤਨੀ ਉੱਤੇ ਕਾਲਾ ਜਾਦੂ ਕਰਨਾ ਛੱਡ ਦੇਵੇ, ਵਰਨਾ ਇਸਦਾ ਅੰਜਾਮ ਬਹੁਤ ਬੁਰਾ ਹੋਵੇਗਾ।

30 ਮਈ, 2013 ਦੀ ਰਾਤ ਨੂੰ ਮੰਨਨਾਨ ਜੁਲੈਖਾ ਦੇ ਘਰ ਪੁੱਜਿਆ ਅਤੇ ਉਸ ਨੂੰ ਕਿਹਾ ਕਿ ਉਸ ਦੀ ਪਤਨੀ ਦੀ ਤਬੀਅਤ ਜ਼ਿਆਦਾ ਖ਼ਰਾਬ ਹੁੰਦੀ ਜਾ ਰਹੀ ਹੈ, ਉਹ ਝਾੜਫੂਕ ਕਰ ਕੇ ਉਸਨੂੰ ਠੀਕ ਕਰ ਦੇਵੇ। ਜੁਲੈਖਾ ਨੇ ਕਿਹਾ ਕਿ ਉਸਨੂੰ ਜਾਦੂਟੂਨਾਂ ਨਹੀਂ ਆਉਂਦਾ ਹੈ, ਤਾਂ ਮੰਨਨਾਨ ਨੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦ ਬਚਾਓ ਦੇ ਲਈ ਜੁਲੈਖਾ ਚੀਕਣ ਲੱਗੀ,

ਤਾਂ ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ। ਉਸ ਦੇ ਬਾਅਦ ਤਾਂ ਮੰਨਨਾਨ ਨੇ ਉਸ ਉੱਤੇ ਲੱਤਾਂ ਮੁੱਕਿਆਂ ਦੀ ਬਰਸਾਤ ਕਰ ਦਿੱਤੀ। ਜਦ ਉਹ ਲਹੂ ਲੁਹਾਨ ਹੋ ਕੇ ਬੇਹੋਸ਼ ਹੋ ਗਈ, ਤਾਂ ਉਸਨੂੰ ਘਰ ਤੋਂ ਬਾਹਰ ਸੁੱਟ ਦਿੱਤਾ ਗਿਆ।

ਸਵੇਰੇ ਜਦ ਜੁਲੈਖਾ ਦੇ ਪੁੱਤਰ ਨੇ ਆਪਣੀ ਮਾਂ ਨੂੰ ਜ਼ਖਮੀ ਹਾਲਤ ਵਿੱਚ ਬੇਹੋਸ਼ ਦੇਖਿਆ ਤਾਂ ਪੁਲਿਸ ਨੂੰ ਸੂਚਨਾ ਦੇ ਦਿੱਤੀ। ਜੁਲੈਖਾ ਨੇ ਪੁਲਿਸ ਨੂੰ ਮੰਨਾਨ ਦੀ ਦਰਿੰਦਗੀ ਦੀ ਕਹਾਣੀ ਬਿਆਨ ਕਰ ਦਿੱਤੀ, ਪਰ ਹਸਪਤਾਲ ਲੈ ਜਾਂਦੇ ਸਮੇਂ ਹੀ ਉਸ ਦੀ ਮੌਤ ਹੋ ਗਈ।

**ਹੈਵਾਨੀਅਤ ਦੀ ਹੱਦ-3**

ਝਾਰਖੰਡ ਦਾ ਲੋਹਰਦਗਾ ਜ਼ਿਲ੍ਹਾ ਸੇਨਹਾ ਥਾਣੇ ਦੀ ਮੁਰਕੀ ਤੋਡਾਰ ਪੰਚਾਇਤ ਦਾ ਬੰਸਰੀ ਗੋਰਿਆਟੋਲੀ ਪਿੰਡ। ਪੰਚਾਇਤ ਦੀ ਬੈਠਕ ਚੱਲ ਰਹੀ ਸੀ। ਸਭਨਾਂ ਦਾ ਚਿਹਰਾ ਗੁੱਸੇ ਨਾਲ ਗਰਮ ਸੀ। ਉਨ੍ਹਾਂ ਦੇ ਵਿੱਚ 60 ਸਾਲ ਦਾ ਠਕਰੂ ਅਤੇ ਉਸ ਦੀ 55 ਸਾਲਾ ਪਤਨੀ ਤੇਤਰੀ ਹੱਥ ਜੋੜਕੇ ਖੜੇ ਡਰ ਨਾਲ ਕੰਬ ਰਹੇ ਸਨ।

ਪਿੰਡ ਵਾਲਿਆਂ ਨੇ ਉਨ੍ਹਾਂ ਦੋਹਾਂ ਉਤੇ ਡਾਇਣ ਬਿਸਾਹੀ ਕਰਨ ਦਾ ਦੋਸ਼ ਮੜ੍ਹਿਆ ਸੀ। ਦੋਵੇਂ ਲੱਖ ਸਫ਼ਾਈ ਦੇ ਰਹੇ ਸਨ ਕਿ ਉਹਨਾਂ ਨੂੰ ਜਾਦੂਟੂਣਾ ਕਰਨਾ ਨਹੀਂ ਆਉਂਦਾ ਹੈ, ਪਰ ਭੀੜ ਉਹਨਾਂ ਦੀਆਂ ਗੱਲਾਂ ਨੂੰ ਸੁਣਨ ਦੇ ਲਈ ਤਿਆਰ ਹੀ ਨਹੀਂ ਸੀ।

ਭਰੀ ਪੰਚਾਇਤ ਵਿੱਚ ਪਿੰਡ ਵਾਲਿਆਂ ਨੇ ਦੋਹਾਂ ਨੂੰ ਲਾਠੀਆਂ ਨਾਲ ਕੁੱਟ ਕੁੱਟ ਕੇ ਮੌਤ ਦੀ ਨੀਂਦ ਸੁਲਾ ਦਿੱਤਾ। ਉਸ ਦੇ ਬਾਦ ਵੀ ਉਨ੍ਹਾਂ ਦਾ ਪਾਗਲਪਨ ਖ਼ਤਮ ਨਹੀਂ ਹੋਇਆ ਅਤੇ ਉਹਨਾਂ ਦੋਹਾਂ ਦੀਆਂ ਲਾਸ਼ਾਂ ਨੂੰ ਘਸੀਟ ਕੇ ਸਾਰੇ ਪਿੰਡ ਵਿੱਚ ਘੁੰਮਾਇਆ ਗਿਆ ਅਤੇ ਪਿੰਡ ਦੇ ਬਾਹਰ ਲੈ ਜਾ ਕੇ ਜਮੀਨ ਵਿੱਚ ਦੱਬ ਦਿੱਤਾ।

ਪਿੰਡ ਵਾਲਿਆਂ ਨੂੰ ਸ਼ੱਕ ਸੀ ਕਿ ਦੋਨਾਂ ਪਤੀ ਪਤਨੀ ਨੇ ਮਿਲ ਕੇ ਪਿੰਡ ਦੇ ਬੁੱਧਰਾਮ ਦੇ ਪਰਿਵਾਰ ਦੇ ਕਈ ਲੋਕਾਂ ਨੂੰ ਖਾ ਲਿਆ ਸੀ। ਪਹਿਲਾਂ ਬੁੱਧਰਾਮ ਦੀ ਮਾਂ ਬਿਜੀ ਉਰਾਂਵ ਦੀ ਮੌਤ ਲੰਬੀ ਬਿਮਾਰੀ ਦੇ ਬਾਅਦ ਹੋਈ। ਉਸ ਦੇ 5 ਦਿਨ ਬਾਅਦ ਹੀ ਬੁੱਧਰਾਮ ਦੀ ਨਵੀਂ ਜਨਮੀ ਪੁੱਤਰੀ ਦੀ ਮੌਤ ਹੋ ਗਈ। ਇਸਦੇ ਇੱਕ ਮਹੀਨੇ ਬਾਅਦ ਹੀ ਬੁੱਧਰਾਮ ਦਾ 10 ਸਾਲਾ ਵੱਡਾ ਪੁੱਤਰ ਨਿਵਾਸ ਉਰਾਂਵ ਵੀ ਮਰ ਗਿਆ।

ਹਾਲੇ ਬੁੱਧਰਾਮ ਉੱਤੇ ਏਨੇ ਵੱਡੇ ਦੁੱਖਾਂ ਦਾ ਬੋਝ ਹਲਕਾ ਵੀ ਨਹੀਂ ਹੋਇਆ ਸੀ ਕਿ ਉਸ ਦੇ ਛੋਟੇ ਪੁੱਤਰ ਨੂੰ ਸੱਪ ਨੇ ਡੱਸ ਲਿਆ ਅਤੇ ਉਸ ਦੀ ਵੀ ਜਾਨ ਚਲੀ ਗਈ। ਪਰਿਵਾਰ ਵਿੱਚ ਇੱਕ ਦੇ ਬਾਅਦ ਇੱਕ ਹੁੰਦੀ ਮੌਤਾਂ ਨੇ ਬੁੱਧਰਾਮ ਨੂੰ ਹਿਲਾ ਕੇ ਰੱਖ ਦਿੱਤਾ। ਉਸਨੂੰ ਸ਼ੱਕ ਹੋਇਆ ਕਿ ਹੋਵੇ ਨਾ ਹੋਵੇ, ਇਹ ਠਕਰੂ ਅਤੇ ਉਸ ਦੀ ਪਤਨੀ ਦੀ ਹੀ ਕਰਤੂਤ ਹੈ।

ਉਸ ਦੇ ਬਾਅਦ ਉਸ ਨੇ ਪੰਚਾਇਤ ਵਿੱਚ ਦੋਹਾਂ ਦੀ ਸ਼ਿਕਾਇਤ ਕੀਤੀ ਅਤੇ ਉਸ ਦੇ ਬਾਦ ਪਿੰਡ ਵਾਲੇ ਹੈਵਾਨ ਬਣ ਕੇ ਉਨ੍ਹਾਂ ਦੀ ਜਾਨ ਹੀ ਲੈ ਬੈਠੇ।

ਠਕਰੂ ਦੀ ਪੁੱਤਰੀ ਸਾਲੋ ਕੁਮਾਰੀ ਨੇ ਆਪਣੇ ਮਾਂ ਬਾਪ ਦੀ ਹੱਤਿਆ ਦੀ ਸ਼ਿਕਾਇਤ ਥਾਣੇ ਵਿੱਚ ਕੀਤੀ। ਪੁਲਿਸ ਪਿੰਡ ਪੁੱਜੀ, ਤਾਂ ਕਿਸੇ ਨੇ ਪੁਲਿਸ ਨੂੰ ਨਹੀਂ ਦੱਸਿਆ ਕਿ ਠਕਰੂ ਅਤੇ ਤੇਤਰੀ ਦੀ ਲਾਸ਼ ਨੂੰ ਕਿੱਥੇ ਦਬਾਇਆ ਛੁਪਾਇਆ ਹੈ।

ਪਿੰਡ ਵਾਲਿਆਂ ਦਾ ਗੁੱਸਾ ਦੇਖ ਕੇ ਪੁਲਿਸ ਦੀ ਹਿੰਮਤ ਢਿੱਲੀ ਪੈ ਗਈ ਅਤੇ ਉਸਨੇ ਖਿਸਕਣ ਵਿੱਚ ਹੀ ਆਪਣੀ ਭਲਾਈ ਸਮਝੀ।

ਸਾਲ 2009 ਵਿੱਚ ਬਿਹਾਰ ਦੇ 16 ਜ਼ਿਲਿਆਂ ਵਿੱਚ 165 ਇਸਤਰੀਆਂ ਨੂੰ ਡਾਇਣ ਦੱਸ ਕੇ ਸਤਾਇਆ ਗਿਆ। ਸਾਲ 2010 ਵਿੱਚ 16 ਜ਼ਿਲ੍ਹਿਆਂ ਵਿੱਚ 130 ਔਰਤਾਂ ਨੂੰ ਡਾਇਣ ਕਰਾਰ ਦੇ ਕੇ ਤੰਗ ਕੀਤਾ ਗਿਆ। ਸਾਲ 2011 ਵਿੱਚ ਡਾਇਣ ਨਾਲ ਜੁੜੇ 189 ਮਾਮਲੇ ਸੂਬੇ ਦੇ ਵੱਖ ਵੱਖ ਥਾਣਿਆਂ ਵਿੱਚ ਦਰਜ ਕੀਤੇ ਗਏ। ਸਾਲ 2012 ਵਿੱਚ ਡਾਇਣ ਨੂੰ ਲੈ ਕੇ 150 ਮਾਮਲੇ ਸਾਹਮਣੇ ਆਏ। ਉਥੇ ਹੀ ਸਾਲ 2013 ਵਿੱਚ ਕੁੱਲ 210 ਇਸਤਰੀਆਂ ਨੂੰ ਰੋਹਬਦਾਬ ਵਾਲਿਆਂ ਨੇ ਡਾਇਣ ਦੱਸ ਕੇ ਜਲੀਲ ਕੀਤਾ।

ਪਟਨਾ ਨਾਲ ਜੁੜੇ ਦਾਨਾਪੁਰ ਬਲਾਕ ਦੇ ਰੂਸਪੁਰ ਪਿਪਲਤਲ ਪਿੰਡ ਦੀ ਰਹਿਣ ਵਾਲੀ 55 ਸਾਲਾ ਮਾਲਤੀ ਦੇਵੀ ਅਤੇ ਉਸ ਦੀ 8 ਸਾਲਾਂ ਪੁੱਤਰੀ ਸੁਨੰਦਾ ਕੁਮਾਰੀ ਨੂੰ 27 ਜਨਵਰੀ, 2012 ਨੂੰ ਡਾਇਣ ਦੱਸ ਕੇ ਪਿੰਡ ਵਾਲਿਆਂ ਨੇ ਜਮ ਕੇ ਕੁੱਟਿਆ। ਕਾਫ਼ੀ ਕੁਰੇਦਣ ਉੱਤੇ ਮਾਲਤੀ ਨੇ ਦੱਸਿਆ ਕਿ ਉਹ ਦੁਪਹਿਰ ਨੂੰ ਆਪਣੇ ਪਤੀ ਦੇ ਲਈ ਖਾਣਾ ਪਹੁੰਚਾਉਣ ਦੇ ਲਈ ਦੁਕਾਨ ਲਈ ਜਾ ਰਹੀ ਸੀ, ਤਦੇ ਉਸ ਦੇ ਗੁਆਂਢੀ ਸੁਨੀਲ ਅਤੇ ਉਸ ਦੇ ਪਰਿਵਾਰ ਵਾਲਿਆਂ ਨੇ ਉਸਨੂੰ ਡਾਇਣ ਕਹਿਕੇ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ। ਕੁਟਾਈ ਕਰਨ ਦੇ ਨਾਲ ਸੁਨੀਲ ਚੀਕ ਰਿਹਾ ਸੀ ਕਿ ਮਾਲਤੀ ਦੇਵੀ ਨੇ ਉਸ ਦੀ ਪੁੱਤਰੀ ਉੱਤੇ ਕਾਲਾ ਜਾਦੂ ਕਰ ਕੇ ਮਾਰ ਦਿੱਤਾ ਹੈ। ਦਰਅਸਲ, ਕੁੱਝ ਦਿਨ ਪਹਿਲਾਂ ਹੀ ਉਸ ਦੀ ਪੁੱਤਰੀ ਦੀ ਕਿਸੇ ਬਿਮਾਰੀ ਦੇ ਕਾਰਨ ਮੌਤ ਹੋ ਗਈ ਸੀ। ਮਾਲਤੀ ਦੇਵੀ ਜੀ ਅੱਗੇ ਕਹਿੰਦੇ ਹਨ, "ਮੈਂ ਲਗਭਗ 20 ਸਾਲ ਤੋਂ ਪਿੰਡ ਵਿੱਚ ਰਹਿ ਰਹੀ ਹਾਂ। ਮੇਰਾ ਕਦੇ ਕਿਸੇ ਨਾਲ ਝਗੜਾ ਨਹੀਂ ਹੋਇਆ। ਪਤੀ ਸੁਰੇਂਦਰ ਠਾਕਰ ਦੁਕਾਨ ਚਲਾ ਕੇ ਪਰਿਵਾਰ ਨੂੰ ਪਾਲ ਰਹੇ ਹਨ। ਇੱਕ ਪੁੱਤਰ ਪੌਲੀਟੈੱਕਨਕ ਦੀ ਪੜ੍ਹਾਈ ਕਰ ਰਿਹਾ ਹੈ ਅਤੇ ਦੂਜਾ ਬੀ. ਏ. ਵਿੱਚ ਪੜ੍ਹ ਰਿਹਾ ਹੈ। ਮੇਰੇ ਵੀ ਬਾਲ ਬੱਚੇ ਹਨ। ਕਿਸੇ ਦੂਜੇ ਦੇ ਬੱਚੇ ਨੂੰ ਮਾਰਨ ਦੇ ਬਾਰੇ ਵਿੱਚ ਮੈਂ ਕਦੇ ਸੋਚਿਆ ਵੀ ਨਹੀਂ, ਉਸ ਦੇ ਬਾਅਦ ਵੀ ਮੇਰੇ ਉੱਤੇ ਡਾਇਣ ਹੋਣ ਅਤੇ ਲੜਕੀ ਨੂੰ ਮਾਰਨ ਦਾ ਦੋਸ਼ ਲਗਾਇਆ ਗਿਆ ਹੈ।"

ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਕੁਰਸੈਲਾ ਇਲਾਕੇ ਦੀ ਰਹਿਣ ਵਾਲੀ ਚੰਪਾ ਦੇਵੀ ਵੀ ਕੁੱਝ ਅਜਿਹੇ ਹੀ ਪ੍ਰਭਾਵਸ਼ਾਲੀ ਵਾਲੇ ਦੀ ਸਤਾਈ ਹੋਈ ਹੈ ਅਤੇ ਪਿੰਡ ਤੋਂ ਭੱਜ ਕੇ ਪੂਰਣੀਆਂ ਵਿੱਚ ਉਹ ਭੀਖ ਮੰਗ ਕੇ ਜ਼ਿੰਦਗੀ ਗੁਜਾਰ ਰਹੀ ਹੈ। ਭੱਠਾ ਬਜ਼ਾਰ ਮੁਹੱਲੇ ਵਿੱਚ ਭੀਖ ਮੰਗਦੀ 65 ਸਾਲ ਦੀ ਚੰਪਾ ਤੋਂ ਜਦ ਪਿੰਡ ਛੱਡਣ ਦੇ ਬਾਰੇ ਵਿੱਚ ਪੁੱਛਿਆ ਗਿਆ, ਤਾਂ ਉਸਨੇ ਦੱਸਿਆ ਕਿ ਉਸ ਦੇ ਪਤੀ ਦੀ ਮੌਤ 12 ਸਾਲ ਪਹਿਲਾਂ ਹੋ ਗਈ ਸੀ ਅਤੇ ਉਸ ਦੇ 2 ਪੁੱਤਰ ਹਨ, ਜਿਹੜੇ ਪੰਜਾਬ ਵਿੱਚ ਮਜ਼ਦੂਰੀ ਕਰਦੇ ਹਨ। ਪਤੀ ਦੀ ਮੌਤ ਦੇ ਬਾਅਦ ਉਹ ਪਿੰਡ ਵਿੱਚ ਇਕੱਲੀ ਰਹਿਣ ਲੱਗੀ ਸੀ। ਪਿੰਡ ਵਿੱਚ ਹੀ ਉਸ ਦਾ ਛੋਟਾ ਜਿਹਾ ਪੱਕਾ ਘਰ ਸੀ ਅਤੇ ਖੇਤ ਵੀ ਸਨ। ਪਿੰਡ ਦੇ ਅਪਰਾਧੀ ਕਿਸਮ ਦੇ ਲੋਕ ਉਸਨੂੰ ਖੇਤ ਵੇਚਣ ਦੇ ਲਈ ਕਹਿੰਦੇ ਸਨ। ਜਦ ਚੰਪਾ ਦੇਵੀ ਨੇ ਉਹਨਾਂ ਨੂੰ ਆਪਣੀ ਜ਼ਮੀਨ ਨਹੀਂ ਵੇਚੀ, ਤਾਂ ਉਨ੍ਹਾਂ ਲੋਕਾਂ ਨੇ ਉਸਨੂੰ ਡਾਇਣ ਕਹਿਣਾ ਚਾਲੂ ਕਰ ਦਿੱਤਾ।

ਇੱਕ ਦਿਨ ਪਿੰਡ ਵਿੱਚ ਇੱਕ ਬੱਚੇ ਦੀ ਮੌਤ ਹੋ ਗਈ, ਤਾਂ 10-12 ਲੋਕ ਉਸ ਦੇ ਘਰ ਵਿੱਚ ਵੜ੍ਹ ਆਏ ਅਤੇ ਕਹਿਣ ਲੱਗੇ ਕਿ ਚੰਪਾ ਡਾਇਣ ਹੈ, ਇਸੀ ਨੇ ਬੱਚੇ ਨੂੰ ਮਾਰਿਆ ਹੈ। ਲੋਕਾਂ ਨੇ ਚੰਪਾ ਦੇਵੀ ਨੂੰ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਹ ਲਹੂਲੁਹਾਨ ਹੋ ਕੇ ਬੇਹੋਸ਼ ਹੋ ਗਈ। ਕੁੱਝ ਦੇਰ ਬਾਅਦ ਹੋਸ਼ ਆਇਆ, ਤਾਂ ਉਸਨੂੰ ਜ਼ਬਰਦਸਤੀ ਮੈਲਾ ਪਿਲਾਇਆ ਗਿਆ। ਉਸ ਦੇ ਬਾਅਦ ਪਿੰਡ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ। ਸਾਰੇ ਪਿੰਡ ਦੇ ਲੋਕ ਵੀ ਮੰਨਣ ਲੱਗੇ ਕਿ ਉਹ ਡਾਇਣ ਹੈ। ਤੰਗ ਆ ਕੇ ਇੱਕ ਰਾਤ ਚੰਪਾ ਦੇਵੀ ਨੇ ਪਿੰਡ ਛੱਡਣ ਦਾ ਫ਼ੈਸਲਾ ਲੈ ਲਿਆ ਅਤੇ ਪੂਰਣੀਆਂ ਵਿੱਚ ਰਹਿਣ ਲੱਗੀ। ਪਿੰਡ ਦੀ ਜ਼ਮੀਨ ਦੀ ਕੀਮਤ ਲਗਭਗ 20 ਲੱਖ ਰੁਪਏ ਹੋਵੇਗੀ, ਫੇਰ ਵੀ ਚੰਪਾ ਦੇਵੀ ਭੀਖ ਮੰਗ ਕੇ ਜ਼ਿੰਦਗੀ ਬਤੀਤ ਕਰ ਰਹੀ ਹੈ।

ਡਾਇਣ ਪ੍ਰਥਾ ਨੂੰ ਰੋਕਣ ਦੇ ਲਈ ਕਈ ਕਾਨੂੰਨ ਬਣੇ ਹੋਏ ਹਨ, ਇਸ ਦੇ ਬਾਅਦ ਵੀ ਇਸਤਰੀਆਂ ਨੂੰ ਡਾਇਣ ਕਰਾਰ ਦੇ ਕੇ ਉਨ੍ਹਾਂ ਨੂੰ ਸਤਾਉਣ ਦੇ ਕੇਸਾਂ ਵਿੱਚ ਕਮੀ ਨਹੀਂ ਆਈ ਹੈ। ਕਾਨੂੰਨ ਕਹਿੰਦਾ ਹੈ ਕਿ ਕਿਸੇ ਇਸਤਰੀ ਨੂੰ ਡਾਇਣ ਕਰਾਰ ਦੇਣਾ ਅਪਰਾਧ ਹੈ ਅਤੇ ਇਸ ਦੇ ਲਈ 3 ਮਹੀਨੇ ਦੀ ਜ਼ੇਲ੍ਹ ਜਾਂ ਇੱਕ ਹਜ਼ਾਰ ਰੁਪਏ ਜ਼ੁਰਮਾਨਾ ਹੋ ਸਕਦਾ ਹੈ। ਕਿਸੇ ਜਨਾਨੀ ਨੂੰ ਡਾਇਣ ਦੱਸ ਕੇ ਉਸਨੂੰ ਸਰੀਰਕ ਅਤੇ ਮਾਨਸਿਕ ਤਸੀਹੇ ਦੇਣ ਵਾਲੇ ਨੂੰ 6 ਮਹੀਨੇ ਦੀ ਜ਼ੇਲ੍ਹ ਅਤੇ 2 ਹਜ਼ਾਰ ਰੁਪਏ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇੱਕ ਨਾਲ ਹੋ ਸਕਦੀਆਂ ਹਨ ਕਿਸੇ ਇਸਤਰੀ ਨੂੰ ਡਾਇਣ ਕਰਾਰ ਦੇ ਕੇ ਉਸ ਦੇ ਵਿਰੁੱਧ ਸਮਾਜ ਦੇ ਲੋਕਾਂ ਨੂੰ ਭੜਕਾਉਣ ਉੱਤੇ 3 ਮਹੀਨੇ ਦੀ ਕੈਦ ਅਤੇ ਇੱਕ ਹਜ਼ਾਰ ਰੁਪਏ ਜੁਰਮਾਨੇ ਦੇ ਤੌਰ ਉੱਤੇ ਵਸੂਲੇ ਜਾ ਸਕਦੇ ਹਨ। ਕਾਨੂੰਨ ਇਹ ਵੀ ਕਹਿੰਦਾ ਹੈ ਕਿ ਡਾਇਣ ਦੱਸ ਕੇ ਉਸ ਦੇ ਨਾਲ ਝਾੜਫੂਕ ਜਾ ਟੂਣਾਟੋਟਕਾ ਕਰਨ ਵਾਲੇ ਨੂੰ 2 ਸਾਲ ਦੀ ਜ਼ੇਲ੍ਹ ਅਤੇ 2 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ।

ਆਈ ਜੀ ਆਲੋਕ ਰਾਜ ਜੀ ਕਹਿੰਦੇ ਹਨ ਕਿ ਸਿਰਫ ਕਾਨੂੰਨ ਨਾਲ ਡਾਇਣ ਵਰਗੇ ਅੰਧਵਿਸ਼ਵਾਸ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ ਹੈ, ਸਗੋਂ ਇਸ ਦੇ ਖਿਲਾਫ ਸਮਾਜ ਦੇ ਹਰ ਤਬਕੇ ਦੇ ਲੋਕਾਂ ਨੂੰ ਖੜ੍ਹਾ ਹੋਣਾ ਪਵੇਗਾ।

ਪੂਰਨੀਆਂ ਸਿਵਲ ਕੋਰਟ ਦੇ ਵਕੀਲ ਸੰਜੇ ਕੁਮਾਰ ਸਿਨਹਾ ਜੀ ਕਹਿੰਦੇ ਹਨ ਕਿ ਪਿੰਡਾਂ ਵਿੱਚ ਅੱਜ ਵੀ ਇਸ ਕਦਰ ਅਨਪੜ੍ਹਤਾ ਅਤੇ ਮੂਰਖਪਨ ਹੈ ਪਰ ਪਰੇਸ਼ਾਨੀ ਦੇ ਇਲਾਜ ਦੇ ਲਈ ਲੋਕ ਝਾੜਫੂਕ ਅਤੇ ਜਾਦੂ-ਟੂਣੇ ਦਾ ਸਹਾਰਾ ਲੈਂਦੇ ਹਨ।

ਕੋਈ ਬਿਮਾਰ ਹੋਵੇ, ਕਿਸੇ ਦੇ ਬੱਚਾ ਨਹੀਂ ਹੋ ਰਿਹਾ, ਕਿਸੇ ਦਾ ਪੜ੍ਹਾਈ ਵਿੱਚ ਮਨ ਨਾ ਲੱਗ ਰਿਹਾ ਹੋਵੇ, ਪੁੱਤਰੀ ਦਾ ਵਿਆਹ ਨਾ ਹੋ ਰਿਹਾ ਹੋਵੇ, ਗੁਆਂਢੀ ਨੇ ਜਮੀਨ ਹੜੱਪ ਲਈ ਹੋਵੇ, ਕਿਸੇ ਦੇ ਥਾਣੇ ਅਤੇ ਅਦਾਲਤ ਦੇ ਚੱਕਰ ਲੱਗ ਰਹੇ ਹੋਣ, ਕਿਸੇ ਦਾ ਘਰ ਢਹਿ ਗਿਆ ਹੋਵੇ, ਕਿਸੇ ਦਾ ਪੁੱਤਰ ਪ੍ਰਦੇਸ਼ ਤੋਂ ਵਾਪਸ ਨਾ ਆ ਰਿਹਾ ਹੋਵੇ, ਅਜਿਹੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਵਿੱਚ ਲੋਕ ਡਾਇਣ ਜਾਂ ਜਾਦੂ-ਟੂਣੇ ਨੂੰ ਹੀ ਜ਼ਿੰਮੇਵਾਰ ਮੰਨਦੇ ਹਨ, ਜਿਸ ਤੋਂ ਝਾੜਫੂਕ ਕਰਨ ਵਾਲੇ ਸਿਆਣਿਆਂ ਦੀ ਬਹੁਤ ਚਾਂਦੀ ਹੁੰਦੀ ਹੈ।

ਜਦ ਤੱਕ ਪਿੰਡਾਂ ਵਿੱਚ ਪੜ੍ਹਾਈ ਲਿਖਾਈ ਦੀ ਰੋਸ਼ਨੀ ਠੀਕ ਢੰਗ ਨਾਲ ਨਹੀਂ ਪਹੁੰਚੇਗੀ, ਤਦ ਤੱਕ ਅੰਧਵਿਸਵਾਸ਼ ਦੇ ਇਸ ਡੂੰਘੇ ਹਨੇਰੇ ਨੂੰ ਦੂਰ ਨਹੀਂ ਕੀਤਾ ਜਾ ਸਕਦਾ ਹੈ।

## ਅੰਧਵਿਸ਼ਵਾਸ ਦੇ ਖਿਲਾਫ ਭੰਤੇ ਦੀ ਜੰਗ

ਬੁੱਧ ਪ੍ਰਕਾਸ਼ ਭੰਤੇ ਜੀ ਤਰਕਾਂ ਦੇ ਸਹਾਰੇ ਲੋਕਾਂ ਦੇ ਦਿਮਾਗ ਵਿੱਚ ਡੂੰਘਾਈ ਤੱਕ ਧਾਕ ਬਣਾ ਚੁੱਕੇ ਮੂਰਖਪੰਥ ਨੂੰ ਭਜਾਉਣ ਦੀ ਮੁਹਿੰਮ ਵਿੱਚ ਲੱਗੇ ਹੋਏ ਹਨ। ਹਰਿਆਣਾ ਦੀ ਤਰਕਸ਼ੀਲ ਸੋਸਾਇਟੀ ਤੋਂ ਉਨ੍ਹਾਂ ਨੇ ਹੱਥ ਦੀ ਸਫ਼ਾਈ ਦੀ ਟਰੇਨਿੰਗ ਲਈ ਹੈ। ਬਰਨਾਲੇ ਵਿਖੇ ਤਰਕਸ਼ੀਲ ਨਿਵਾਸ ਤੇ ਉਹ ਅਕਸਰ ਹੀ ਆਉਂਦੇ ਜਾਂਦੇ ਰਹਿੰਦੇ ਸਨ।

ਬਿਹਾਰ ਅਲਪਸੰਖਿਅਕ ਆਯੋਗ ਦੇ ਪਹਿਲੇ ਦੇ ਮੈਂਬਰ ਰਹੇ ਬੁੱਧ ਪ੍ਰਕਾਸ਼ ਭੰਤੇ ਜੀ ਪਿਛਲੇ 11 ਸਾਲਾਂ ਤੋਂ ਸਾਰੇ ਦੇਸ਼ ਵਿੱਚ ਘੁੰਮ ਘੁੰਮ ਕੇ 'ਅੰਧਵਿਸ਼ਵਾਸ ਭਜਾਓ ਦੇਸ਼ ਬਚਾਓ' ਮੁਹਿੰਮ ਚਲਾ ਰਹੇ ਹਨ। ਉਹ ਹੁਣ ਤੱਕ ਦੇਸ਼ ਦੇ 20 ਰਾਜਾਂ ਵਿੱਚ ਲੋਕਾਂ ਨੂੰ ਮੂਰਖਪੰਥ ਦੇ ਮੱਕੜਜਾਲ ਵਿੱਚੋਂ ਕੱਢਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਹਨ।

ਉਹ ਥਾਂ-ਥਾਂ ਭੀੜ ਇਕੱਠੀ ਕਰ ਕੇ ਲੋਕਾਂ ਨੂੰ ਦਿਖਾਉਂਦੇ ਹਨ ਕਿ ਕਿਵੇਂ ਕੋਈ ਤਾਂਤਰਿਕ ਹਵਾ ਵਿੱਚ ਹੱਥ ਘੁੰਮਾ ਕੇ ਭਸਮ ਲਿਆ ਕੇ ਲੋਕਾਂ ਨੂੰ ਠੱਗ ਲੈਂਦਾ ਹੈ। ਕਿਵੇਂ ਤਲਵਾਰ ਨੂੰ ਮੂੰਹ ਦੇ ਅੰਦਰ ਵਾੜ੍ਹ ਕੇ ਕਲਾਬਾਜ਼ੀ ਵਿਖਾ ਕੇ ਲੋਕਾਂ ਨੂੰ ਫਸਾਇਆ ਜਾਂਦਾ ਹੈ। ਕਿਵੇਂ ਕਿਸੇ ਦੇ ਕੰਨ ਵਿੱਚੋਂ ਪਾਣੀ ਕੱਢ ਦਿੱਤਾ ਜਾਂਦਾ ਹੈ। ਕਿਸ ਤਰ੍ਹਾਂ ਟੋਪੀ ਜਾਂ ਕੱਪੜੇ ਤੋਂ ਕਬੂਤਰ, ਫੁੱਲ, ਫ਼ਲ ਕੱਢ ਕੇ ਲੋਕਾਂ ਨੂੰ ਮੂਰਖ ਬਣਾਇਆ ਜਾਂਦਾ ਹੈ। ਕਿਸ ਤਰ੍ਹਾਂ ਹੱਥ ਨੂੰ ਤਲਵਾਰ ਨਾਲ ਕੱਟ ਦਿੱਤਾ ਜਾਂਦਾ ਹੈ ਅਤੇ ਖ਼ੂਨ ਨਹੀਂ ਨਿਕਲਦਾ ਹੈ। ਉਹਨਾਂ ਨੂੰ ਜਿੱਥੇ ਵੀ ਅੰਧਵਿਸ਼ਵਾਸ ਦੀ ਕੋਈ ਘਟਨਾ ਦਾ ਪਤਾ ਚੱਲਦਾ ਹੈ, ਉਥੇ ਪਹੁੰਚ ਜਾਂਦੇ ਹਨ ਅਤੇ ਭੀੜ ਦਾ ਇਕੱਠ ਕਰਕੇ ਲੋਕਾਂ ਨੂੰ ਸਚਾਈ ਦੱਸਦੇ ਹਨ।

ਉਹ ਦੱਸਦੇ ਹਨ ਕਿ ਸਦੀਆਂ ਤੋਂ ਸਾਡਾ ਸਮਾਜ ਡਾਇਣ, ਬਲੀ, ਟੋਟਕਾ, ਝਾੜਫੂਕ, ਜਾਦੂਟੂਣਾਂ, ਤੰਤਰਮੰਤਰ ਦੇ ਚੱਕਰ ਵਿੱਚ ਇਸ ਤਰ੍ਹਾ ਫਸਿਆ ਹੋਇਆ ਹੈ ਕਿ ਇਸ ਤੋਂ ਛੁਟਕਾਰਾ ਮਿਲਣ ਵਿੱਚ ਕਾਫੀ ਸਮਾਂ ਲੱਗੇਗਾ। ਹੌਲੀ ਹੌਲੀ ਹੀ ਸਹੀ, ਪਰ ਲੋਕ ਇਹਨਾਂ ਠੱਗਾਂ ਦੀ ਅਸਲੀਅਤ ਸਮਝਣ ਲੱਗੇ ਹਨ। ਇਹਨਾਂ ਵਿੱਚੋਂ 80 ਫੀਸਦੀ ਲੋਕਾਂ ਦੀਆਂ ਮੌਤਾਂ ਝਾੜਫੂਕ ਦੇ ਚੱਕਰ ਵਿੱਚ ਫਸ ਕੇ ਸਮਾਂ ਬਰਬਾਦ ਕਰਨ ਦੇ ਕਾਰਨ ਨਾਲ ਹੁੰਦੀਆਂ ਹਨ। ਜਿਹੜੇ ਆਦਮੀ ਨੂੰ ਸੱਪ ਨੇ ਡੱਸਿਆ ਹੋਵੇ, ਜੇਕਰ ਤੁਰੰਤ ਉਸਨੂੰ ਹਸਪਤਾਲ ਲਿਜਾ ਕੇ ਸਹੀ ਇਲਾਜ ਕਰਾਇਆ ਜਾਵੇ, ਤਾਂ ਮਰੀਜ਼ ਦੀ ਮੌਤ ਨਹੀਂ ਹੋਵੇਗੀ।


# ਵਿਗਿਆਨ ਜੋਤ

***ਨੂੰ ਘਰ ਘਰ ਪਹੁੰਚਾਉਣ ਲਈ ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।***

*'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।*



**ਪੰਜ ਪਾਠਕ** ਬਣਾਉਣ ਵਾਲੇ ਨੂੰ

*70 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

*160 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

*340 ਰੁਪਏ ਮੁੱਲ ਦੀਆਂ ਕਿਤਾਬਾਂ*

ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

*1000 ਰੁਪਏ ਮੁੱਲ ਦੀਆਂ ਕਿਤਾਬਾਂ ਅਤੇ ਇੱਕ ਪ੍ਰਸ਼ੰਸਾ ਪੱਤਰ*

ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

***ਅਮਿੱਤ ਮਿੱਤਰ***

*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*

*ਬਰਨਾਲਾ - 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।

✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।

✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।



# ਨਾਮ ਖ਼ੁਮਾਰੀ ਦਾ ਖਤਰਨਾਕ ਪਰਦੂਸ਼ਣ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਜੇ ਕੋਈ ਵਿਅੱਕਤੀ ਵਿਹਲਾ ਬੈਠਾ ਸੇਬ ਸੇਬ, ਰੋਟੀ ਰੋਟੀ, ਚਾਕੂ ਚਾਕੂ ਜਾਂ ਹੋਰ ਕੋਈ ਵੀ ਸ਼ਬਦ ਲਗਾਤਾਰ ਬੋਲੀ ਜਾਵੇ ਤਾਂ ਇਸ ਨਾਲ ਕੁਝ ਹਾਸਲ ਹੋ ਸਕਦਾ ਹੈ? ਸਮਝਦਾਰ ਲੋਕ ਤਾਂ ਇਸਨੂੰ ਸਿਰਫ ਸਮੇਂ ਦੀ ਬਰਬਾਦੀ ਹੀ ਕਹਿ ਸਕਦੇ ਹਨ। ਕੀ ਵਾਕਿਆ ਹੀ ਨਾਮ ਖ਼ੁਮਾਰੀ (ਨਾਮ ਜਪਣ ਦਾ ਨਸ਼ਾ) ਹੁੰਦੀ ਹੈ? ਮਨੋ-ਵਿਗਿਆਨੀ ਦੱਸਦੇ ਹਨ ਕਿ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੁੰਦਾ। ਕੁਝ ਚਾਲਾਕ ਲੋਕਾਂ ਨੇ ਲਾਈਲੱਗ, ਅਗਿਆਨੀ ਲੋਕਾਂ ਨੂੰ ਡਰਾ ਕੇ ਲੁੱਟਣ ਲਈ ਹੀ ਇਹ ਕਾਢ ਕੱਢੀ ਹੈ। ਧਾਰਮਿਕ ਲੋਕ ਕਹਿੰਦੇ ਹਨ ਕਿ ਜਦੋਂ ਆਦਮੀ ਮਾਂ ਦੇ ਗਰਭ 'ਚ 10 ਮਹੀਨੇ ਪੁੱਠਾ ਲਟਕਦਾ ਹੈ ਤਾਂ ਉਹ ਅਰਦਾਸਾਂ ਕਰਦਾ ਹੈ ਕਿ ਹੇ ਰੱਬ! ਜੀ ਮੈਨੂੰ ਇਸ ਅੱਗ 'ਚੋਂ ਬਾਹਰ ਕੱਢ ਲੈ, ਮੈਂ ਬਾਹਰ ਆ ਕੇ ਤੇਰਾ ਨਾਮ ਜਪੂੰਗਾ। ਲਓ ਜੀ ਹੋ ਗਈ ਕੁਰੱਪਸ਼ਨ (ਰਿਸ਼ਵਤ) ਦੀ ਸ਼ੁਰੂਆਤ। ਜੇ ਵਿਅੱਕਤੀ ਰੱਬ ਨੂੰ ਨਾਮ ਜਪਣ ਦੀ ਰਿਸ਼ਵਤ ਦੇਣ ਦੀ ਪੇਸ਼ਕਸ਼ ਨਾ ਕਰਦਾ ਤਾਂ ਉਸਨੇ ਇਸ ਕੁੰਭੀ ਨਰਕ (ਮਾਤ ਗਰਭ) 'ਚ ਹੀ ਸੜੀ ਜਾਣਾ ਸੀ। (ਵੈਸੇ 280 ਦਿਨਾਂ ਬਾਦ ਇਨਸਾਨ ਦਾ ਜਨਮ ਹੋ ਹੀ ਜਾਣਾ ਹੁੰਦਾ ਹੈ।) ਜਿਹੜੇ ਮਾਤ ਗਰਭ ਨੂੰ ਧਰਮ ਪੁਰਸ਼ਾਂ ਨੇ ਕੁੰਭੀ ਨਰਕ ਕਿਹਾ ਹੈ (ਭਾਵੇਂ ਉਹ ਆਪਣੀ ਮਾਂ ਦੀ ਕੁੱਖ ਦਾ ਇਹ ਕਹਿਕੇ ਘੋਰ ਨਿਰਾਦਰ ਹੀ ਕਰਦੇ ਹਨ) ਉਸ ਨਾਲੋਂ ਸੁਰੱਖਿਅਤ ਥਾਂ ਅਜੇ ਤਕ ਕੋਈ ਨਹੀਂ ਬਣੀ। ਵਿਗਿਆਨੀਆਂ ਨੇ ਕਾਫੀ ਕੋਸ਼ਿਸ਼ ਕੀਤੀ ਮਾਤਾ ਦੀ ਕੁੱਖ ਵਰਗੀ ਝਿੱਲੀ ਬਣਾਉਣ ਦੀ, ਪਰ ਅਜੇ ਤਕ ਸਫਲਤਾ ਨਹੀਂ ਮਿਲੀ। ਇਹ ਝਿੱਲੀ ਬੱਚੇ ਨੂੰ ਠੰਡ, ਗਰਮੀ ਤੋਂ ਪੂਰੀ ਤਰ੍ਹਾਂ ਬਚਾਉਂਦੀ ਹੈ। ਕੁੰਭੀ ਨਰਕ ਲਿਖਣ ਵਾਲੇ ਮੂੜ੍ਹਮਤ, ਸਿਧਰੇ ਦੇਵ ਪੁਰਸ਼ ਇਸ ਤੱਥ ਤੋਂ ਪੂਰੀ ਤਰ੍ਹਾਂ ਅਨਜਾਣ ਸਨ ਜਾਂ ਹਨ।

ਫਿਰ ਉਹ ਕਹਿੰਦੇ ਕਿ ਜਨਮ ਲੈਣ ਸਾਰ ਬਾਹਰ ਆਦਮੀ (ਬੱਚੇ) ਨੂੰ ਮਾਇਆ? ਨੇ ਆਪਣੇ ਜਾਲ ਵਿਚ ਫਸਾ ਲਿਆ ਤੇ ਉਹ ਰੱਬ ਨਾਲ ਕੀਤਾ ਵਾਅਦਾ ਭੁੱਲ ਕੇ ਨਾਮ ਜਪਣ ਤੋਂ ਮੁਨਕਰ ਹੋ ਗਿਆ। ਨਵ-ਜਨਮਿਆ ਬੱਚਾ, ਜੀਹਦਾ ਦਿਮਾਗ ਕੋਰੀ ਸਲੇਟ ਵਰਗਾ ਹੁੰਦਾ ਹੈ, ਉਸਦਾ ਮਨ ਵਿਕਸਤ ਹੋਣ 'ਤੇ ਕਈ ਸਾਲ ਲਗਦੇ ਹਨ, ਵਿਚਾਰਾ ਕੀ ਭੁੱਲ ਗਿਆ ਜੋ ਉਹਦੇ ਯਾਦ ਸੀ। ਅਸਲ ਵਿਚ ਮਨੁੱਖੀ ਸੱਭਿਅਤਾ ਜਦੋਂ 10 ਕੁ ਹਜਾਰ ਸਾਲ ਪਹਿਲਾਂ ਹੋਂਦ 'ਚ ਆਈ ਤਾਂ ਇਸ ਪਿੱਛੇ ਮੁੱਖ ਕਾਰਨ ਮਨੁੱਖੀ ਕਿਰਤ ਸੀ। ਦਰੱਖਤਾਂ ਤੋਂ ਉਤਰ ਕੇ ਧਰਤੀ 'ਤੇ ਆ ਕੇ ਜਦੋਂ ਮਨੁੱਖ ਨੇ ਅਗਲੇ ਪੈਰਾਂ ਤੋਂ ਹੱਥਾਂ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ ਤਾਂ, ਉਹ ਮਨੁੱਖੀ ਸੱਭਿਅਤਾ ਦੀ ਸ਼ੁਰੂਆਤ ਵੱਲ ਪੁੱਟਿਆ ਪਹਿਲਾ ਕਦਮ ਸੀ। ਮਨੁੱਖ ਖੇਤੀ ਕਰਨ ਲੱਗਿਆ, ਉਸ ਕੋਲ ਵਾਧੂ ਉਪਜ ਹੋਣ ਲੱਗੀ ਤਾਂ ਸ਼ੈਤਾਨ ਦਿਮਾਗ ਵੀ ਹੋਂਦ ਵਿਚ ਆ ਗਏ। ਉਹ ਮਨੁੱਖ ਦੀ ਵਾਧੂ ਉਪਜ ਲੁੱਟਣ ਦੇ ਮਨਸੂਬੇ ਬਣਾਉਣ ਲੱਗੇ। ਸ਼ੈਤਾਨ ਆਦਮੀ ਨੇ ਮਨੁੱਖ ਦੇ ਡਰ ਦਾ ਭਰਪੂਰ ਲਾਹਾ ਲਿਆ। ਪਹਿਲਾਂ ਪਹਿਲਾਂ ਉਹ ਕਿਰਤੀ ਆਦਮੀ ਨੂੰ ਟੂਣੇ, ਮੰਤਰ ਤੇ ਅਜਿਹੇ ਹੋਰ ਉਪਾਅ ਕਰਕੇ ਲੁੱਟਦਾ ਰਿਹਾ। ਫਿਰ ਕਲਪਿਤ ਦੇਵੀ ਦੇਵਤੇ ਚੰਦ, ਸੂਰਜ, ਹਵਾ, ਪਾਣੀ, ਸੱਪ ਤੇ ਚੇਚਕ ਮਾਤਾ ਆਦਿ ਬਿਮਾਰੀਆਂ ਦੇ ਨਾਮ ਦੀਆਂ ਦੇਵੀ ਦੇਵਤੀਆਂ ਬਣਾ ਕੇ ਲੁਟਦੇ ਰਹੇ। ਚੰਦ ਸੂਰਜ ਦੇ ਗ੍ਰਹਿਣ ਦੇ ਡਰ ਕਾਰਨ, ਪਾਣੀ ਦੇ ਹੜ੍ਹ ਦੇ ਡਰ ਕਾਰਨ (ਖਵਾਜਾ ਪੀਰ) ਸੱਪ ਦੇ ਕੱਟਣ ਦੇ ਡਰ ਕਾਰਨ (ਗੁੱਗਾ ਪੀਰ) ਤੇਜ ਬਾਰਿਸ਼ ਦੀ ਤਬਾਹੀ ਦਾ ਡਰ (ਇੰਦਰ ਦੇਵਤਾ) ਤੇਜ ਹਨੇਰੀ (ਪਵਣ ਦੇਵਤਾ) ਲਾਇਲਾਜ ਬਿਮਾਰੀਆਂ ਚੇਚਕ ਵਗੈਰਾ (ਸੀਤਲਾ ਮਾਤਾ) ਆਦਿ ਆਦਿ ਪੈਦਾ ਹੁੰਦੇ ਰਹੇ। ਭਾਵੇਂ ਵਿਗਿਆਨ ਨੇ ਚੇਚਕ ਆਦਿ ਬਿਮਾਰੀਆਂ ਦਾ ਸਫਾਇਆ ਕਰ ਦਿੱਤਾ ਹੈ ਪਰ ਸੀਤਲਾ ਮਾਤਾ ਮੰਦਰ ਅਜੇ ਵੀ ਕਾਇਮ ਹਨ।

ਭਾਰਤ 'ਚ ਆਰੀਅਨਾਂ ਦੇ ਆਉਣ ਤੋਂ ਪਹਿਲਾਂ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਸੀ। ਚਾਰ ਕੁ ਹਜਾਰ ਸਾਲ ਪਹਿਲਾਂ ਇੱਥੇ ਦਰਾਵੜ ਕੌਮ ਬਿਨਾਂ ਕਿਸੇ ਪੂਜਾ ਪਾਠ ਦੇ ਬੜੇ ਅਮਨ ਅਮਾਨ ਨਾਲ ਰਹਿ ਰਹੀ ਸੀ। ਮੋਹਿੰਦੜੋ - ਹੜੱਪਾ ਸੱਭਿਅਤਾਵਾਂ ਦੇ ਅਵਸ਼ੇਸ਼ ਦਸਦੇ ਹਨ ਇਹ ਕੌਮ ਮਿਹਨਤੀ ਤੇ ਕਲਾ ਦੀ ਪਾਰਖੂ ਸੀ। ਇਹਨਾਂ ਨੇ ਬੜੇ ਸੁੰਦਰ ਨਗਰ ਵਸਾਏ ਸਨ। ਮਧ ਏਸ਼ੀਆ 'ਚੋਂ ਆਏ ਹਮਲਾਵਰ ਆਰੀਅਨਾਂ (ਜਿਹਨਾਂ 'ਚ ਵਰਮੇ, ਸ਼ਰਮੇ, ਅਗਰਵਾਲ ਪਰਮੁੱਖ ਸਨ), ਨੇ ਦਰਾਵੜਾਂ 'ਤੇ ਯੱਗ ਹਵਨ, ਪੂਜਾ ਪਾਠ ਥੋਪਿਆ ਤੇ ਹੁਕਮ ਨਾ ਮੰਨਣ 'ਤੇ ਉਹਨਾਂ ਦਾ ਕਤਲੇਆਮ ਕੀਤਾ। ਉਹਨਾਂ ਨੂੰ ਗੁਲਾਮ ਬਣਾ ਕੇ, ਸ਼ੂਦਰ ਦਾ ਦਰਜਾ ਦੇ ਕੇ, ਉਹਨਾਂ ਦੇ ਸਾਰੇ ਹੱਕ ਖਤਮ ਕਰ ਦਿੱਤੇ ਗਏ। ਰਿਗ ਵੇਦ ਮੁਤਾਬਿਕ ਉਦੋਂ ਦੇਵਤਿਆਂ ਦੀ ਉਸਤਤ ਵਿੱਚ ਮੰਤਰ ਤਾਂ ਉਚਾਰੇ ਜਾਂਦੇ ਸਨ ਪਰ ਨਾਮ ਜਪਣ ਵਰਗਾ ਕੁਝ ਨਹੀਂ, ਕਿਉਂਕਿ ਉਦੋਂ ਅਜੇ ਰੱਬ ਦਾ ਜਨਮ ਹੀ ਨਹੀਂ ਸੀ ਹੋਇਆ। ਤਕਰੀਬਨ ਚਾਰ ਹਜਾਰ ਸਾਲ ਰਚੇ ਗਰੰਥ, ਰਿਗ ਵੇਦ ਵਿਚ ਰੱਬ ਦਾ ਕਿਤੇ ਕੋਈ ਜ਼ਿਕਰ ਨਹੀਂ। ਰੱਬ ਦੀ ਉਮਰ ਮਸਾਂ ਸਿਰਫ ਤਿੰਨ ਕੁ ਹਜਾਰ ਵਰ੍ਹੇ ਹੈ। ਸਭ ਤੋਂ ਪਹਿਲਾਂ ਯਹੂਦੀਆਂ ਦੇ ਪੈਗੰਬਰ ਹਜ਼ਰਤ ਮੂਸਾ ਨੇ ਇਕ ਰੱਬ ਦਾ ਪ੍ਰਚਾਰ ਕੀਤਾ ਤੇ ਕਿਹਾ ਕਿ ਮੈਂ ਰੱਬ ਦਾ ਪੈਗੰਬਰ (ਦੂਤ) ਹਾਂ (ਉਸਤੋਂ ਬਾਦ ਤਾਂ ਪੈਗੰਬਰਾਂ, ਅਵਤਾਰਾਂ ਦਾ ਹੜ੍ਹ ਹੀ ਆ ਗਿਆ)। ਫਿਰ ਇਹ ਰੱਬ ਭਾਰਤ 'ਚ ਵੀ ਆ ਗਿਆ ਤੇ ਸ਼ੁਰੂ ਹੋਇਆ ਨਾਮ ਜਪਣ ਦਾ ਸਿਲਸਿਲਾ। 2600 ਸਾਲ ਪਹਿਲਾਂ

ਗੌਤਮ ਬੁੱਧ ਨੇ ਸਾਰੇ ਕਰਮਕਾਂਡਾਂ ਦਾ ਖੰਡਨ ਕਰਕੇ ਰੱਬ ਦੀ ਹੋਂਦ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਸਿਰਫ ਦੁੱਖ ਦੀ ਹੋਂਦ ਹੈ। ਆਦਮੀ ਆਪਣੀਆਂ ਲਾਲਸਾਵਾਂ ਘਟਾ ਕੇ ਦੁੱਖ ਤੋਂ ਛੁਟਕਾਰਾ ਪਾ ਸਕਦਾ ਹੈ। ਇਸਨੂੰ ਉਸਨੇ ਮੱਧ ਮਾਰਗ (ਨਿਰਵਾਣ ਦਾ ਮਾਰਗ) ਕਿਹਾ।

ਗੌਤਮ ਬੁੱਧ ਦੇ ਦੋ ਸੌ ਸਾਲ ਬਾਅਦ ਰਾਜਾ ਅਸ਼ੋਕ ਨੇ ਉਸਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਫਿਰ ਚਾਣਕਿਆ ਵਰਗੇ ਕੁਟਲ ਨੀਤੀਵਾਨਾਂ ਨੇ ਰਾਜ ਭਾਗ ਹਥਿਆ ਕੇ ਆਰੀਅਨਾਂ ਦੇ ਹਵਾਲੇ ਕਰ ਦਿਤਾ। ਆਰੀਅਨ ਬ੍ਰਹਿਮਣ ਨੇ ਬੁੱਧ ਨਾਲ ਕਰਾਮਾਤਾਂ ਜੋੜ ਕੇ ਉਸਨੂੰ ਅਵਤਾਰ ਦਾ ਦਰਜਾ ਦੇ ਦਿੱਤਾ ਤੇ ਆਦਿ ਸ਼ੰਕਰਚਾਰੀਆ ਦੀ ਅਗਵਾਈ 'ਚ ਗੌਤਮ ਦੇ ਭਿਕਸ਼ੂਆਂ ਦਾ ਐਨਾ ਭਿਆਨਕ ਕਤਲੇਆਮ ਕੀਤਾ ਗਿਆ ਕਿ ਬੁੱਧ ਧਰਮ ਨੂੰ ਭਾਰਤ 'ਚੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ । ਫਿਰ ਗੀਤਾ, ਮਨੂੰ ਸਿਮਰਤੀ ਦੀ ਸਿਰਜਣਾ ਕਰਕੇ ਜਾਤ ਪਾਤ ਦਾ ਮਕੜਜਾਲ ਐਨਾ ਪੀਡਾ ਕਰ ਦਿਤਾ ਗਿਆ ਕਿ ਇਸ ਨੂੰ ਅੱਜ ਵੀ ਤੋੜ ਸਕਣਾ ਬਹੁਤ ਮੁਸ਼ਕਿਲ ਹੈ। (ਗੀਤਾ ਲੇਖਕ ਰਿਸ਼ੀ ਵੇਦ ਵਿਆਸ ਦੀ ਦੇਣ ਹੈ, ਬਹੁਤੇ ਲੋਕ ਅਜੇ ਵੀ ਗੀਤਾ 'ਕ੍ਰਿਸ਼ਨ ਭਗਵਾਨ' ਦੀ ਲਿਖੀ ਹੋਈ ਸਮਝਦੇ ਹਨ।) ਉਸਤੋਂ ਬਾਦ 84 ਲੱਖ ਜੂਨਾਂ, ਪੁਨਰ ਜਨਮ ਤੇ ਭਾਵੀ ਦੇ ਫਲਸਫੇ ਨੂੰ ਐਨੇ ਜੋਰਦਾਰ ਢੰਗ ਨਾਲ ਪ੍ਰਚਾਰਿਆ ਗਿਆ ਕਿ ਅੱਜ ਨਰਿੰਦਰ ਮੋਦੀ ਇਸ ਫਲਸਫੇ ਦੀ ਬਦੌਲਤ ਭਾਰਤ ਦਾ ਰਾਜਾ (ਪ੍ਰਧਾਨ ਮੰਤਰੀ) ਹੈ। ਅਸ਼ੋਕ ਵਰਗੇ ਰਾਜੇ ਬਹੁਤ ਪਿੱਛੇ ਰਹਿ ਗਏ ਹਨ। (ਰਾਮ ਚੰਦਰ ਤੋਂ ਬਾਅਦ ਇਹ ਆਰੀਅਨ ਫਲਸਫੇ ਦੀ ਸਭ ਤੋਂ ਵੱਡੀ ਜਿੱਤ ਹੈ।

ਇਸ ਸਰਕਾਰ ਰਾਹੀਂ, ਇਸ ਫਲਸਫੇ ਦੀ ਪ੍ਰਚਾਰਕ ਐਰ. ਐਸ. ਐਸ. ਜਮਾਤ ਹਰ ਤਰ੍ਹਾਂ ਦੇ ਅੰਧ-ਵਿਸ਼ਵਾਸ਼ ਤੇ ਜੋਤਿਸ਼ ਵਰਗੇ ਢੌਂਗੀ ਫਲਸਫਿਆਂ ਦਾ ਪ੍ਰਚਾਰ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।) ਸਵੇਰੇ ਸ਼ਾਮ ਮੰਦਰਾਂ, ਗੁਰਦਵਾਰਿਆਂ ਤੇ ਹੋਰ ਧਾਰਮਿਕ ਅਸਥਾਨਾਂ 'ਚ ਸਿਰਫ ਨਾਮ ਜਪਨ ਅਤੇ ਦਸਵਾਂ ਦਸਵੰਦ ਕੱਢਣ ਦਾ ਪ੍ਰਚਾਰ ਐਨੇ ਜੋਰਦਾਰ ਢੰਗ ਨਾਲ ਹੋ ਰਿਹਾ ਹੈ ਕਿ ਲੋਕ ਆਪਣੇ ਘਰ ਜਾਂ ਬੱਚਿਆਂ ਤੇ ਆਪਣੀ ਕਮਾਈ ਖਰਚਣ ਦੀ ਥਾਂ, ਆਪਣੀ ਕਮਾਈ ਧੜਾ-ਧੜ ਧਾਰਮਿਕ ਅਸਥਾਨਾਂ 'ਚ ਭੇਂਟ ਕਰ ਰਹੇ ਹਨ।

ਜਿਵੇਂ ਦੜੇ ਸੱਟੇ ਵਾਲੇ 10 ਰੁਪੈ ਬਦਲੇ 70 ਰੁਪੈ ਦੇਣ ਦਾ ਪ੍ਰਚਾਰ ਕਰਕੇ ਲੋਕਾਂ ਦੇ ਘਰਾਂ ਦੇ ਘਰ ਤਬਾਹ ਕਰ ਦਿੰਦੇ ਹਨ, ਇਸੇ ਤਰ੍ਹਾਂ ਹੀ ਧਾਰਮਿਕ ਲੋਕ ਇਥੇ ਦਸ ਰੁਪੈ ਬਦਲੇ ਅਗਲੇ ਲੋਕ 'ਚ ਸੱਤਰ ਗੁਣਾ ਦਾ ਪ੍ਰਚਾਰ ਕਰ ਰਹੇ ਹਨ। (ਦਹਿ ਦੁਨੀਆਂ ਤੇ ਸੱਤਰ ਆਖਿਰ ਵੈਦਿਕ ਨੇ ਫੁਰਮਾਇਆ-ਯਮਲਾ) ਇਥੇ ਧਾਰਮਿਕ ਸਥਾਨਾਂ 'ਚ ਸੋਨੇ ਢੇਰ ਹੋਰ ਉਚੇ ਹੋ ਰਹੇ ਹਨ ਤੇ ਆਮ ਆਦਮੀ ਨਾਮ ਜਪਣ ਦਾ ਛੁਣਛੁਣਾ ਲੈ ਕੇ ਗਾ ਰਿਹਾ ਹੈ, ਲੂਟਨਾ ਤੋ ਹੈ ਲੂਟ ਲੈ ਰਾਮ ਨਾਮ ਕੀ ਲੂਟ।

ਸਾਧ ਸੰਤ ਲੋਕਾਂ ਨੂੰ ਨਾਮ ਦਾ ਜਹਾਜ ਦੇ ਕੇ ਆਪ ਅਸਲੀ ਜੈੱਟ ਜਹਾਜ 'ਤੇ ਵਿਦੇਸ਼ਾਂ ਦੀ ਸੈਰ ਕਰ ਰਹੇ ਹਨ। ਇਹ ਨਾਮ ਖ਼ੁਮਾਰੀ ਹੀ ਵਿਹਲੜ ਸਮਾਜ ਦੀ ਸਿਰਜਣਾ ਕਰਦੀ ਹੈ। ਸਾਧ, ਮਹੰਤ, ਡੇਰੇ, ਧਾਰਮਿਕ ਸਥਾਨਾਂ ਦੀ ਗਿਣਤੀ ਹੁਣ ਲੱਖਾਂ 'ਚ ਨਹੀਂ ਕਰੋੜਾਂ 'ਚ ਹੈ ਤੇ ਇਹਨਾਂ 'ਚ ਲਗਾਤਾਰ ਵਾਧਾ ਜਾਰੀ ਹੈ।

**ਨਾਮ ਦਾ ਪੇਟੈਂਟ**: ਦੁਕਾਨਦਾਰੀ ਦੇਖੋ ਕਿ ਸਾਰਿਆਂ ਬਾਬਿਆਂ ਦੇ ਨਾਮ ਵੀ ਪੇਟੈਂਟ ਕਰਵਾਏ ਹੋਏ ਐ। ਜਦ ਮੈਂ ਇਕ ਡੇਰੇ 'ਚੋਂ ਨਾਮ ਲਿਆ ਤਾਂ ਬਾਬਾ ਕਹਿੰਦਾ ਵਾਹਿਗੁਰੂ ਵਾਹਿਗੁਰੂ ਦਾ ਨਾਮ ਜਪਣੈ, ਬਾਬੇ ਨਾਨਕ ਦਾ ਧਿਆਨ ਧਰਕੇ। ਪਰ ਇਹ ਅਗਾਂਹ ਕਿਸੇ ਨੂੰ ਨੀ ਦੱਸਣਾ। ਜੇ ਦੱਸ ਤਾਂ ਤੁਹਾਡਾ ਸਾਰਾ ਕੀਤਾ ਕਰਾਇਆ ਖਤਮ।

'ਆਪਣਾ ਆਪਣਾ ਮਾਲ ਸਜਾ ਕੇ ਸਭ ਬਜ਼ਾਰ ਮੇਂ ਆ ਬੈਠੇ,
ਕੋਈ ਇਸੇ ਮਜ਼ਬੂਰੀ ਆਖੇ, ਕੋਈ ਕਾਰੋਬਾਰ ਕਹੇ।'

# ਕਿਤਾਬਾਂ ਬਾਰੇ ਕੁਟੇਸ਼ਨਾਂ

ਪੁਸਤਕਾਂ ਮੇਰੇ ਲਈ ਸੋਚਦੀਆਂ ਹਨ।

**- ਚਾਰਲਸ ਲੈਬ**

ਵਿਚਾਰਾਂ ਦੇ ਯੁੱਧ ਵਿੱਚ ਪੁਸਤਕਾਂ ਹੀ ਉੱਪਰ ਹਨ।

**- ਬਰਨਾਰਡ ਸ਼ਾਘ**

ਜੇ ਕੋਈ ਪੁਸਤਕ ਪੜ੍ਹਨਯੋਗ ਹੈ ਤਾਂ ਉਹ ਖਰੀਦੇ ਜਾਣ ਯੋਗ ਵੀ ਹੈ।

**- ਰਸਕਿਨ**

ਪੁਸਤਕਾਂ ਰਹਿਤ ਕਮਰਾ ਆਤਮਾ ਰਹਿਤ ਸਰੀਰ ਦੇ ਸਮਾਨ ਹੈ।

**- ਸਿਸਰੋ**

ਪੁਸਤਕ ਪ੍ਰੇਮੀ ਸਭ ਤੋਂ ਵੱਧ ਅਮੀਰ ਤੇ ਸੁਖੀ ਹਨ।

**- ਥੋਰੀਓ**

ਮੈਂ ਨਰਕ ਵਿੱਚ ਵੀ ਉੱਤਮ ਪੁਸਤਕਾਂ ਦਾ ਸਵਾਗਤ ਕਰਾਂਗਾ ਕਿਉਂਕਿ ਇਨ੍ਹਾਂ ਵਿੱਚ ਉਹ ਸ਼ਕਤੀ ਹੈ ਕਿ ਜਿਥੇ ਇਹ ਹੋਣਗੀਆਂ ਉਥੇ ਆਪ ਹੀ ਸਵਰਗ ਬਣ ਜਾਵੇਗਾ।

**- ਲੋਕ ਮਾਨਯ ਤਿਲਕ**

ਕਿਤਾਬਾਂ ਦੇ ਜਰੀਏ ਦਿਮਾਗ ਵਿੱਚ ਚੁਸਤੀ ਤੇ ਫੁਰਤੀ ਆਉਂਦੀ ਹੈ। ਕਿਤਾਬਾਂ ਸਾਨੂੰ ਤਰਕ ਸਿਖਾਉਂਦੀਆਂ ਹਨ। ਕਿਤਾਬਾਂ ਦੇ ਜ਼ਰੀਏ ਅਸੀਂ ਦਿਮਾਗ ਦੀ ਤਹਿ ਵਿੱਚ ਹੋਰ ਡੂੰਘੇ ਉੱਤਰ ਸਕਦੇ ਹਾਂ।

**- ਭੋਲਾ ਸਿੰਘ ਸਮੀਰੀਆ**

ਕੁਝ ਕਿਤਾਬਾਂ ਪੜ੍ਹਨ ਵਾਲੀਆਂ ਹੁੰਦੀਆਂ ਹਨ ਕੁੱਝ ਸਾਂਭਣ ਵਾਲੀਆਂ ਹੁੰਦੀਆਂ ਹਨ ਤੇ ਕੁੱਝ ਕੁ ਕਿਤਾਬਾਂ ਘੋਟ ਘੋਟ ਕੇ ਪੀਣ ਵਾਲੀਆਂ ਹੁੰਦੀਆਂ ਹਨ।

**- ਸਰ ਟਗਸਸ ਬੇਕਨ**

ਜੇਕਰ ਲਾਇਬਰੇਰੀਆਂ ਦਾ ਅਕਾਰ ਅਤੇ ਮਹੱਤਵ ਘਟਦਾ ਗਿਆ ਤਾਂ ਉਸ ਅਨੁਪਾਤ ਵਿੱਚ ਹਸਪਤਾਲਾਂ, ਪਾਗਲਖਾਨਿਆਂ ਅਤੇ ਜੇਲ੍ਹਾਂ ਦਾ ਖੇਤਰਫਲ ਫੈਲਦਾ ਜਾਵੇਗਾ।

**- ਨਰਿੰਦਰ ਸਿੰਘ ਕਪੂਰ**

ਜੇਕਰ ਕੋਈ ਕਿਤਾਬ ਤੁਹਾਨੂੰ ਪੜ੍ਹਨ ਯੋਗ ਜਾਪਦੀ ਹੈ ਤਾਂ ਉਸਨੂੰ ਖਰੀਦਣ ਤੋਂ ਨਹੀਂ ਝਿਜਕਣਾ ਚਾਹੀਦਾ।

**- ਜੋਹਨ ਰਸਕਿਨ**

ਮਹਾਨ ਕੌਮਾਂ ਆਪਣੀਆਂ ਸਵੈ-ਜੀਵਨੀਆਂ ਤਿੰਨ ਖਰੜਿਆਂ ਵਿੱਚ ਲਿਖਦੀਆਂ ਹਨ। ਉਨ੍ਹਾਂ ਦੇ ਕੰਮਾਂ ਦੀ ਕਿਤਾਬ, ਉਨ੍ਹਾਂ ਦੇ ਸ਼ਬਦਾਂ ਦੀ ਕਿਤਾਬ, ਉਨ੍ਹਾਂ ਦੀ ਕਲਾ ਦੀ ਕਿਤਾਬ।

**- ਜਾਨ ਰਸਕਿਨ**

ਕਿਤਾਬਾਂ ਵਰਗਾ ਕੋਈ ਜਹਾਜ਼ ਨਹੀਂ ਜੋ ਸਾਨੂੰ ਦੇਸ਼ ਦੇਸ਼ਾਂ ਤੋਂ ਪਾਰ ਲੈ ਜਾਂਦਾ ਹੈ।

**- ਐਮਿਲੀ ਡਿਕਨਸਨ**

ਜੇਕਰ ਤੁਸੀਂ ਕਿਤਾਬ ਪੜ੍ਹ ਨਹੀਂ ਸਕਦੇ ਤਾਂ ਖਰੀਦੋ ਜ਼ਰੂਰ ਇਹ ਆਦਤ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ 'ਤੇ ਪੜ੍ਹਨਾ ਸਿਖਾ ਦੇਵੇਗੀ।

**- ਐਥਕੀ ਬਰਗੈਸਤ**

ਕਾਨੂੰਨ ਥਾਣੇ ਅਦਾਲਤਾਂ ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿੱਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿੱਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਸਾਡੀਆਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ ਜਿੱਥੇ ਹਿਮਾਲਾ ਦੀਆਂ ਸਿਖਰਾਂ ਜਿਹੇ ਮੱਥੇ ਹਵਾਵਾਂ ਜਿਹੇ ਸੂਖਮ ਵਿਚਾਰ ਲੰਮੀ ਬੌਧਿਕ ਉਡਾਣ ਸਮੁੰਦਰਾਂ ਜਿਹੇ ਵਿਸ਼ਾਲ ਹਿਰਦੇ ਅਤੇ ਸੂਰਜ ਜਿਹੀ ਉਦਾਰ ਤੱਕਣੀ ਵਾਲੇ ਮਨੁੱਖ ਉਸਰਨਗੇ।

**- ਨਰਿੰਦਰ ਸਿੰਘ ਕਪੂਰ**

# ਵਿਗਿਆਨਕ ਖ਼ਬਰਾਂ

*** ਚੀਨ ਤੋਂ ਚੰਦ 'ਤੇ**

ਧਰਤੀ ਤੋਂ ਲਗਭਗ ਚਾਰ ਲੱਖ ਕਿਲੋਮੀਟਰ ਦੂਰ ਚੰਦਰਮਾ 'ਤੇ ਚੀਨ ਅਜਿਹਾ ਯੰਤਰ ਭੇਜਣ ਦੀ ਤਿਆਰੀ ਕਰ ਰਿਹਾ ਹੈ ਜਿਹੜਾ ਉੱਥੋਂ ਵਾਪਸ ਧਰਤੀ 'ਤੇ ਹੀ ਆਵੇਗਾ। ਜੇਕਰ ਖੋਜ ਸਫ਼ਲ ਹੋ ਗਈ ਤਾਂ ਚੀਨ ਚੰਦ 'ਤੇ ਆਪਣੀ ਬਸਤੀ ਬਨਾਉਣਾ ਸ਼ੁਰੂ ਕਰ ਦੇਵੇਗਾ।

ਚੰਦਰਮਾ ਤੱਕ ਜਾਣ ਵਾਲੇ ਅਤੇ ਫਿਰ ਵਾਪਸ ਆਉਣ ਵਾਲਾ ਯੰਤਰ ਇਸ ਸਾਲ ਦੇ ਅੰਤ ਵਿੱਚ ਰਵਾਨਾ ਹੋਵੇਗਾ। ਚੀਨ ਦੀ ਟੈਕਨਾਲੋਜੀ ਐਂਡ ਇੰਡਸਟਰੀ ਫਾਰ ਨੈਸ਼ਨਲ ਡਿਫੇਂਸ ਦੇ ਅਨੁਸਾਰ ਯੰਤਰ ਨੂੰ ਇਸ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਉਹ ਧਰਤੀ ਦੇ ਵਾਯੂਮੰਡਲ ਵਿੱਚ ਵਾਪਸ ਪਰਤਣ ਸਮੇਂ ਪੈਦਾ ਹੋਣ ਵਾਲੀ ਜ਼ਿਆਦਾ ਗਰਮੀ ਨੂੰ ਝੱਲ ਸਕੇ।

*** ਪੁਲਾੜ ਵਿੱਚ ਆਕਸੀਜਨ ਬਣਾਵੇਗੀ ਇਹਨਾਂ ਪੱਤਿਆਂ ਨੂੰ**

ਪੁਲਾੜ ਯਾਤਰਾ ਦੇ ਦੌਰਾਨ ਪੁਲਾੜ ਯਾਤਰੀਆਂ ਨੂੰ ਆਕਸੀਜਨ ਦੀ ਪੂਰਤੀ ਜਲਦੀ ਹੀ ਮਨੁੱਖ ਨਿਮਿਰਤ ਪੱਤਿਆਂ ਤੋਂ ਹੋਵੇਗੀ। ਦੁਨੀਆਂ ਦੀ ਪਹਿਲੀ ਨਕਲੀ ਜੈਵਿਕ ਪੱਤੀ ਦਾ ਵਿਕਾਸ ਹੋ ਗਿਆ ਹੈ ਜੋ ਪਾਣੀ ਅਤੇ ਕਾਰਬਨ ਡਾਇਅਕਸਾਈਡ ਨੂੰ ਸਮਾਅ ਕੇ ਆਕਸੀਜਨ ਬਣਾਉਣ ਦੇ ਸਮਰੱਥ ਹੈ।



ਇਸ ਪੱਤੀ ਦਾ ਵਿਕਾਸ ਕਰਨ ਵਾਲੇ ਬ੍ਰਿਟੇਨ ਨੇ ਰਾਇਲ ਕਾਲਜ ਆਫ ਆਰਟ ਦੇ ਜੂਲੀਅਨ ਦਾ ਕਹਿਣਾ ਹੈ ਕਿ ਇਸ ਖੋਜ ਨਾਲ ਲੰਬੀ ਦੂਰੀ ਦੀ ਪੁਲਾੜ ਯਾਤਰਾ ਵਿੱਚ ਸਹੂਲਤ ਹੋਵੇਗੀ, ਨਾਲ ਹੀ ਇਹ ਇਨਸਾਨ ਦੇ ਵਸਣ ਵਿੱਚ ਵੀ ਮਦਦ ਕਰ ਸਕਦਾ ਹੈ ਕਿਉਂਕਿ ਜ਼ੀਰੋ ਸਕਤੀ ਵਿੱਚ ਪੌਦੇ ਨਹੀਂ ਉਗਾਏ ਜਾ ਸਕਦੇ। ਖ਼ਬਰਾਂ ਦੇ ਅਨੁਸਾਰ ਲੰਬੀ ਦੂਰੀ ਦੀ ਪੁਲਾੜ ਯਾਤਰਾ ਦੇ ਦੌਰਾਨ ਜਿਉਂਦੇ ਰਹਿਣ ਦੇ ਲਈ ਕਈ ਢੰਗਾਂ ਨਾਲ ਆਕਸੀਜਨ ਪੈਦਾ ਕਰਨ ਦੇ ਲਈ ਨਾਸਾ ਲਗਾਤਾਰ ਖੋਜ ਕਰ ਰਿਹਾ ਹੈ।

ਮੇਲਕਿਔਰੀ ਦੀ ਰੇਸ਼ਮ ਲੀਫ ਪ੍ਰੋਜੈਕਟ ਦੇ ਰਾਇਲ ਕਾਲਜ ਇਨੋਵੇਸ਼ਨ ਡਿਜ਼ਾਈਨ ਇੰਜਨੀਅਰਿੰਗ ਕੋਰਸ ਅਤੇ ਵਰਨਣ ਯੂਨੀਵਰਸਿਟੀ ਆਫ ਸਿਲਕ ਲੈਬ ਵਿੱਚ ਹੋਇਆ ਹੈ। ਪ੍ਰੋਜੈਕਟ ਵਿੱਚ ਕਲੋਰੋਪਲਾਸਟ (3) ਦੇ ਰੇਸ਼ਮ ਦੇ ਪ੍ਰੋਟੀਨ ਵਿੱਚ ਰੱਖਿਆ ਜਾਂਦਾ ਹੈ। ਪਦਾਰਥ ਨੂੰ ਸਿੱਧੇ ਰੇਸ਼ਮ ਦੇ ਫ਼ਾਇਬਰ ਤੋਂ ਵੱਖ ਕੀਤਾ ਗਿਆ ਹੈ, ਜਿਸ ਵਿੱਚ ਅਣੂਆਂ ਦੇ ਸਥਿਰਤਾ ਦਾ ਗਜਬ ਦਾ ਗੁਣ ਹੈ।

*** ਵਿਗਿਆਨੀਆਂ ਨੇ ਮਨੁੱਖ ਵਿੱਚ ਆਨ ਤੇ ਆਫ ਬਟਨ ਦੀ ਕੀਤੀ ਖੋਜ**

ਵਿਗਿਆਨੀਆਂ ਨੇ ਵਿਅਕਤੀ ਦੇ ਦਿਮਾਗ ਵਿੱਚ ਆਨ-ਆਫ ਸਵਿਚ ਦੀ ਖੋਜ ਦਾ ਦਾਅਵਾ ਕੀਤਾ ਹੈ। ਵਿਗਿਆਨੀਆਂ ਦਾ ਦਾਅਵਾ ਹੈ ਕਿ ਇਸ ਬਟਨ ਨਾਲ ਇਨਸਾਨ ਨੂੰ ਬੇਹੋਸ਼ ਕੀਤਾ ਜਾ ਸਕਦਾ ਹੈ ਜਾਂ ਬੇਹੋਸ਼ੀ ਤੋਂ ਬਾਹਰ ਕੱਢਿਆ ਜਾ ਸਕਦਾ ਹੈ।

ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੇ ਡਾ. ਮੁਹੰਮਦ ਕੁਬੈਸੀ ਅਤੇ ਉਹਨਾਂ ਦੀ ਟੀਮ ਦੇ ਇੱਕ ਮਰੀਜ਼ 'ਤੇ ਸਟੱਡੀ ਦੌਰਾਨ ਪਾਇਆ ਕਿ ਦਿਮਾਗ ਦੇ ਇੱਕ ਖਾਸ ਹਿੱਸੇ ਵਿੱਚ ਨਿਕਲ ਰਹੀਆਂ ਤਰੰਗਾਂ ਉਸਨੂੰ ਵਾਰ-ਵਾਰ ਸੁਲਾਅ ਰਹੀਆਂ ਸਨ ਪਰ ਜਦੋਂ ਉਹਨਾਂ ਤਰੰਗਾਂ ਨੂੰ ਰੋਕਿਆ ਗਿਆ ਤਾਂ ਉਹ ਜਾਗ ਗਈ ਪਰ ਉਸਨੂੰ ਕੁੱਝ ਵੀ ਯਾਦ ਨਹੀਂ ਸੀ ਕਿ ਇਸ ਦੌਰਾਨ ਕੀ ਹੋਇਆ।

*** ਬਲੱਡ ਨਲੀ ਨਿਰਮਾਣ ਵਾਲੀ ਜੀਨ ਦੀ ਖੋਜ**



ਵਿਗਿਆਨੀਆਂ ਨੇ ਉਸ ਜੀਨ ਦੀ ਖੋਜ ਕਰ ਲਈ ਹੈ ਜਿਹੜਾ ਮਨੁੱਖੀ ਸਰੀਰ ਵਿੱਚ ਖੂਨ ਨਾਲੀਆਂ ਦਾ ਨਿਰਮਾਣ ਕਰਨ ਲਈ ਜ਼ਿੰਮੇਵਾਰ ਹੈ। ਇਸ ਨਾਲ ਕੈਂਸਰ ਅਤੇ ਦਿਲ ਦੇ ਰੋਗਾਂ ਦੇ ਕੰਟਰੋਲ ਡਾਕਟਰ ਨੂੰ ਸਹਾਇਤਾ ਮਿਲਣ ਦੀ ਉਮੀਦ ਹੈ। ਖ਼ੁਲਾਸੇ ਦੇ ਅਨੁਸਾਰ ਪੀਜੋ 1 ਨਾਮ ਦਾ ਇਹ ਜੀਨ ਸਰੀਰ ਨੂੰ ਸੰਦੇਸ਼ ਦਿੰਦਾ ਹੈ ਕਿ ਸਰੀਰ ਵਿੱਚ ਖੂਨ ਵਹਾਅ ਸਹੀ ਰੂਪ ਨਾਲ ਹੁੰਦਾ ਹੈ ਤੇ ਨਾਲ ਹੀ ਇਹ ਨਵੀਆਂ ਖ਼ੂਨ ਨਾਲੀਆਂ ਦੇ ਨਿਰਮਾਣ ਦਾ ਸੰਕੇਤ ਦਿੰਦਾ ਹੈ। ਲੀਡਸ ਯੂਨੀਵਰਸਿਟੀ ਬ੍ਰਿਟੇਨ ਦੇ ਪ੍ਰੋਫੈਸਰ ਡੇਵਿਡ ਬੀਚ ਦਾ ਕਹਿਣਾ ਹੈ, 'ਜੀਨਸ ਇਕ ਪ੍ਰੋਟੀਨ ਨੂੰ ਰਕਤ ਨਾਲੀਆਂ ਦਾ ਜਾਲ ਬਣਾਉਣ ਦਾ ਨਿਰਦੇਸ਼ ਦਿੰਦਾ ਹੈ, ਜਿਹੜੀ ਖ਼ੂਨ ਵਹਾਅ ਦੇ ਕਾਰਨ ਮਕੈਨੀਕਲ ਤਣਾਅ ਨਾਲ ਪ੍ਰਤੀਕ੍ਰਿਆ ਪੂਰੀ ਤਰ੍ਹਾਂ ਖੁੱਲ ਜਾਂਦੀ ਹੈ ਅਤੇ ਇਹ ਵਿਕਾਸ ਖ਼ੂਨ ਨਾਲੀ ਦਾ ਰੂਪ ਲੈ ਲੈਂਦੀ ਹੈ।'

*** ਕਿੱਥੇ ਮਦਦਗਾਰ ਹੋ ਸਕਦੀ ਹੈ ਖੋਜ**

ਇਸ ਮਹੱਤਵਪੂਰਨ ਖੋਜ ਤੋਂ ਬਾਅਦ ਵਿਗਿਆਨੀ ਇਸ ਜੀਨ ਵਿੱਚ ਹੇਰ-ਫੇਰ ਤੋਂ ਬਾਅਦ ਇਸ ਦਾ ਪ੍ਰਭਾਵ ਕੈਂਸਰ ਵਰਗੀ ਭਿਆਨਕ ਬਿਮਾਰੀ 'ਤੇ ਦੇਖਣਾ ਚਾਹੁੰਦੇ ਹਨ ਕਿਉਂਕਿ ਕੈਂਸਰ ਸੈੱਲ ਦੇ ਵਿਕਾਸ ਦਰ ਲਈ ਖ਼ੂਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਇਸਦੇ ਪ੍ਰਭਾਵ ਦਾ ਦਿਲ ਦੇ ਰੋਗਾਂ 'ਤੇ ਵੀ ਅਧਿਐਨ ਕਰਨ ਦੀ ਯੋਜਨਾ ਹੈ, ਜਿਸ ਨਾਲ ਖ਼ੂਨ ਨਾਲੀਆਂ ਵਿੱਚ ਪੇਪੜੀ ਜੰਮ ਜਾਂਦੀ ਹੈ ਜਿਸ ਨਾਲ ਖ਼ੂਨ ਦੇ ਵਹਾਅ ਵਿੱਚ ਪ੍ਰੇਸ਼ਾਨੀ ਹੁੰਦੀ ਹੈ।

*** ਮੰਗਲ 'ਤੇ ਬਣੇਗੀ ਆਕਸੀਜਨ!**

ਮੰਗਲ ਦੀ ਧਰਤੀ 'ਤੇ ਸਾਲ 2021 ਵਿੱਚ ਉਤਰਨ ਵਾਲਾ ਨਾਸਾ ਦਾ ਰੋਵਰ ਉਥੇ ਆਕਸੀਜਨ ਬਨਾਉਣ ਦੀ ਕੋਸ਼ਿਸ਼ ਕਰੇਗਾ। ਇਹ ਰੋਵਰ 7 ਵਿਗਿਆਨਿਕ ਟੈਸਟਿੰਗ ਕਰੇਗਾ, ਜਿਨਾਂ ਦਾ ਉਦੇਸ਼ ਭਵਿੱਖ ਵਿੱਚ ਮੰਗਲ 'ਤੇ ਮਨੁੱਖ ਨੂੰ ਭੇਜਣ ਦੇ ਲਈ ਰਸਤਾ ਤਿਆਰ ਕਰਨਾ ਹੈ, ਜੀਵਨ ਦੀ ਮੌਜੂਦਗੀ ਦੇ ਸਬੂਤਾਂ ਦੀ ਖੋਜ ਕਰਨਾ ਹੈ ਅਤੇ ਵਾਪਸ ਲਿਆਉਣ ਦੇ ਲਈ ਚਟਾਨ ਦੇ ਨਮੂਨੇ ਇਕੱਠੇ ਕਰਨਾ ਹੋਵੇਗਾ। ਮੰਗਲ 'ਤੇ ਭਾਰੀ ਮਾਤਰਾ ਵਿੱਚ ਮੌਜੂਦ ਕਾਰਬਨ ਡਾਈਅਕਸਾਈਡ ਨੂੰ ਆਕਸੀਜਨ ਵਿੱਚ ਬਦਲਣ ਵਾਲਾ ਉਪਕਰਨ ਵੀ ਇਨਾਂ ਟੈਸਟਾਂ ਵਿੱਚੋਂ ਇੱਕ ਹੈ। ਇਹ ਆਕਸੀਜਨ ਉਥੇ ਮਨੁੱਖੀ ਜੀਵਨ ਜਾਂ ਵਾਪਸ ਆਉਣ ਵਾਲੀ ਮੁਹਿੰਮ ਵਿੱਚ ਮਦਦਗਾਰ ਹੋ ਸਕਦੀ ਹੈ। ਇਸ ਰੋਵਰ ਦੇ ਜ਼ਰੀਏ 40 ਕਿਲੋ ਵਜਨੀ ਉਪਕਰਨ ਮੰਗਲ 'ਤੇ ਭੇਜੇ ਜਾਣਗੇ, ਜਿਨਾਂ 'ਚੋਂ ਦੋ ਕੈਮਰੇ ਅਤੇ ਮੌਸਮ ਅਧਿਐਨ ਸੰਬੰਧੀ ਸੰਦ ਸ਼ਾਮਲ ਹਨ। ਮਾਰਸ 2020 ਮਿਸਨ ਦੀ ਘੋਸ਼ਨਾ ਕਰਦੇ ਹੋਏ ਨਾਸਾ ਦੇ ਪ੍ਰਬੰਧਕੀ ਅਧਿਕਾਰੀਆਂ ਨੇ ਕਿਹਾ ਕਿ ਸਾਡੇ ਲਈ ਇਹ ਰੋਮਾਂਚਿਕ ਦਿਨ ਹੈ। ਇਕ ਟਨ ਦੇ ਇਸ ਰੋਵਰ 'ਤੇ 1.9 ਅਰਬ ਡਾਲਰ ਦਾ ਖਰਚ ਆਵੇਗਾ। ਇਸੇ ਅਗਸਤ 2012 ਵਿੱਚ ਮੰਗਲ 'ਤੇ ਪਹੁੰਚੇ ਕਯੂਰਿਆਸਿਟੀ ਰੋਵਰ ਦੀ ਤਰਜ 'ਤੇ ਹੀ ਬਣਾਇਆ ਜਾ ਰਿਹਾ ਹੈ। ਜਦਕਿ ਇਸ 'ਤੇ ਕਯੂਰਿਆਸਿਟੀ ਦੇ ਮੁਕਾਬਲੇ ਘੱਟ ਉਪਕਰਨ ਭੇਜੇ ਜਾਣਗੇ ਜਿਹੜੀ ਥਾਂ ਬਚ ਜਾਵੇਗੀ ਉਸਦੀ ਵਰਤੋਂ ਮੰਗਲ ਦੀਆਂ ਚਟਾਨਾਂ ਦੇ ਨਮੂਨੇ ਇਕੱਠੇ ਕਰਨ ਲਈ ਕੀਤੀ ਜਾਵੇਗੀ। ਨਾਸਾ ਨੂੰ ਉਮੀਦ ਹੈ ਕਿ ਭਵਿੱਖ ਵਿੱਚ ਮੰਗਲ ਤੋਂ ਵਾਪਸ ਆਉਣ ਵਾਲੀ ਉਡਾਨਾਂ ਤੇ ਇਸਨੂੰ ਸਾਥ ਲਿਆਂਦਾ ਜਾ ਸਕਦਾ ਹੈ। ਨਾਸਾ ਦੇ ਮੌਜੂਦ ਪੁਲਾੜ ਯਾਨ ਵੀ ਆਕਸੀਜਨ ਦਾ ਨਿਰਮਾਣ ਕਰ ਸਕਦੇ ਹਨ ਪਰ ਨਵਾਂ 'ਮਾਕਸੀ ਉਪਕਰਨ' ਇਸ ਸਮਰੱਥਾ ਦਾ ਮੰਗਲ ਗ੍ਰਹਿ ਦੇ ਵਾਤਾਵਰਨ ਵਿੱਚ ਪਹਿਲੀ ਵਾਰ ਅਧਿਐਨ ਕਰੇਗਾ।



# ਬੁਖਾਰ ਤੋਂ ਨਾ ਘਬਰਾਓ, ਸਹੀ ਇਲਾਜ ਕਰਾਓ

ਪ੍ਰਿਯੰਕਾ ਸਿੰਘ

ਇਸ ਮੌਸਮ ਵਿੱਚ ਫੀਵਰ ਸਧਾਰਨ ਜਿਹੀ ਗੱਲ ਹੈ। ਇਸ ਤੋਂ ਘਬਰਾਉਣ ਦੀ ਲੋੜ ਨਹੀਂ। ਜ਼ਰੂਰਤ ਹੈ ਤਾਂ ਸਹੀ ਸਮੇਂ 'ਤੇ ਸਹੀ ਇਲਾਜ ਦੀ। ਮੌਸਮੀ ਬੁਖਾਰ ਤੇ ਪੂਰੀ ਜਾਣਕਾਰੀ :



ਇਨਾਂ ਦਿਨਾਂ ਵਿੱਚ ਹੋਣ ਵਾਲੇ ਬੁਖਾਰ ਤੋਂ ਜ਼ਿਆਦਾਤਰ ਮਾਮਲੇ ਵਾਇਰਸ ਦੇ ਹਨ ਪਰ ਮਲੇਰੀਆ, ਨਮੂਨੀਆ, ਟਾਈਫਾਈਡ ਦੇ ਇਲਾਵਾ ਇੱਕਾ-ਦੁੱਕਾ ਮਾਮਲੇ ਡੇਂਗੂ ਦੇ ਵੀ ਸਾਹਮਣੇ ਆ ਰਹੇ ਹਨ। ਇਸ ਨਾਲ ਕਈ ਤਰ੍ਹਾਂ ਦੇ ਬੁਖਾਰਾਂ ਦੀ ਪਹਿਚਾਣ ਅਤੇ ਉਸਦੇ ਅਨੁਸਾਰ ਇਲਾਜ ਦੀ ਜ਼ਰੂਰਤ ਹੁੰਦੀ ਹੈ।

ਕੀ ਕਰੀਏ?

ਮੈਕਸ ਹਸਪਤਾਲ ਵਿੱਚ ਅੰਦਰੂਨੀ ਮੈਡੀਸਨ ਦੇ ਸਲਾਹਕਾਰ ਡਾ. ਮੀਨਾਕਸ਼ੀ ਜੈਨ ਦੇ ਅਨੁਸਾਰ 100 ਡਿਗਰੀ ਸੈਲਸੀਅਸ ਤੱਕ ਬੁਖਾਰ 'ਚ ਦਵਾਈ ਦੀ ਜ਼ਰੂਰਤ ਨਹੀਂ ਹੁੰਦੀ ਪਰ ਬੁਖਾਰ ਇਸ ਰੇਂਜ ਵਿੱਚ 4-5 ਜਾਂ ਜ਼ਿਆਦਾ ਦਿਨਾਂ ਤੱਕ ਰਹਿ ਸਕਦਾ ਹੈ ਜੇ ਇਸ ਤੋਂ ਵੱਧ ਜਾਵੇ ਤਾਂ ਛੇਤੀ ਹੀ ਡਾਕਟਰ ਕੋਲ ਜਾਣਾ ਚਾਹੀਦਾ ਹੈ। 102 ਡਿਗਰੀ ਸੈਲਸੀਅਸ ਤੱਕ ਬੁਖਾਰ ਹੈ ਅਤੇ ਕੋਈ ਅਜੀਬ ਲੱਛਣ ਨਹੀਂ ਹੈ ਤਾਂ ਮਰੀਜ ਦੀ ਦੇਖਭਾਲ ਘਰ 'ਚ ਹੀ ਕਰ ਸਕਦੇ ਹੋ। ਉਸਦੇ ਸਰੀਰ 'ਤੇ ਜਨਰਲ ਪਾਣੀ ਦੀਆਂ ਪੱਟੀਆਂ ਤਦ ਤੱਕ ਰੱਖੋ, ਜਦ ਤੱਕ ਤਾਪਮਾਨ ਘੱਟ ਨਾ ਹੋ ਜਾਵੇ।

ਮਰੀਜ ਨੂੰ ਹਰ ਛੇ ਘੰਟੇ ਬਾਅਦ ਪੈਰਾਸੀਟਾਮੋਲ ਦੀ ਇੱਕ ਗੋਲੀ ਦੇ ਸਕਦੇ ਹਨ। ਇਹ ਕ੍ਰੋਸਿਨ, ਕਾਲਪੋਲ ਆਦਿ ਬ੍ਰੈਂਡ ਨੇਮ ਤੋਂ ਮਿਲਦੀ ਹੈ। ਇਹ ਬੁਖਾਰ ਦੀ ਸਭ ਤੋਂ ਸੁਰੱਖਿਅਤ ਦਵਾਈ ਹੈ। ਦੂਸਰੀ ਕੋਈ ਗੋਲੀ ਡਾਕਟਰ ਤੋਂ ਪੁੱਛੇ ਬਿਨਾਂ ਨਾ ਦੇਵੋ, ਖਾਸਕਰ ਕਾਮਿਬਫਲੇਮ, ਬਰੂਫ਼ਿਨ ਜਾਂ ਐਸਪਰੀਨ ਨਾ ਲਵੋ ਕਿਉਂਕਿ ਜੇਕਰ ਡੇਂਗੂ ਹੈ ਤਾਂ ਇਸ ਤੋਂ ਪਲੇਟਲੈਟ ਘੱਟ ਹੋ ਜਾਣਗੇ। 10 ਸਾਲ ਦੇ ਬੱਚੇ ਨੂੰ ਹਰ ਚਾਰ ਘੰਟੇ ਵਿੱਚ 1 ਮਿਲੀ ਲੀਟਰ ਪ੍ਰਤੀ ਕਿਲੋ ਵਜਨ ਦੇ ਅਨੁਸਾਰ ਦਵਾਈ ਦੇ ਸਕਦੇ ਹੋ। ਦੋ ਦਿਨ ਤੱਕ ਬੁਖਾਰ ਠੀਕ ਨਾ ਹੋਵੇ ਤਾਂ ਡਾਕਟਰ ਦੇ ਪਾਸ ਲੈ ਜਾਵੋ।

ਮਰੀਜ ਨੂੰ ਵਾਇਰਸ ਹੋਵੇ ਤਾਂ ਉਸ ਤੋਂ ਥੋੜ੍ਹੀ ਦੂਰੀ ਬਣਾਕੇ ਰੱਖੋ ਅਤੇ ਉਸ ਦੀਆਂ ਇਸਤੇਮਾਲ ਕੀਤੀਆਂ ਗਈਆਂ ਚੀਜ਼ਾਂ ਦੀ ਵਰਤੋਂ ਨਾ ਕਰੋ। ਮਰੀਜ ਨੂੰ ਪੂਰਾ ਆਰਾਮ ਕਰਨ ਦਿਓ, ਖਾਸ ਕਰਕੇ ਜਦੋਂ ਤੇਜ ਬੁਖਾਰ ਹੋਵੇ। ਆਰਾਮ ਵੀ ਬੁਖਾਰ ਵਿੱਚ ਇਲਾਜ ਦਾ ਕੰਮ ਕਰਦਾ ਹੈ। ਮਰੀਜ ਨਿੱਛ ਮਾਰਨ ਤੋਂ ਪਹਿਲਾਂ ਨੱਕ ਅਤੇ ਮੂੰਹ 'ਤੇ ਰੁਮਾਲ ਰੱਖੇ। ਇਸ ਵਿਚ ਵਾਇਰਸ ਹੋਣ ਤੇ ਉਹ ਦੂਸਰੇ ਤੱਕ ਨਹੀਂ ਫੈਲਣਗੇ। ਧਿਆਨ ਰੱਖੋ ਕਿ ਉਹ ਆਪਣੇ ਹੱਥ ਵੀ ਚੰਗੀ ਤਰ੍ਹਾਂ ਸਾਫ਼ ਕਰੇ।

ਬੱਚੇ ਨੂੰ ਵਾਇਰਸ ਹੈ ਤਾਂ ਸਕੂਲ ਨਾ ਭੇਜੋ। ਇਸ ਨਾਲ ਬਿਮਾਰੀ ਦੂਜੇ ਬੱਚਿਆਂ ਵਿੱਚ ਨਹੀਂ ਫੈਲੇਗੀ। ਮਰੀਜ ਦੇ ਕਮਰੇ ਵਿੱਚ ਤਾਜਾ ਹਵਾ ਆਉਣ ਦਿਉ। ਏ. ਸੀ. ਦਾ ਤਾਪਮਾਨ 23-24 ਡਿਗਰੀ ਦੇ ਆਸਪਾਸ ਰੱਖੋ। ਮਰੀਜ ਹਲਕੇ ਗੁਨਗੁਨੇ ਪਾਣੀ ਨਾਲ ਨਹਾਵੇ ਤਾਂ ਚੰਗਾ ਹੈ, ਤਾਜਾ ਲੱਗੇਗਾ।

ਕਦੋਂ ਜਾਈਏ ਡਾਕਟਰ ਦੇ ਕੋਲ?

ਡਾ. ਜਗਦੀਪ ਚੁਗ, ਸੀਨੀਅਰ ਸਲਾਹਕਾਰ ਅੰਦਰੂਨੀ ਦਵਾਈ, ਫੋਰਟਿਸ ਹਸਪਤਾਲ ਦੇ ਅਨੁਸਾਰ ਬੁਖਾਰ ਜੇਕਰ 102 ਡਿਗਰੀ ਤੋਂ ਜ਼ਿਆਦਾ ਹੈ ਜਾਂ ਘੱਟ ਬੁਖਾਰ ਵਿੱਚ ਵੀ ਉਲਟੀ, ਦਸਤ, ਚੱਕਰ, ਸਿਰ, ਅੱਖਾਂ, ਬਦਨ ਜਾਂ ਜੋੜਾਂ ਵਿੱਚ ਦਰਦ ਜਿਵੇਂ ਲੱਛਣਾਂ ਵਿੱਚੋਂ ਕੋਈ ਵੀ ਲੱਛਣ ਹੈ ਤਾਂ ਛੇਤੀ ਹੀ ਡਾਕਟਰ ਦੀ ਸਲਾਹ ਲਵੋ।

ਕੈਸੇ-ਕੈਸੇ ਬੁਖਾਰ

ਟਾਈਫਾਈਡ :- ਇਸ ਨੂੰ ਇਟ੍ਰੀ ਫੀਵਰ ਅਤੇ ਮਿਆਦੀ ਬੁਖਾਰ ਵੀ ਕਹਿੰਦੇ ਹਨ। ਇਹ ਸਾਲਮੋਨੇਲਾ ਬੈਕਟੀਰਿਆ ਤੋਂ ਹੁੰਦਾ ਹੈ, ਜਿਸ ਨਾਲ ਅੰਤ ਵਿੱਚ ਜਖਮ (ਫੋੜੇ) ਹੋ ਜਾਂਦੇ ਹਨ ਅਤੇ ਇਸ ਕਾਰਨ ਬੁਖਾਰ ਹੁੰਦਾ ਹੈ। ਇਹ ਬੁਖਾਰ ਆਮ ਤੌਰ 'ਤੇ ਹੌਲੀ-ਹੌਲੀ ਵਧਦਾ ਹੈ। ਪਹਿਲੇ ਦਿਨ ਵਿੱਚ, ਫਿਰ ਥੋੜਾ ਤੇਜ ਅਤੇ ਹੌਲੀ-ਹੌਲੀ ਵਧਦਾ ਹੀ ਜਾਂਦਾ ਹੈ।

ਕਿਵੇਂ ਫੈਲਦਾ ਹੈ? :- ਟਾਈਫਾਈਡ ਖਰਾਬ ਪਾਣੀ ਨਾਲ ਫੈਲਦਾ ਹੈ। ਟਾਈਫਾਈਡ ਵੈਕਸੀਨ ਲਗੀ ਹੋਣ ਦੇ ਬਾਵਜੂਦ ਵੀ ਇਹ ਬੁਖਾਰ ਹੋ ਸਕਦਾ ਹੈ ਕਿਉਂਕਿ ਇਹ ਵੈਕਸੀਨ 65 ਫੀਸਦੀ ਹੀ ਸੁਰੱਖਿਆ ਦਿੰਦੀ ਹੈ।

ਕਿੰਨੇ ਦਿਨ ਰਹਿੰਦਾ ਹੈ? :- 3-4 ਹਫ਼ਤੇ (ਜੇ ਇਲਾਜ ਨਾ ਹੋਵੇ ਤਾਂ ਇਹ ਬਹੁਤ ਲੰਬਾ ਖਿੱਚਿਆ ਜਾਂਦਾ ਹੈ।)

ਲੱਛਣ

ਤੇਜ ਬੁਖਾਰ (ਜੋ ਹੌਲੀ-ਹੌਲੀ ਵਧਦਾ ਹੈ) ਸਿਰ ਦਰਦ, ਕਮਜੋਰੀ, ਉਲਟੀ, ਜੀਅ ਮਚਲਨਾ, ਦਸਤ, ਪੇਟ ਦਰਦ, ਕਦੇ-ਕਦੇ ਪਾਟੀ ਵਿੱਚ ਖ਼ੂਨ। ਆਮ ਤੌਰ 'ਤੇ ਸਰੀਰ ਵਿੱਚ ਦਰਦ ਨਹੀਂ ਹੁੰਦਾ।

ਟੈਸਟ :- ਬਲੱਡ ਸਭਿਆਚਾਰ। ਕਦੇ-ਕਦੇ ਵਿਡਾਲ ਅਤੇ ਟਾਈਫਾਈਡ ਟੈਸਟ ਵੀ ਕਰਵਾਉਂਦੇ ਹਨ।

ਇਲਾਜ :- ਇਸ ਵਿੱਚ ਏਂਟੀ-ਬਾਔਟਿਕ ਦਵਾਈ ਆਮ ਤੌਰ 'ਤੇ ਦੋ ਹਫ਼ਤੇ ਦੇ ਲਈ ਦਿੱਤੀ ਜਾਂਦੀ ਹੈ। ਕਈ ਵਾਰ ਦਵਾਈ ਦੇਣ ਤੋਂ ਬਾਅਦ ਵੀ ਬੁਖਾਰ ਉਤਰਨ ਵਿੱਚ 4-5 ਦਿਨ ਲੱਗ ਸਕਦੇ ਹਨ, ਇਸ ਲਈ ਪਰੇਸ਼ਾਨ ਨਾ ਹੋਵੋ। ਹੱਥ ਬਿਲਕੁਲ ਸਾਫ਼ ਰੱਖੋ ਅਤੇ ਪਾਣੀ ਸਾਫ਼ ਅਤੇ ਉਬਾਲ ਕੇ ਪਿਉ।

ਮਲੇਰੀਆ

ਇਹ 'ਪਲਾਜਮੋਡਿਅਮ' (Plasmodium) ਨਾਮ ਦੇ ਪੈਰਾਸਾਇਟ ਨਾਲ ਹੁੰਦਾ ਹੈ, ਜੋ ਮੱਛਰ ਇਨਸਾਨਾਂ ਵਿੱਚ ਫੈਲਾਉਂਦਾ ਹੈ। ਮੰਨਿਆ ਜਾਂਦਾ ਹੈ ਕਿ ਮਲੇਰੀਏ ਵਿੱਚ ਇੱਕ ਦਿਨ ਛੱਡਕੇ ਬੁਖਾਰ ਆਉਂਦਾ ਹੈ ਪਰ ਅਜਿਹਾ ਜ਼ਰੂਰੀ ਨਹੀਂ ਹੈ।

ਕਿਵੇਂ ਫੈਲਦਾ ਹੈ? :- ਮਲੇਰੀਆ ਮਾਦਾ 'ਇਨੇਫਿਲੀਜ' (Anefilij) ਮੱਛਰ ਦੇ ਕੱਟਣ ਨਾਲ ਹੁੰਦਾ ਹੈ, ਜੋ ਗੰਦੇ ਪਾਣੀ ਵਿੱਚ ਫੈਲਦੇ ਹਨ। ਇਹ ਮੱਛਰ ਆਮ ਤੌਰ 'ਤੇ ਦਿਨ ਢਲਣ ਦੇ ਬਾਅਦ ਕੱਟਦੇ ਹਨ।

ਕਿੰਨੇ ਦਿਨ ਰਹਿੰਦਾ ਹੈ :- 1-2 ਹਫ਼ਤੇ (ਇਲਾਜ ਦੇ ਬਿਨਾਂ ਇਹ ਲੰਬਾ ਹੋ ਜਾਂਦਾ ਹੈ।)

ਲੱਛਣ :- ਰਹਿ-ਰਹਿ ਕੇ (ਕਦੇ-ਕਦੇ ਲਗਾਤਾਰ ਵੀ) ਠੰਡ

ਨਾਲ ਤੇਜ ਬੁਖਾਰ, ਸਿਰ ਦਰਦ, ਥਰਥਰਾਉਣ ਮਹਿਸੂਸ ਹੁੰਦਾ, ਸਰੀਰ ਦਰਦ, ਉਲਟੀ, ਜੀ ਮਚਲਣਾ, ਕਮਜ਼ੋਰੀ ਆਦਿ। ਕਦੇ-ਕਦੇ ਮਰੀਜ ਬੇਹੋਸ਼ ਵੀ ਹੋ ਜਾਂਦਾ ਹੈ।

ਟੈਸਟ :- ਬਲੱਡ ਸਮੇਅਰ ਟੈਸਟ ਅਤੇ ਮਲੇਰੀਆ ਰੋਗ ਉਤਪਾਦਕ ਤੱਤ। ਬਲੱਡ ਸਮੇਅਰ ਟੈਸਟ ਚੜ੍ਹੇ ਬੁਖਾਰ ਵਿੱਚ ਕੀਤਾ ਜਾਂਦਾ ਹੈ।

ਇਲਾਜ :- ਇਸ ਵਿੱਚ ਕਲੋਰੋਕਿਨ (Chloroquine) ਵਰਗੀ ਦਵਾਈ ਦਿੱਤੀ ਜਾਂਦੀ ਹੈ। ਇਨਾਂ ਦਵਾਈਆਂ ਦੇ ਦੁਰਪ੍ਰਭਾਵ ਹੋ ਸਕਦੇ ਹਨ, ਇਸ ਲਈ ਇਹਨਾਂ ਦਵਾਈਆਂ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਨਾ ਲਵੋ।

ਵਾਇਰਸ :- ਵਾਇਰਸ ਅਰਲ (YRL) ਕਹਾਉਂਦਾ ਹੈ। ਆਮ ਤੌਰ 'ਤੇ ਹਰ ਮੌਸਮ ਬਦਲਣ ਸਮੇਂ ਹੁੰਦਾ ਹੈ।

ਕਿਵੇਂ ਫੈਲਦਾ ਹੈ? :- ਆਮ ਤੌਰ 'ਤੇ ਇਨਫੈਕਸ਼ਨ ਵਾਲੇ ਵਿਅਕਤੀ ਅਤੇ ਉਸਦੇ ਸੰਪਰਕ ਵਿੱਚ ਆਈ ਹਰ ਚੀਜ਼ ਜਿਵੇਂ ਫ਼ੋਨ, ਹੈਂਡਲ, ਟਾਵਲ ਆਦਿ ਨੂੰ ਛੂਹਣ ਜਾਂ ਵਰਤੋਂ ਕਰਨ ਨਾਲ ਫੈਲਦਾ ਹੈ।

ਕਿੰਨੇ ਦਿਨ ਰਹਿੰਦਾ ਹੈ? :- 3 ਤੋਂ 5 ਦਿਨਾਂ ਤੱਕ।

ਲੱਛਣ :- ਹਲਕਾ ਬੁਖਾਰ, ਖੰਘ, ਨੱਕ ਵਗਣਾ ਜਾਂ ਨੱਕ ਬੰਦ ਹੋਣਾ, ਸਿਰ ਦਰਦ, ਸਰੀਰ ਵਿੱਚ ਦਰਦ, ਥਕਾਵਟ, ਗਲਾ ਖ਼ਰਾਬ ਆਦਿ।

ਟੈਸਟ :- 95 ਫੀਸਦੀ ਮਾਮਲਿਆਂ ਵਿੱਚ ਟੈਸਟ ਦੀ ਜ਼ਰੂਰਤ ਨਹੀਂ ਹੁੰਦੀ।

ਡੇਂਗੂ :- ਡੇਂਗੂ 3 ਤਰ੍ਹਾਂ ਦਾ ਹੁੰਦਾ ਹੈ : 1. ਕਲਾਸਿਲ (ਸਧਾਰਨ) ਡੇਂਗੂ ਫੀਵਰ 2. ਡੇਂਗੂ ਹੈਮਰੇਜਿਕ ਫੀਵਰ (DHF) , 3. ਡੇਂਗੂ ਸਦਮਾ ਸਿੰਡਰੋਮ (DSS)

ਕਿਵੇਂ ਫੈਲਦਾ ਹੈ? :- ਡੇਂਗੂ ਮਾਦਾ ਏਡੀਸ ਏਜਿਪਟੀ (Edes Ijipti) ਮੱਛਰ ਦੇ ਕੱਟਣ ਨਾਲ ਹੁੰਦਾ ਹੈ।

ਕਿੰਨੇ ਦਿਨ ਰਹਿੰਦਾ ਹੈ? :- 5 ਤੋਂ 10 ਦਿਨ ਤੱਕ।

ਲੱਛਣ :- ਠੰਡ ਲੱਗਣ ਦੇ ਬਾਅਦ ਤੇਜ ਬੁਖਾਰ, ਤੇਜ ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਕਮਜ਼ੋਰੀ, ਉਲਟੀ, ਪੇਟ ਦਰਦ, ਚਮੜੀ ਦਾ ਲਾਲ ਹੋਣਾ ਆਦਿ।

ਟੈਸਟ :- ਏਟੀਜਨ ਬਲੱਡ ਟੈਸਟ (ਐਨਐਸ 1) ਅਤੇ ਡੇਂਗੂ ਸਿਰਾਲਜੀ। ਐਨਐਸ 1 ਪਹਿਲੇ ਦਿਨ ਹੀ ਪਾਜਿਟਿਵ ਆ ਜਾਂਦਾ ਹੈ, ਪਰ ਹੌਲੀ-ਹੌਲੀ ਪਾਜਿਟਿਵਿਟੀ ਘੱਟ ਹੋਣ ਲੱਗਦੀ ਹੈ। 4-5 ਦਿਨ ਬਾਅਦ ਟੈਸਟ ਕਰਵਾਉਂਦੇ ਹਨ ਤਾਂ ਏਟੀਬਾਡੀ ਟੈਸਟ (ਡੇਂਗੂ ਸਿਰਾਲਜੀ) ਕਰਵਾਉਣਾ ਬਿਹਤਰ ਹੈ।

ਇਲਾਜ :- ਸਧਾਰਨ ਡੇਂਗੂ ਬੁਖਾਰ ਦਾ ਇਲਾਜ ਘਰ ਹੀ ਹੋ ਸਕਦਾ ਹੈ। ਮਰੀਜ ਨੂੰ ਪੂਰਾ ਆਰਾਮ ਕਰਨ ਦਿਉ। ਹਰ ਛੇ ਘੰਟੇ ਵਿੱਚ ਪੈਰਾਸਿਟਾਮੋਲ ਦਿਉ ਅਤੇ ਪਾਣੀ ਅਤੇ ਤਰਲ ਚੀਜਾਂ ਪਿਲਾਉ। ਜੇਕਰ ਡੇਂਗੂ ਹੈਮਰੇਜਿਕ ਫੀਵਰ ਜਾਂ ਸ਼ਾਕ ਸਿੰਡ੍ਰੋਮ ਦਾ ਲੱਛਣ (ਮਸੂੜਿਆਂ ਜਾਂ ਪਾਟੀ ਵਿੱਚ ਖੂਨ, ਚਮੜੀ 'ਤੇ ਗਹਿਰੇ ਨੀਲੇ ਚੱਕਰ) ਦਿਖਾਈ ਦਿੰਦੇ ਤਾਂ ਮਰੀਜ ਨੂੰ ਜਲਦੀ ਡਾਕਟਰ ਦੇ ਪਾਸ ਲੈ ਜਾਵੋ।

ਧਿਆਨ ਰੱਖੋ

ਟਾਈਫਾਈਡ ਦੇ ਇਲਾਵਾ ਕਿਸੇ ਹੋਰ ਬੁਖਾਰ ਵਿੱਚ ਏਟੀਬਾਇਟਿਕ ਦੀ ਜ਼ਰੂਰਤ ਨਹੀਂ ਹੁੰਦੀ। ਕਦੇ-ਕਦੇ ਵਾਇਰਲ ਦੇ ਨਾਲ ਇਨਫੈਕਸ਼ਨ ਹੋਣ ਤੇ ਵੀ ਐਂਟੀਬਾਇਟਕ ਦਿੱਤੀ ਜਾ ਸਕਦੀ ਹੈ ਪਰ ਅਜਿਹਾ ਸਿਰਫ਼ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ। ਆਪਣੀ ਮਰਜੀ ਨਾਲ ਦਵਾਈ ਨਾ ਲਵੋ। ਜ਼ਿਆਦਾ ਐਂਟੀਬਾਈਟਿਕ ਲੈਣ ਨਾਲ ਸਰੀਰ ਇਮਿਊਨ ਹੋ ਜਾਂਦਾ ਹੈ ਅਤੇ ਸਰੀਰ ਦੇ ਚੰਗੇ ਬੈਕਟੀਰਿਆ ਵੀ ਮਰ ਜਾਂਦੇ ਹਨ। ਵਾਈਰਲ ਵਿੱਚ ਤਿੰਨ ਦਿਨ ਦਾ ਟੈਸਟ ਜ਼ਰੂਰ ਕਰਾਉ।

**-ਜਸਪ੍ਰੀਤ ਕੌਰ ਸੋਹੀ**

# ਪੁਸਤਕ ਰਿਵਿਊ

## ਪਾਸ਼ ਦੀ ਚੋਣਵੀਂ ਕਵਿਤਾ



"ਪਾਸ਼ ਦੀ ਚੋਣਵੀਂ ਕਵਿਤਾ, ਪੁਸਤਕ ਜੋ ਕਿ 'ਅਜਮੇਰ ਸਿੱਧੂ' ਜੀ ਦੁਆਰਾ ਸੰਪਾਦਿਤ ਕੀਤੀ ਗਈ ਹੈ। ਪਾਸ਼ ਨੂੰ ਪਾਠਕਾਂ ਦੇ ਰੂ-ਬ-ਰੂ ਕਰਦੀ ਹੈ। ਇਸ ਪੁਸਤਕ ਵਿੱਚ ਪਾਸ਼ ਦੀਆਂ ਪ੍ਰਮੁੱਖ ਕਵਿਤਾਵਾਂ ਦਰਜ ਹਨ। ਜੋ ਕਿ ਉਸਦੀ ਸੋਚ ਨੂੰ ਪਾਠਕਾਂ ਤੱਕ ਪਹੁੰਚਾਉਂਦੀਆਂ ਹਨ। ਅਜਮੇਰ ਸਿੱਧੂ ਇਸ ਪੁਸਤਕ ਵਿੱਚ ਦੱਸਦੇ ਹਨ ਕਿ "ਉਸਦੀ ਸਾਰੀ ਕਵਿਤਾ ਦਾ ਰੰਗ ਹੀ ਭਾਵੇਂ ਸੰਬੋਧਨੀ ਅਤੇ ਸੰਵਾਰੀ ਸੁਰ ਵਾਲਾ ਹੈ, ਪਰ ਆਪਣੀਆਂ ਰਚਨਾਵਾਂ ਵਿੱਚ ਜਿਸ ਤਰ੍ਹਾਂ ਉਹ ਸਵਾਲਾਂ ਦੀ ਝੜੀ ਲਾਉਂਦਾ ਹੈ ਅਤੇ ਹਰ ਨੁਕਤੇ ਨੂੰ ਵੱਖ-ਵੱਖ ਕੋਣਾਂ ਤੋਂ ਦੇਖਦੇ ਹਨ, ਉਸ ਨਾਲ ਉਹ ਆਪਣੇ ਸਾਰੇ ਸਮਕਾਲੀ ਕਵੀਆਂ ਨਾਲੋਂ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ।" ਪ੍ਰਕਾਸ਼ਕ ਅਮਿਤ ਮਿੱਤਰ ਜੀ ਲਿਖਦੇ ਹਨ, "ਅਜੋਕੇ ਦੌਰ ਵਿੱਚ 'ਖੇਤਾਂ ਦੇ ਪੁੱਤ ਪਾਸ਼' ਦੀ ਕਵਿਤਾ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਉਸਦੀਆਂ ਕਵਿਤਾਵਾਂ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਦੇ ਤੌਰ ਤਰੀਕੇ ਸਿਖਾਉਂਦੀਆਂ ਤੇ ਅਗਵਾਈ ਦਿੰਦੀਆਂ ਹਨ।" ਇਸ ਪੁਸਤਕ ਦੀਆਂ ਸਾਰੀਆਂ ਕਵਿਤਾਵਾਂ ਅੱਜ ਦੇ ਸਮੇਂ 'ਤੇ ਢੁੱਕਦੀਆਂ ਹਨ। ਇਸ ਤੋਂ ਇਲਾਵਾ ਨਾਚ ਬੋਲੀਆਂ ਅਤੇ ਦੋਹੇ ਵੀ ਲੋਕਾਂ ਦੀ ਹਾਲਤ ਨੂੰ ਬਿਆਨ ਕਰਦੇ ਹਨ। ਪਾਸ਼ ਹਰ ਗੱਲ ਪ੍ਰਤੱਖ ਅਤੇ ਪ੍ਰਚੰਡ ਰੂਪ ਵਿੱਚ ਕਰਦਾ ਹੈ। ਇਹ ਗੱਲ ਉਸਦੀਆਂ ਕਵਿਤਾਵਾਂ ਵਿੱਚੋਂ ਸਾਫ਼ ਝਲਕਦੀ ਹੈ। ਜਿਵੇਂ :-

'ਜਦ ਬਗਾਵਤ ਖੋਲਦੀ ਹੈ' ਕਵਿਤਾ ਵਿੱਚ ਲਿਖਿਆ ਹੈ :-

"ਨੇਰ੍ਹੀਆਂ, ਸ਼ਾਹ ਨੇਰ੍ਹੀਆਂ ਰਾਤਾਂ ਦੇ ਵਿੱਚ ਜਦ ਪਲ-ਪਲਾਂ ਤੋਂ ਸਹਿਮ ਦੇ ਹਨ, ਤ੍ਰਭਕਦੇ ਹਨ। ਚੁਬਾਰਿਆਂ ਦੀ ਰੌਸ਼ਨੀ ਤਦ, ਬਾਰੀਆਂ 'ਚੋਂ ਕੁੱਦ ਕੇ ਖ਼ੁਦਕਸ਼ੀ ਕਰ ਲੈਂਦੀ ਹੈ। ਇੱਛਾ ਸ਼ਾਂਤ ਰਾਤਾਂ ਦੇ ਗਰਭ 'ਚ ਜਦ ਬਗ਼ਾਵਤ ਖੋਲਦੀ ਹੈ, ਚਾਨਣੇ, ਬੇਚਾਨਣੇ ਵੀ ਕਤਲ ਹੋ ਸਕਦਾ ਹਾਂ ਮੈਂ।" ਇਸ ਤਰ੍ਹਾਂ ਇਹ ਪੁਸਤਕ ਪਾਸ਼ ਨੂੰ ਸਮਝਣ ਦਾ ਚੰਗਾ ਸੋਮਾ ਹੈ। ਆਸ ਹੈ ਕਿ ਅੱਗੇ ਵੀ ਸਾਨੂੰ ਅਜਿਹੀਆਂ ਪੁਸਤਕਾਂ ਪੜ੍ਹਨ ਨੂੰ ਮਿਲਦੀਆਂ ਰਹਿਣਗੀਆਂ।

### ਅੰਧਵਿਸ਼ਵਾਸ ਮੁਰਦਾਬਾਦ

'ਅੰਧਵਿਸ਼ਵਾਸ ਮੁਰਦਾਬਾਦ' ਪੁਸਤਕ ਪ੍ਰਸਿੱਧ ਅਮਰੀਕਣ ਤਰਕਸ਼ੀਲ 'ਰੌਬਰਟ ਇੰਗਰਸੋਲ' ਦੀ ਇੱਕ ਅੰਗਰੇਜ਼ੀ ਕਿਤਾਬ ਹੈ ਜੋ ਕਿ 'ਸਰਜੀਤ ਤਲਵਾਰ' ਜੀ ਦੁਆਰਾ ਸੰਪਾਦਿਤ ਕੀਤੀ ਗਈ ਹੈ। ਇਹ ਇਸਦਾ ਪੰਜਾਬੀ ਵਿੱਚ ਅਨੁਵਾਦ ਹੈ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਅੰਧ-ਵਿਸ਼ਵਾਸਾਂ ਨੇ ਸਾਨੂੰ ਕੁੱਝ ਨਹੀਂ ਦਿੱਤਾ ਸਗੋਂ ਹਮੇਸ਼ਾ ਲੁੱਟਿਆ ਹੈ ਤੇ ਇਹ ਅੰਧਵਿਸ਼ਵਾਸ ਪਾਖੰਡੀਆਂ ਦੀਆਂ ਸ਼ਰਾਰਤਾਂ ਦਾ ਨਤੀਜਾ ਹਨ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਵਿਗਿਆਨ ਗਿਆਨ ਦੀ ਘਾਟ, ਪਛੜਿਆਪਣ, ਮਨੋਭਰਮ, ਮਾਨਸਿਕ-ਗੰਢਾਂ, ਸਮਾਜਿਕ ਰੂੜ੍ਹੀਆਂ, ਸੰਸਕਾਰ, ਬਿਮਾਰੀਆਂ, ਨਸ਼ੇ ਦੀ ਲੱਤ, ਮਾਨਸਿਕ ਤਾਕਤ ਦੀ ਘਾਟ ਆਦਿ ਹੀ ਅੰਧ ਵਿਸ਼ਵਾਸ਼ ਪੈਦਾ ਕਰਦੇ ਹਨ। ਅੰਧਵਿਸ਼ਵਾਸ਼ਾਂ ਨੇ ਹੀ ਇਨਸਾਨਾਂ ਨੂੰ ਪੱਥਰਾਂ ਅੱਗੇ ਗੋਡੇ ਟੇਕਣ ਲਾਇਆ, ਉਹਨਾਂ ਨੂੰ ਸੱਪਾਂ, ਭੂਤਾਂ-ਪ੍ਰੇਤਾਂ ਦੀ ਪੂਜਾ ਕਰਨੀ ਸਿਖਾਈ ਅਤੇ ਹੱਥਾਂ ਦੀ ਕਿਰਤ ਲੁੱਟੀ ਹੈ। ਅੰਧ-ਵਿਸ਼ਵਾਸ਼ਾਂ ਨੇ ਹੀ ਅਨੇਕਾਂ ਪੁਰਸਾਂ ਨੂੰ ਕੈਦ-ਕੋਠੜੀਆਂ ਵਿੱਚ ਡੱਕਿਆ ਹੈ। ਚਿੰਤਨਸ਼ੀਲ ਵਿਅਕਤੀਆਂ ਨੂੰ ਤਸੀਹੇ ਦਿੱਤੇ ਗਏ, ਬਹਾਦਰਾਂ ਨੂੰ ਕਤਲ ਕੀਤਾ ਹੈ ਅਤੇ ਅਜ਼ਾਦੀ ਨੂੰ ਖ਼ਤਮ ਕੀਤਾ ਹੈ। ਇਸਨੇ ਹੀ ਮਹਾਨ ਵਿਗਿਆਨੀ ਜਿਵੇਂ ਬਰੂਨੋ, ਰੋਜਰ ਬੇਕਨ ਨੂੰ ਮਰਵਾਇਆ ਹੈ। ਅੱਜ ਤੱਕ ਅਸੀਂ ਜੋ ਕੁੱਝ ਵੀ ਖੋਅ ਦਿੱਤਾ ਹੈ ਉਹ ਸਭ ਅੰਧਵਿਸ਼ਵਾਸਾਂ ਕਾਰਨ ਹੀ ਹੋਇਆ ਹੈ। ਇਸ ਲਈ ਆਓ! ਅੰਧਵਿਸ਼ਵਸਾਂ ਦਾ ਫ਼ਾਹਾ ਵੱਢਕੇ ਵਿਗਿਆਨ ਅਪਣਾਈਏ ਅਤੇ ਤਰਕਸ਼ੀਲ ਰਾਹਾਂ ਤੇ ਅੱਗੇ ਵਧੀਏ।

**- ਪਰਮਿੰਦਰ 'ਬਾਜਵਾ'**

# ਜਾਦੂ ਦੇ ਟਰਿੱਕ

ਸਰਜੀਤ ਤਲਵਾਰ



## ਜਾਦੂ ਦੇ ਮੰਤਰ ਕਰਨ ਕਮਾਲ

ਜਾਦੂਗਰ ਸਟੇਜ਼ ਦੇ ਉੱਪਰ ਆ ਕਿ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਲੈਂਦਾ ਹੈ ਅਤੇ ਕਿਸੇ ਦਰਸ਼ਕ ਨੂੰ ਸਟੇਜ਼ ਦੇ ਉੱਪਰ ਬੁਲਾਉਂਦਾ ਹੈ। ਜਾਦੂਗਰ ਉਸ ਦਰਸ਼ਕ ਨੂੰ ਚਾਰ ਲਿਫਾਫੇ ਫੜਾਉਂਦਾ ਹੈ ਅਤੇ ਨਾਲ ਹੀ ਚਾਰ ਅਲੱਗ-ਅਲੱਗ ਰੰਗ ਦੇ ਕਾਰਡ। ਜਾਦੂਗਰ ਆਦੇਸ਼ ਦਿੰਦਾ ਹੈ ਕਿ ਇਹ ਚਾਰ ਅਲੱਗ-ਅਲੱਗ ਰੰਗ ਦੇ ਕਾਰਡ ਇਨ੍ਹਾਂ ਚਾਰੇ ਲਿਫ਼ਾਫ਼ਿਆਂ ਦੇ ਅੰਦਰ ਪਾ ਦੇਵੇ। ਦਰਸ਼ਕ ਜਾਦੂਗਰ ਦੇ ਕਹੇ ਅਨੁਸਾਰ ਲਿਫ਼ਾਫ਼ਿਆਂ ਦੇ ਅੰਦਰ ਅਲੱਗ-ਅਲੱਗ ਰੰਗ ਦੇ ਚਾਰੇ ਕਾਰਡ ਪਾ ਦਿੰਦਾ ਹੈ ਅਤੇ ਮੇਜ ਤੇ ਪਏ ਜਾਦੂਗਰ ਦੇ ਹੈਟ ਦੇ ਅੰਦਰ ਪਾ ਦਿੰਦਾ ਹੈ ਜਾਦੂਗਰ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਇਕ ਲਿਫ਼ਾਫ਼ਾ ਚੁੱਕਦਾ ਹੈ ਅਤੇ ਅੱਖਾਂ ਤੇ ਪੱਟੀ ਬੰਨ੍ਹੀ ਹੋਣ ਦੇ ਬਾਵਜੂਦ ਉਹ ਉਸ ਲਿਫ਼ਾਫ਼ੇ ਨੂੰ ਖੋਲੇ ਬਿਨਾਂ ਉਸ ਵਿਚਲੇ ਕਾਰਡ ਦਾ ਰੰਗ ਅਸਾਨੀ ਨਾਲ ਦੱਸ ਦਿੰਦਾ ਹੈ ਜਦੋਂ ਦੂਸਰਾ ਦਰਸ਼ਕ ਇਸ ਲਿਫ਼ਾਫ਼ੇ ਨੂੰ ਪਾੜ ਕੇ ਦੇਖਦਾ ਹੈ ਤਾਂ ਇਸ ਦੇ ਵਿਚ ਉਸੇ ਰੰਗ ਦਾ ਕਾਰਡ ਪ੍ਰਾਪਤ ਹੁੰਦਾ ਹੈ ਜਿਸ ਦਾ ਜ਼ਿਕਰ ਜਾਦੂਗਰ ਨੇ ਕੀਤਾ ਸੀ। ਸਾਰੇ ਦਰਸ਼ਕ ਹੈਰਾਨ ਰਹਿ ਜਾਂਦੇ ਹਨੇ

ਜਾਦੂ ਦਾ ਸਾਮਾਨ : ਚਾਰ ਲਿਫ਼ਾਫ਼ੇ, ਅਤੇ ਚਾਰ ਅਲੱਗ-ਅਲੱਗ ਰੰਗ ਦੇ ਕਾਰਡ

ਜਾਦੂ ਦੀ ਤਿਆਰੀ : ਇਕ ਸਹਿਯੋਗੀ ਨੂੰ ਦਰਸ਼ਕ ਬਣਾ ਕੇ ਦਰਸ਼ਕਾਂ ਦੇ ਵਿਚ ਬੈਠਾ ਦਿਓ।

ਜਾਦੂ ਦਾ ਪ੍ਰਦਰਸ਼ਨ : ਸਭ ਤੋਂ ਪਹਿਲਾਂ ਸਟੇਜ਼ ਦੇ ਉੱਪਰ ਪਏ ਮੇਜ਼ ਤੋਂ ਆਪਣਾ ਜਾਦੂ ਦਾ ਡੰਡਾ ਉਠਾ ਲਵੋ। ਹੁਣ ਤੁਸੀਂ ਆਪਣੇ ਜਾਦੂ ਦੇ ਬਾਰੇ ਵਿਚ ਦਰਸ਼ਕਾਂ ਨੂੰ ਦੱਸੋ। ਤੁਸੀਂ ਕਿਸੇ ਦਰਸ਼ਕ ਨੂੰ ਸਟੇਜ਼ ਤੇ ਬੁਲਾਓ ਅਤੇ ਉਸ ਨੂੰ ਤੁਹਾਡੀਆਂ ਅੱਖਾਂ ਦੇ ਉੱਪਰ ਆਟੇ ਦੇ ਪੇੜੇ ਰੱਖਾ ਕੇ ਪੱਟੀ ਬੰਨ੍ਹਣ ਦੇ ਲਈ ਆਖੋ। ਇਸ ਤੋਂ ਬਾਅਦ ਤੁਸੀਂ ਉਸਨੂੰ ਆਪਣੀ ਜੇਬ ਦੇ ਵਿਚੋਂ ਚਾਰ ਲਿਫ਼ਾਫ਼ੇ ਅਤੇ ਚਾਰ ਅਲੱਗ-ਅਲੱਗ ਰੰਗ ਦੇ ਕਾਰਡ ਪਕੜਾ ਦਿਓ। ਉਨ੍ਹਾਂ ਕਾਰਡਾਂ ਨੂੰ ਲਿਫ਼ਾਫ਼ਿਆਂ ਦੇ ਵਿਚ ਪਾਉਣ ਦੇ ਲਈ ਆਖੋ। ਜਦੋਂ ਉਹ ਕਾਰਡ ਲਿਫ਼ਾਫ਼ਿਆਂ ਦੇ ਵਿਚ ਪਾ ਦਿੱਤੇ ਜਾਣ ਤਾਂ ਤੁਸੀਂ ਇਨ੍ਹਾਂ ਲਿਫ਼ਾਫ਼ਿਆਂ ਦੇ ਵਿਚ ਪਾਉਣ ਲਈ ਆਖੋ। ਹੁਣ ਤੁਸੀਂ ਕਿਸੇ ਹੋਰ ਦਰਸ਼ਕ ਨੂੰ ਸਟੇਜ਼ ਤੇ ਬੁਲਾਓ ਅਤੇ ਤੁਸੀਂ ਆਪ ਟੋਪ ਦੇ ਵਿਚੋਂ ਇਕ ਲਿਫ਼ਾਫ਼ਾ ਕੱਢੋ ਅਤੇ ਉਸ ਦਾ ਰੰਗ ਦੱਸ ਦਿਓ ਦੂਸਰਾ ਦਰਸ਼ਕ ਇਸ ਲਿਫ਼ਾਫ਼ੇ ਨੂੰ ਪਾੜੇਗਾ ਉਹੀ ਰੰਗ ਦਾ ਕਾਰਡ ਉਸ ਲਿਫ਼ਾਫ਼ੇ ਵਿਚੋਂ ਨਿਕਲੇਗਾ। ਇਸੇ ਤਰ੍ਹਾਂ ਤੁਸੀਂ ਦੂਸਰੇ ਕਾਰਡਾਂ ਦੇ ਰੰਗ ਵੀ ਦੱਸ ਦੇਵੋਗੇ। ਇਹ ਸਭ ਕੁਝ ਕਿਵੇਂ ਸੰਭਵ ਹੋਵੇਗਾ ਇਸ ਦਾ ਰਹੱਸ਼ ਇਹ ਹੈ ਕਿ ਪਹਿਲਾਂ ਵਾਲਾ ਦਰਸ਼ਕ ਜੋ ਸਟੇਜ਼ ਤੇ ਆਉਂਦਾ ਹੈ ਤੁਹਾਡਾ ਸਾਥੀ ਹੈ ਅਤੇ ਉਹ ਪਹਿਲਾਂ ਤੋਂ ਹੀ ਰੱਖੇ ਰੰਗਾਂ ਕੋਡਾਂ ਦੇ ਅਨੁਸਾਰ ਕਾਰਡਾਂ ਦੀਆਂ ਕੰਨੀਆਂ ਮੋੜ ਦਿੰਦਾ ਹੈ ਇਹ ਕੋਡ ਇਸ ਤਰ੍ਹਾਂ ਹਨ:

1. ਲਾਲ - ਸੱਜੀ ਕੰਨੀ (ਹੇਠਲੀ)
2. ਪੀਲਾ - ਖੱਬੀ ਕੰਨੀ (ਹੇਠਲੀ)
3. ਹਰਾ - ਸੱਜੀ ਕੰਨੀ (ਉਪਰਲੀ)
4. ਨੀਲਾ - ਖੱਬੀ ਕੰਨੀ (ਉਪਰਲੀ)

ਹੁਣ ਤੁਸੀਂ ਟੋਪ ਦੇ ਵਿਚੋਂ ਕਾਰਡ ਚੁੱਕਦੇ ਹੋ ਅਤੇ ਲਿਫ਼ਾਫ਼ੇ ਦਾ ਸਿੱਧਾ ਪਾਸਾ ਅਰਥਾਤ ਜਿਸ ਪਾਸੇ ਅਸੀਂ ਐਡਰੈਸ ਲਿਖਦੇ ਹਾਂ ਨੂੰ ਦਰਸ਼ਕਾਂ ਵਲ ਕਰਦੇ ਹੋ। ਤੁਸੀਂ ਇਹ ਦੇਖਦੇ ਹੋ ਕਿ ਲਿਫਾਫੇ ਦੀ ਕੰਨੀ ਤੁਹਾਡੇ ਸੱਜੇ ਹੱਥ ਮੁੜੀ ਹੈ ਜਾਂ ਖੱਬੇ ਹੱਥ। ਜੇਕਰ ਖੱਬੇ ਪਾਸੇ ਵਾਲੇ ਕੰਨੀ ਮੁੜੀ ਹੈ ਤਾਂ ਇਹ ਦੇਖਣਾ ਹੈ ਕਿ ਉਹ ਉਪਰਲੇ ਪਾਸੇ ਵਾਲੀ ਹੈ ਜਾਂ ਨਿਚਲੇ ਪਾਸੇ ਵਾਲੀ।

ਹੁਣ ਜਦੋਂ ਇਹ ਨਰੀਖਣ ਕਰ ਲਵੋ ਕਿ ਲਿਫ਼ਾਫ਼ੇ ਦੀ ਖੱਬੇ ਪਾਸੇ ਵਾਲੀ ਕੰਨੀ ਹੇਠਲੇ ਪਾਸੇ ਤੋਂ ਮੁੜੀ ਹੋਈ ਹੈ ਤਾਂ ਤੁਸੀਂ ਅਸਾਨੀ ਦੇ ਨਾਲ ਕੋਡ ਯਾਦ ਰੱਖਦੇ ਹੋਏ ਕਾਰਡ ਦਾ ਰੰਗ ਦੱਸ ਸਕਦੇ ਹੋ। ਇਹ ਕੋਡ ਤੁਹਾਨੂੰ ਅਤੇ ਤੁਹਾਡੇ ਸਹਿਯੋਗੀ ਨੂੰ ਪੂਰੀ ਤਰ੍ਹਾਂ ਯਾਦ ਹੋਣੇ ਚਾਹੀਦੇ ਹਨ। ਥੋੜ੍ਹੀ ਜਿਹੀ ਗਲਤੀ ਸਾਰੇ ਟਰਿੱਕ ਨੂੰ ਖਰਾਬ ਕਰ ਸਕਦੀ ਹੈ। ਜਦੋਂ ਤੁਸੀਂ ਲਿਫ਼ਾਫ਼ਾ ਦੂਸਰੇ ਦਰਸ਼ਕ ਨੂੰ ਪਕੜਾਉਂਦੇ ਹੋ ਤਾਂ ਉਸ ਲਿਫ਼ਾਫ਼ੇ ਦੀ ਕੰਨੀ ਸਿੱਧੀ ਕਰ ਦੇਵੋ ਤਾਂ ਜੋ ਦਰਸ਼ਕਾਂ ਨੂੰ ਕਿਸੇ ਪ੍ਰਕਾਰ ਦਾ ਸ਼ੱਕ ਨਾ ਹੋਵੇ।

ਵਿਆਖਿਆ ਵਿਚ ਦਿੱਤੀ ਤਾਲਿਕਾ ਚੰਗੀ ਤਰ੍ਹਾਂ ਯਾਦ ਕਰ ਲਵੋ। ਇਹ ਤਾਲਿਕਾ ਤੁਹਾਨੂੰ ਅਤੇ ਤੁਹਾਡੇ ਸਹਿਯੋਗੀ ਨੂੰ ਪੂਰੀ ਤਰ੍ਹਾਂ ਯਾਦ ਹੋਣੀ ਚਾਹੀਦੀ ਹੈ। ਪੂਰੀ ਪਰੈਕਟਿਸ ਤੋਂ ਬਾਅਦ ਹੀ ਇਸ ਦਾ ਪ੍ਰਦਰਸ਼ਨ ਕਰੋ।



## ਪਾਣੀ ਦਾ ਆਗਿਆਕਾਰੀ ਹੋਣਾ

ਜਾਦੂਗਰ ਕੱਚ ਦਾ ਇਕ ਖਾਲੀ ਗਿਲਾਸ ਮੇਜ਼ ਤੋਂ ਚੁੱਕ ਦੇ ਦਰਸ਼ਕਾਂ ਦੇ ਸਨਮੁੱਖ ਕਰਦਾ ਹੈ। ਫਿਰ ਉਸ ਗਿਲਾਸ ਦੇ ਵਿਚ ਪਾਣੀ ਭਰ ਦਿੰਦਾ ਹੈ। ਇਸ ਤੋਂ ਬਾਅਦ ਉਹ ਗਿਲਾਸ ਨੂੰ ਉਲਟਾ ਕੇ ਮੇਜ਼ ਦੇ ਉੱਪਰ ਰੱਖ ਦਿੰਦਾ ਹੈ। ਉਸ ਦੇ ਅਜਿਹਾ ਕਰਨ ਤੇ ਵੀ ਪਾਣੀ ਗਿਲਾਸ ਦੇ ਵਿਚੋਂ ਬਾਹਰ ਨਹੀਂ ਡਿੱਗਦਾ ਸਾਰੇ ਦਰਸ਼ਕ ਇਸ ਤੋਂ ਹੈਰਾਨ ਹੋ ਜਾਂਦੇ ਹਨ।

ਜਾਦੂ ਦਾ ਸਾਮਾਨ : ਕੱਚ ਦਾ ਗਿਲਾਸ, ਜੱਗ ਪਾਣੀ ਦਾ ਭਰਿਆ ਹੋਇਆ ਅਤੇ ਪਾਣੀ ਦੇ ਗਿਲਾਸ ਦੇ ਮੂੰਹ ਜਿੰਨਾ ਵਾਟਰ ਪੇਪਰ।

ਜਾਦੂ ਦੀ ਤਿਆਰੀ : ਪਰੈਕਟਿਸ।

ਜਾਦੂ ਦਾ ਪ੍ਰਦਰਸ਼ਨ : ਤੁਹਾਡਾ ਜਾਦੂ ਇਹ ਹੈ ਕਿ ਤੁਸੀਂ ਪਾਣੀ ਦਾ ਭਰਿਆ ਗਿਲਾਸ ਮੇਜ਼ ਤੇ ਉਲਟਾ ਰੱਖਣਾ ਹੈ। ਜੇਕਰ ਮੇਜ਼ ਦੇ ਉੱਪਰ ਕੋਈ ਮੇਜ਼ ਪੋਸ ਹੋਵੇ ਤਾਂ ਉਸਨੂੰ ਹਟਾ ਦਿਓ ਕਿਉਂਕਿ ਮੇਜ਼ ਕੋਰਾ ਹੋਣਾ ਚਾਹੀਦਾ ਹੈ। ਸਨਮਾਇਕੇ ਵਾਲੀ ਮੇਜ਼ ਵੀ ਚਲ ਸਕਦੀ ਹੈ ਪਰ ਉਸ ਦੀ ਸਤ੍ਹਾ ਬਿਲਕੁਲ ਸਪਾਟ ਹੋਵੇ।

ਹੁਣ ਦਰਸ਼ਕਾਂ ਨੂੰ ਇਕ ਖਾਲੀ ਗਿਲਾਸ ਦਿਖਾਓ ਉਸਨੂੰ ਪਾਣੀ ਦੇ ਨਾਲ ਭਰੋ। ਦਰਸ਼ਕਾਂ ਦੀ ਨਜ਼ਰ ਤੋਂ ਬਚਾ ਕੇ ਪਾਣੀ ਦੇ ਭਰੇ ਗਿਲਾਸ ਦੇ ਮੂੰਹ ਉੱਪਰ ਪਹਿਲਾਂ ਤੋਂ ਕੱਟ ਕੇ ਰੱਖੇ ਵਾਟਰ ਪੇਪਰ ਨੂੰ ਹੱਥ ਦੀ ਸਹਾਇਤਾ ਨਾਲ ਚਿਪਕਾ ਦਿਓ। ਪੇਪਰ ਨਾਲ ਗਿਲਾਸ ਦਾ ਮੂੰਹ ਢੱਕ ਦੇਣ ਦੇ ਨਾਲ ਤੁਸੀਂ ਗਿਲਾਸ ਨੂੰ ਆਸਾਨੀ ਦੇ ਨਾਲ ਉਲਟਾ ਸਕਦੇ ਹੋ। ਗਿਲਾਸ ਬਹੁਤ ਹੀ ਫੁਰਤੀ ਦੇ ਨਾਲ ਉਲਟਾ ਕੇ ਮੇਜ਼ ਦੇ ਉੱਪਰ ਰੱਖ ਦਿਓ। ਹੁਣ ਪੇਪਰ ਨੂੰ ਗਿਲਾਸ ਦੇ ਨੀਚੇ ਤੋਂ ਬਹੁਤ ਹੀ ਤੇਜ਼ੀ ਨਾਲ ਖਿੱਚ ਲਵੋ।

ਕਈ ਜਾਦੂਗਰ ਇਹ ਸਾਰਾ ਕਾਰਜ ਬਿਨਾਂ ਗਿਲਾਸ ਦੇ ਮੂੰਹ ਉੱਪਰ ਵਾਟਰ ਪੇਪਰ ਆਦਿ ਰੱਖੇ ਹੀ ਕਰ ਦਿੰਦੇ ਹਨ। ਉਹ ਬਹੁਤ ਹੀ



ਫੁਰਤੀ ਦੇ ਨਾਲ ਗਿਲਾਸ ਉਲਟਾਉਂਦੇ ਹਨ ਅਤੇ ਮੇਜ਼ ਦੇ ਉੱਪਰ ਰੱਖ ਦਿੰਦੇ ਹਨ। ਜੇਕਰ ਤੁਸੀਂ ਵੀ ਇਨੀਂ ਮੇਹਨਤ ਕਰ ਸਕੋ ਤਾਂ ਤੁਸੀਂ ਇਹ ਟਰਿੱਕ ਬਿਨਾਂ ਵਾਟਰ ਪੇਪਰ ਗਿਲਾਸ ਦੇ ਮੂੰਹ ਉੱਤੇ ਰੱਖੇ ਕਰ ਸਕਦੇ ਹੋ।

ਇਸ ਤੋਂ ਇਲਾਵਾ ਇਕ ਰੇਡੀਮੇਡ ਪਲਾਸਟਿਕ ਦਾ ਗਿਲਾਸ ਵੀ ਹੁੰਦਾ ਹੈ ਜਿਸ ਦੇ ਮੂੰਹ ਦੇ ਅਕਾਰ ਦਾ ਪਲਾਸਟਿਕ ਦਾ ਢੱਕਣ ਹੁੰਦਾ ਹੈ ਜਿਸ ਨੂੰ ਗਿਲਾਸ ਦੇ ਮੂੰਹ ਤੇ ਪਾਣੀ ਭਰਨ ਤੋਂ ਬਾਅਦ ਹੱਥ ਦੀ ਸਫਾਈ ਨਾਲ ਲਗਾ ਦਿੱਤਾ ਜਾਂਦਾ ਹੈ ਅਤੇ ਗਿਲਾਸ ਇਧਰ-ਉਧਰ ਹਿਲਾਣ ਤੇ ਵੀ ਪਾਣੀ ਬਾਹਰ ਨਹੀਂ ਡਿੱਗਣ ਦਿੰਦਾ। ਇਸ ਗਿਲਾਸ ਦੇ ਨਾਲ ਇਹ ਟਰਿੱਕ ਹੋਰ ਵੀ ਪ੍ਰਭਾਵਸ਼ਾਲੀ ਹੋ ਜਾਂਦਾ ਹੈ ਕਿਉਂਕਿ ਇਸ ਗਿਲਾਸ ਨੂੰ ਤੁਸੀਂ ਪਿੱਛੋਂ ਚੁੱਕ ਕੇ ਹਵਾ ਦੇ ਵਿਚ ਵੀ ਉਲਟਾ ਸਕਦੇ ਹੋ।

## ਆਗਿਆਕਾਰੀ ਅੰਡਾ

ਜਾਦੂਗਰ ਕਈ ਦਰਸ਼ਕਾਂ ਨੂੰ ਸਟੇਜ਼ ਤੇ ਵਾਰੀ-ਵਾਰੀ ਬੁਲਾਉਂਦਾ ਹੈ ਅਤੇ ਉਹ ਸਾਰੇ ਮੁਰਗੀ ਦੇ ਅੰਡੇ ਨੂੰ ਸਿੱਧਾ ਖੜਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਅੰਡਾ ਹਰ ਵਾਰੀ ਇਧਰ-ਉਧਰ ਲੁੜਕ ਜਾਂਦਾ ਹੈ। ਇਸ ਤੋਂ ਬਾਅਦ ਜਾਦੂਗਰ ਉਹੀ ਅੰਡਾ ਆਪਣੇ ਹੱਥ ਦੇ ਵਿੱਚ ਲੈਂਦਾ ਹੈ ਅਤੇ ਉਸਨੂੰ ਪੁਕਾਰਦਾ ਹੈ ਅਤੇ ਆਖਦਾ ਹੈ "ਮੇਰੇ ਪਿਆਰ ਮਿੱਤਰ ਮੇਜ਼ ਦੇ ਉੱਪਰ ਸਿੱਧੇ ਖੜੇ ਹੋ ਜਾਓ" ਇਨ੍ਹਾਂ ਕਹਿ ਕੇ ਜਾਦੂਗਰ ਮੇਜ਼ ਦੇ ਉੱਪਰ ਅੰਡਾ ਸਿੱਧਾ ਖੜ੍ਹਾ ਕਰ ਕੇ ਉਸ ਤੋਂ ਆਪਣਾ ਹੱਥ ਪਰ੍ਹਾਂ ਕਰ ਲੈਂਦਾ ਹੈ। ਅੰਡਾ ਕਿਸੇ ਵੀ ਪਾਸੇ ਨਹੀਂ ਲੁੜਕਦਾ ਸਗੋਂ ਬਿਲਕੁਲ ਸਿੱਧਾ ਖੜਾ ਰਹਿੰਦਾ ਹੈ। ਸਾਰੇ ਦਰਸ਼ਕ ਇਹ ਕਾਰਨਾਮਾ ਦੇਖ ਕੇ ਹੈਰਾਨ ਰਹਿ ਜਾਂਦੇ ਹਨ।

ਜਾਦੂ ਦਾ ਸਾਮਾਨ : ਇਕ ਮੁਰਗੀ ਦਾ ਕੱਚਾ ਅੰਡਾ, ਦੋ ਚਮਚ ਪੀਸੇ ਹੋਏ ਨਮਕ।

ਜਾਦੂ ਦੀ ਤਿਆਰੀ : ਨਮਕ ਦੀ ਮੇਜ਼ ਦੇ ਉੱਪਰ ਢੇਰੀ ਜਿਹੀ ਲਾ ਲਵੋ ਹੁਣ ਇਸ ਢੇਰੀ ਸਮੇਤ ਇਕ ਕੱਪੜਾ ਮੇਜ਼ ਦੇ ਉੱਪਰ ਪਾ ਦਿਓ ਤਾਂ ਕਿ ਨਮਕ ਦਿਖਾਈ ਨਾ ਦੇਵੇ।

ਜਾਦੂ ਦਾ ਪ੍ਰਦਰਸ਼ਨ : ਤੁਸੀਂ ਮੇਜ਼ ਉੱਪਰ ਪਈ ਪਲੇਟ ਦੇ ਵਿੱਚੋਂ ਇਕ ਅੰਡਾ ਚੁੱਕੋ ਅਤੇ ਦਰਸ਼ਕਾਂ ਨੂੰ ਦਿਖਾਓ ਅਤੇ ਕਹੋ, "ਤੁਹਾਡੇ ਵਿਚੋਂ ਕੋਈ ਸੱਜਣ ਦੱਸ ਸਕਦਾ ਹੈ ਕਿ ਇਹ ਕੀ ਚੀਜ਼ ਹੈ। ਸਾਰੇ ਲੋਕ ਇਸ ਤੋਂ ਵਾਕਫ ਹੁੰਦੇ ਹਨ ਇਸ ਲਈ ਤੁਹਾਡੇ ਦੁਆਰਾ ਪੁੱਛੇ ਪ੍ਰਸ਼ਨ ਦੇ ਉੱਤਰ ਦੇ ਵਿਚ ਅਨੇਕਾਂ ਦਰਸ਼ਕ ਜਵਾਬ ਦੇਣਗੇ ਮੁਰਗੀ ਦਾ ਅੰਡਾ।

ਤੁਸੀਂ ਸਾਰੇ ਦਰਸ਼ਕਾਂ ਦੀ ਤਾਰੀਫ ਕਰੋ। ਅਤੇ ਕਹੋ, "ਕੀ ਕੋਈ ਦਰਸ਼ਕ ਇਸ ਅੰਡੇ ਨੂੰ ਮੇਜ਼ ਦੇ ਉੱਪਰ ਸਿੱਧਾ ਖੜ੍ਹਾ ਕਰ ਸਕਦਾ ਹੈ"। ਬਹੁਤ ਸਾਰੇ ਦਰਸ਼ਕ ਆਪਣੇ ਹੱਥ ਖੜੇ ਕਰ ਲੈਣਗੇ। ਤੁਸੀਂ ਉਨ੍ਹਾਂ ਦਰਸ਼ਕਾਂ ਦੇ ਵਿਚੋਂ 5-6 ਦਰਸ਼ਕਾਂ ਨੂੰ ਸਟੇਜ਼ ਦੇ ਉੱਪਰ ਸੱਦੋ। ਇਹ ਸਾਰੇ ਦਰਸ਼ਕ ਸਟੇਜ਼ ਦੇ ਉੱਪਰ ਆ ਜਾਂਦੇ ਹਨ ਅਤੇ ਤੁਹਾਡੇ ਹੱਥ ਵਿਚੋਂ ਅੰਡਾ ਪਕੜ ਕੇ ਇਸ ਨੂੰ ਮੇਜ਼ ਉੱਪਰ ਖੜਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਸਾਰੇ ਅਸਫਲ ਰਹਿੰਦੇ ਹਨ।

ਹੁਣ ਤੁਸੀਂ ਚਾਹੋ ਤਾਂ ਹੋਰ ਦਰਸ਼ਕਾਂ ਨੂੰ ਵੀ ਬੁਲਾ ਸਕਦੇ ਹੋ। ਕੋਈ ਵੀ ਦਰਸ਼ਕ ਅਜਿਹਾ ਕਰਨ ਦੇ ਵਿਚ ਸਫਲ ਨਹੀਂ ਹੋ ਸਕੇਗਾ।

ਅੰਤ ਦੇ ਵਿਚ ਤੁਸੀਂ ਅੰਡੇ ਨੂੰ ਆਪਣੇ ਵੱਲ ਕਰੋ ਅਤੇ ਕੁਝ ਮੰਤਰਾਂ ਦਾ ਉਚਾਰਣ ਕਰੋ ਅਤੇ ਅੰਡੇ ਦੇ ਵੱਲ ਮੂੰਹ ਕਰਕੇ ਬਹੁਤ ਹੀ ਗੰਭੀਰ ਹੋ ਕੇ ਕਹੋ ਕਿ ਪਿਆਰੇ ਮਿੱਤਰ ਮੇਜ਼ ਉੱਪਰ ਸਿੱਧੇ ਖੜੇ ਹੋ ਜਾਓ ਇਹ ਕਹਿ ਕਿ ਤੁਸੀਂ ਮੇਜ਼ ਦੇ ਉਸੇ ਪਾਸੇ ਚਲੇ ਜਾਓ ਜਿਥੇ ਤੁਸੀਂ ਨਮਕ ਦੀ ਢੇਰੀ ਲਾਈ ਹੋਈ ਹੈ। ਹੁਣ ਅੰਡੇ ਨੂੰ ਇਸ ਢੇਰੀ ਦੇ ਬਿਲਕੁਲ ਵਿਚਕਾਰ ਟਿਕਾ ਦੇਵੋ। ਅੰਡਾ ਸਿੱਧਾ ਖੜ੍ਹਾ ਹੋ ਜਾਵੇਗਾ। ਸਾਰੇ ਦਰਸ਼ਕ ਹੈਰਾਨ ਰਹਿ ਜਾਣਗੇ ਕਿ ਜੋ ਕੰਮ ਉਹ ਇਨੀਂ ਮਿਹਨਤ ਦੇ ਨਾਲ ਨਹੀਂ ਕਰ ਸਕੇ ਤੁਸੀਂ ਕੁਝ ਹੀ ਮਿੰਟਾਂ ਦੇ ਵਿਚ ਕਰ ਦਿੱਤਾ।

ਸਾਰੇ ਦਰਸ਼ਕ ਤੁਹਾਡੇ ਲਈ ਤਾੜੀਆਂ ਵਜਾਉਣਗੇ।

## ਗਿਲਾਸ ਨੂੰ ਗਾਇਬ ਕਰਨਾ

ਜਾਦੂਗਰ ਸਟੇਜ਼ ਦੇ ਉੱਪਰ ਆ ਕੇ ਮੇਜ਼ ਉੱਪਰ ਪਏ ਗਿਲਾਸ ਨੂੰ ਇਸ਼ਾਰਾ ਕਰਦਾ ਹੈ ਅਤੇ ਆਖਦਾ ਹੈ ਕਿ ਉਹ ਇਸ ਕੱਚ ਦੇ ਗਿਲਾਸ ਨੂੰ ਗਾਇਬ ਕਰ ਦੇਵੇਗਾ। ਸਾਰੇ ਦਰਸ਼ਕ ਜਾਦੂਗਰ ਦੀ ਗੱਲ ਤੇ ਵਿਸ਼ਵਾਸ ਨਹੀਂ ਕਰਦੇ। ਫਿਰ ਜਾਦੂਗਰ ਇਕ ਰੁਮਾਲ ਗਿਲਾਸ ਦੇ ਉੱਪਰ ਪਾ ਦਿੰਦਾ ਹੈ ਅਤੇ ਕੁਝ ਮੰਤਰਾਂ ਦਾ ਜਾਪ ਕਰਦਾ ਹੈ ਅਤੇ ਫਿਰ ਆਪਣਾ ਹੱਥ ਕਾਫੀ ਉੱਪਰ ਤੋਂ ਲਿਆ ਕੇ ਗਿਲਾਸ ਦੇ ਉੱਪਰ ਮਾਰਦਾ ਹੈ। ਇਸ ਤੋਂ ਬਾਅਦ ਉਹ ਰੁਮਾਲ ਨੂੰ ਹਟਾ ਦਿੰਦਾ ਹੈ ਉਥੇ ਕੁਝ ਵੀ ਨਹੀਂ ਹੁੰਦਾ। ਦਰਸ਼ਕ ਜਾਦੂਗਰ ਦੀ ਜਾਦੂ ਦੀ ਸ਼ਕਤੀ ਦੀ ਪ੍ਰਸ਼ੰਸ਼ਾ ਕਰਦੇ ਹਨ।

ਜਾਦੂ ਦਾ ਸਾਮਾਨ : ਕੋਡੈਕ ਪੇਪਰ ਦੀ ਸ਼ੀਟ, ਪਾਰਦਰਸ਼ਕ ਟੇਪ ਅਤੇ ਇਕ ਵੱਡਾ ਰੁਮਾਲ।

ਜਾਦੂ ਦੀ ਤਿਆਰੀ : ਕੋਡੈਕ ਪੇਪਰ ਦੀ ਸ਼ੀਟ ਨੂੰ ਗਿਲਾਸ ਦੀ ਤਰ੍ਹਾਂ ਰੋਲ ਕਰ ਲਵੋ ਹੁਣ ਇਸ ਦੇ ਜੋੜ ਦੇ ਉੱਪਰ ਪਾਰਦਰਸ਼ਕ ਟੇਪ ਚਿਪਕਾ ਦੇਵੋ। ਦਰਸ਼ਕਾਂ ਨੂੰ ਦੂਰ ਤੋਂ ਵੇਖਣ ਤੇ ਇਹ ਅਸਲੀ ਗਿਲਾਸ ਹੀ ਨਜ਼ਰ ਆਉਣਾ ਚਾਹੀਦਾ ਹੈ।

ਜਾਦੂ ਦਾ ਪ੍ਰਦਰਸ਼ਨ : ਮੇਜ਼ ਦੇ ਉੱਪਰ ਪਿਆ ਵਿਸ਼ੇਸ਼ ਗਿਲਾਸ ਦਰਸ਼ਕਾਂ ਨੂੰ ਦਿਖਾਓ ਅਤੇ ਕਹੋ ਕਿ ਤੁਸੀਂ ਇਸ ਗਿਲਾਸ ਨੂੰ ਗਾਇਬ ਕਰਨ ਜਾ ਰਹੇ ਹੋ। ਸਾਰੇ ਦਰਸ਼ਕ ਤੁਹਾਡੀ ਕਹੀ ਗੱਲ ਨੂੰ ਸੁਣ ਕੇ ਇਹ



ਜਾਦੂ ਦੇਖਣ ਦੇ ਲਈ ਉਤਸੁਕਤਾ ਦੇ ਨਾਲ ਤੁਹਾਡੇ ਵੱਲ ਦੇਖਣ ਲੱਗ ਜਾਣਗੇ। ਹੁਣ ਤੁਸੀਂ ਮੇਜ਼ ਤੇ ਪਏ ਇਕ ਵੱਡੇ ਰੁਮਾਲ ਨੂੰ ਉਠਾਓ ਅਤੇ ਉਸ ਦੇ ਨਾਲ ਗਿਲਾਸ ਨੂੰ ਚੁੱਕ ਲਓ। ਤੁਸੀਂ ਇਸ ਦੇ ਉੱਪਰ ਆਪਣਾ ਜਾਦੂ ਦਾ ਡੰਡਾ ਘੁਮਾਓ ਅਤੇ ਨਾਲ ਹੀ ਕੁਝ ਮੰਤਰਾਂ ਦਾ ਜਾਪ ਕਰੋ। ਜ਼ੋਰ ਦੇ ਨਾਲ ਆਪਣਾ ਹੱਥ ਉੱਪਰ ਉਠਾ ਕੇ ਗਿਲਾਸ ਤੇ ਮਾਰ ਦਿਓ। ਕਿਉਂਕਿ ਇਹ ਗਿਲਾਸ ਕੋਡੈਕ ਪੇਪਰ ਦਾ ਬਣਿਆ ਹੋਇਆ ਹੁੰਦਾ ਹੈ ਇਸ ਲਈ ਹੱਥ ਦੀ ਹਲਕੀ ਜਿਹੀ ਮਾਰ ਦੇ ਨਾਲ ਹੀ ਇਹ ਗਿਲਾਸ ਮੁਚੜ ਜਾਵੇਗਾ। ਤੁਸੀਂ ਬਹੁਤ ਹੀ ਸਾਵਧਾਨੀ ਦੇ ਨਾਲ ਇਸ ਮੁਚੜੇ ਹੋਏ ਗਿਲਾਸ ਨੂੰ ਰੁਮਾਲ ਉਠਾਉਂਦੇ ਸਮੇਂ ਆਪਣੇ ਹੱਥ ਨਾਲ ਰੁਮਾਲ ਦੇ ਵਿਚ ਹੀ ਛੁਪਾ ਕੇ ਉਠਾ ਲੈਣਾ ਹੈ। ਇਹ ਸਭ ਕੁਝ ਹੀ ਸਾਵਧਾਨੀ ਨਾਲ ਕਰਨ ਦੀ ਜ਼ਰੂਰਤ ਹੈ। ਜਦੋਂ ਤੁਸੀਂ ਰੁਮਾਲ ਨੂੰ ਸਮੇਤ ਮੁਚੜੇ ਹੋਏ ਗਿਲਾਸ ਨੂੰ ਚੁੱਕਣ ਵਿਚ ਸਫਲ ਹੋ ਜਾਵੋਗੇ ਤਾਂ ਤੁਸੀਂ ਆਪਣੇ ਇਸ ਜਾਦੂ ਨੂੰ ਵੀ ਕਰਨ ਵਿਚ ਸਫਲ ਹੋ ਜਾਵੋਗੇ।

ਸਾਰੇ ਦਰਸ਼ਕ ਗਿਲਾਸ ਨੂੰ ਮੇਜ਼ ਉੱਪਰ ਨਾ ਦੇਖ ਕੇ ਹੈਰਾਨ ਰਹਿ ਜਾਣਗੇ ਅਤੇ ਤੁਹਾਡੇ ਲਈ ਤਾੜੀਆਂ ਵਜਾਉਣਗੇ।

**ਆਪ ਬੀਤੀ**

# ਸੁੱਖਾਂ ਪੂਰੀਆਂ ਕਰਨ ਵਾਲਾ ਬਾਬਾ

ਅੱਜ ਤੋਂ ਬਾਰ੍ਹਾਂ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਆਪਣੀ ਥੋੜ੍ਹੀ ਜਿਹੀ ਖੇਤੀ ਆਪ ਹੀ ਕਰ ਲੈਂਦਾ ਸੀ। ਇਕ ਸਾਲ ਹਾੜ੍ਹੀ ਦੇ ਦਿਨਾਂ ਵਿੱਚ ਮੇਰੀਆਂ ਦੋ ਦਾਤੀਆਂ ਟੁੱਟ ਗਈਆਂ। ਇਨ੍ਹਾਂ ਨੂੰ ਵੈਲਡਿੰਗ ਕਰਵਾਉਣ ਵਾਸਤੇ ਮੈਂ ਸ਼ੇਰਪੁਰ ਜਾਣ ਲਈ ਹੇੜੀਕੇ ਦੇ ਬੱਸ-ਅੱਡੇ ਵਿੱਚ ਬੈਠਿਆ ਹੋਇਆ ਸੀ। ਮੇਰੇ ਤੋਂ ਬਿਨਾਂ ਇੱਕ ਬੰਦਾ ਹੋਰ ਵੀ ਬੈਠਾ ਸੀ। ਉਸਨੇ ਵੀ ਸ਼ੇਰਪੁਰ ਹੀ ਜਾਣਾ ਸੀ। ਬੱਸ ਆਉਣ 'ਚ ਪੰਜ ਸੱਤ ਮਿੰਟ ਰਹਿੰਦੇ ਸਨ।

ਇਹ ਦੂਸਰਾ ਬੰਦਾ ਇਕ ਡੇਰੇਦਾਰ ਦਾ ਚੇਲਾ ਸੀ। ਮੈਂ ਡੇਰੇ ਬਾਰੇ ਕੁਝ ਜਾਣਕਾਰੀ ਲੈਣ ਦੀ ਗਰਜ਼ ਕਰਕੇ ਉਸ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁਝ ਦਿਨ ਪਹਿਲਾਂ ਚੋਰ ਇਸੇ ਡੇਰੇ ਵਿੱਚੋਂ ਤਿੰਨ ਗੋਲਕ ਚੋਰੀ ਕਰਕੇ ਲੈ ਗਏ ਸਨ। ਮੈਂ ਉਸ ਨਾਲ ਇੱਕੋ ਹੀ ਗੱਲ ਸ਼ੁਰੂ ਕੀਤੀ ਕਿ ਮੱਖਣ ਸਿੰਘ (ਫਰਜ਼ੀ ਨਾਂ) ਤੁਸੀਂ ਡੇਰੇ ਵਿਚ ਬਹੁਤ ਇਕੱਠ ਕਰਨ ਲੱਗ ਪਏ ਹੋ। ਬਹੁਤ ਇਕੱਠ ਕਰਨ ਨਾਲ ਡੇਰੇ ਵਿਚ ਚੋਰ-ਉਚੱਕੇ, ਜੇਬ ਕਤਰੇ ਵੀ ਆ ਜਾਂਦੇ ਹਨ। ਉਹ ਦਿਨ ਵੇਲੇ ਸਾਰੇ ਡੇਰੇ ਦਾ ਭੇਤ ਲੈ ਜਾਂਦੇ ਹਨ ਫਿਰ ਰਾਤ ਨੂੰ ਚੋਰੀ ਕਰਨ ਆ ਜਾਂਦੇ ਹਨ। ਹੁਣ ਡੇਰੇ ਤੋਂ ਬਿਨਾਂ ਪਿੰਡ 'ਚ, ਵੀ ਉਨ੍ਹਾਂ ਵੱਲੋਂ ਚੋਰੀ ਕਰਨ ਦੀ ਸੰਭਾਵਨਾ ਵੱਧ ਗਈ ਹੈ। ਸੋ ਬਹੁਤਾ ਇਕੱਠ ਕਰਨ ਤੋਂ ਪ੍ਰਹੇਜ ਕਰੋ।

ਮੇਰਾ ਸੁਝਾਅ ਤਾਂ ਉਸਨੇ ਬਹੁਤ ਧਿਆਨ ਨਾਲ ਸੁਣਿਆ ਪਰ ਇਸ 'ਤੇ ਅਮਲ ਕਰਨ ਤੋਂ ਪਹਿਲਾਂ ਉਸਨੇ ਆਪਣੀ ਹੀ ਰਾਮ-ਕਹਾਣੀ ਸੁਣਾ ਦਿੱਤੀ। ਕਹਿਣ ਲੱਗਾ ਕਿ ਲੋਕ ਐਵੇਂ ਹੀ ਡੇਰੇ ਵਿੱਚ ਨਹੀਂ ਆਉਂਦੇ ਉਨ੍ਹਾਂ ਦੀਆਂ ਸੁੱਖਾਂ ਪੂਰੀਆਂ ਹੋ ਜਾਂਦੀਆਂ ਹਨ। ਲੋਕ ਤਾਂ ਇਸ ਲਈ ਆ ਜਾਂਦੇ ਹਨ।

ਆਪਣੀ ਸੁੱਖ ਪੂਰੀ ਹੋਣ ਦੀ ਕਹਾਣੀ ਉਹ ਸੁਨਾਣ ਲੱਗ ਪਿਆ। ਕਹਿਣ ਲੱਗਾ ਕਿ ਕੁਝ ਸਾਲ ਪਹਿਲਾਂ ਇਸ ਡੇਰੇ ਵਿੱਚ ਇੱਕ ਛੋਟੀ ਜਿਹੀ ਸਮਾਧ ਸੀ। ਉਸ ਸਮੇਂ ਹੁਣ ਦੀ ਤਰ੍ਹਾਂ ਡੇਰੇ ਵਿੱਚ ਸੰਗਮਰਮਰ ਨਹੀਂ ਲੱਗਾ ਹੋਇਆ ਸੀ। ਮੈਂ ਦੋ ਬਲਦਾਂ ਨਾਲ ਖੇਤੀ ਕਰਦਾ ਹੁੰਦਾ ਸੀ। ਇਕ ਦਿਨ ਮੈਂ ਆਪਣਾ ਖੇਤ ਵਾਹਕੇ ਜਦੋਂ ਬਲਦਾਂ ਨਾਲ ਸੁਹਾਗੀ ਮਾਰਨ ਦੀ ਸੋਚਣ ਲੱਗਾ ਤਾਂ ਪਤਾ ਚੱਲਿਆ ਕਿ ਸੁਹਾਗੀ ਤਾਂ ਮੇਰੇ ਕੋਲ ਸੀ ਪਰ ਇਸਨੂੰ ਖਿੱਚਣ ਵਾਸਤੇ ਕਾਢੀ (ਰੱਸਾ) ਨਹੀਂ ਸੀ। ਕਾਢੀ ਘਰ ਹੀ ਭੁੱਲ ਆਇਆ ਸੀ। ਮੈਨੂੰ ਬਹੁਤ ਫ਼ਿਕਰ ਲੱਗਾ ਕਿ ਜੇ ਮੈਂ ਹੁਣ ਕਾਢੀ ਲੈਣ ਵਾਸਤੇ ਪਿੰਡ ਜਾਂਦਾ ਹਾਂ ਜਿਹੜਾ ਕਿ ਖੇਤੋਂ ਦੋ ਕਿਲੋਮੀਟਰ ਦੀ ਦੂਰੀ ਤੇ ਹੈ। ਮਗਰੋਂ ਬਲਦ ਵੀ ਰੱਸੇ ਤੁੜਵਾ ਕੇ ਭੱਜ ਸਕਦੇ ਹਨ ਜਾਂ ਕੋਈ ਢੱਠਾ ਹੀ ਇਨ੍ਹਾਂ ਨੂੰ ਮਾਰਨ ਵਾਸਤੇ ਪਹੁੰਚ ਜਾਵੇਗਾ। ਇਤਨਾ ਸੋਚਣ ਤੋਂ ਮਗਰੋਂ ਮੈਂ ਬਾਬੇ ਦੀ ਸੁੱਖ ਸੁਖ ਲਈ। ਮੈਂ ਬਾਬੇ ਨੂੰ ਬੇਨਤੀ ਕੀਤੀ ਇਕ ਹੇ ਬਾਬਾ ਜੇ ਤੂੰ ਅੱਜ ਮੇਰੀ ਸੁਹਾਗੀ ਲਗਵਾ ਦੇਵੇ ਤਾਂ ਮੈਂ ਤੈਨੂੰ ਮੰਨਾ।

ਇਹ ਗੱਲ ਕਹਿਣ ਤੋਂ ਮਗਰੋਂ ਮੈਂ ਕਾਢੀ ਲੈਣ ਵਾਸਤੇ ਪਿੰਡ ਨੂੰ ਤੁਰ ਪਿਆ। ਮੈਂ ਥੋੜ੍ਹੀ ਦੂਰ ਹੀ ਗਿਆ ਸੀ ਕਿ ਰਸਤੇ ਵਿੱਚ ਦੋ ਨਵੀਆਂ ਕਾਢੀਆਂ ਪਈਆਂ ਮੈਨੂੰ ਮਿਲੀਆਂ ਮੈਂ ਇਹ ਦੇਖ ਕੇ ਬਹੁਤ ਖੁਸ਼ ਹੋਇਆ। ਮੈਨੂੰ ਹੱਦੋਂ-ਬੱਧ ਖੁਸ਼ੀ ਹੋਈ। ਮੈਂ ਦੋਵੇਂ ਕਾਢੀਆਂ ਚੁੱਕ ਕੇ ਖੇਤ ਲੈ ਗਿਆ। ਇਕ ਨੂੰ ਵੱਟ ਤੇ ਰਖਕੇ ਦੂਸਰੀ ਨਾਲ ਸੁਹਾਗੀ ਮਾਰ ਲਈ। ਇਹ ਦੋਵੇਂ ਕਾਢੀਆਂ ਹੁਣ ਵੀ ਮੇਰੇ ਘਰ ਪਈਆਂ ਹਨ। ਮੇਰੀ ਸੁੱਖ ਤਾਂ ਇਸ ਤਰ੍ਹਾਂ ਪੂਰੀ ਹੋਈ ਸੀ। ਹੁਣ ਤੂੰ ਆਪਣੀ ਸੁੱਖ ਸੁਖ ਕੇ ਦੇਖ ਲੈ ਤੇਰੀ ਵੀ ਇਸੇ ਤਰ੍ਹਾਂ ਪੂਰੀ ਹੋ ਜਾਵੇਗੀ।

ਮੈਂ ਉਸਨੂੰ ਕਿਹਾ ਕਿ ਇਹ ਕਾਢੀਆਂ ਕਿਸੇ ਬਾਬੇ ਨੇ ਨਹੀਂ ਦਿੱਤੀਆਂ ਹਨ। ਇਹ ਤਾਂ ਕਿਸੇ ਰਾਹੀ ਦੀਆਂ ਹੋ ਸਕਦੀਆਂ ਹਨ। ਕੋਈ ਬੰਦਾ ਟਰੈਕਟਰ ਤੇ ਰੱਖਕੇ ਆਪਣੀ ਰਿਸ਼ਤੇਦਾਰੀ ਵਿੱਚ ਦੇਣ ਜਾ ਰਿਹਾ ਹੋਵੇਗਾ ਜਾਂ ਉਸਨੇ ਆਪਦੇ ਕੰਮ ਵਾਸਤੇ ਸ਼ੇਰਪੁਰ ਤੋਂ ਖਰੀਦ ਕਰਕੇ ਆਇਆ ਹੋਵੇਗਾ। ਮੇਰੀ ਇਹ ਦਲੀਲ ਮੰਨਣ ਵਾਸਤੇ ਉਹ ਤਿਆਰ ਹੀ ਨਹੀਂ ਸੀ।

ਮੈਨੂੰ ਸੁੱਖ ਸੁੱਖਣ ਵਾਸਤੇ ਬਹੁਤ ਜ਼ੋਰ ਦੇਣ ਲੱਗਾ ਕਹਿਣ ਲੱਗਾ ਕਿ ਤੇਰੀ ਸੁੱਖ ਵੀ ਇਸੇ ਤਰ੍ਹਾਂ ਹੀ ਪੂਰੀ ਹੋ ਜਾਵੇਗੀ। ਉਸਦੇ ਜ਼ਿਆਦਾ ਕਹਿਣ ਤੇ ਮੈਂ ਉਸਨੂੰ ਬੇਨਤੀ ਕੀਤੀ ਕਿ ਮੈਂ ਅੱਜ ਤੱਕ ਕੋਈ ਸੁੱਖ ਸੁੱਖੀ ਨਹੀਂ ਹੈ ਕਿਉਂਕਿ ਮੈਂ ਡੇਰੇ ਜਾਂਦਾ ਹੀ ਨਹੀਂ ਹਾਂ। ਚੜ੍ਹਾਵਾ ਵੀ ਨਹੀਂ ਚੜ੍ਹਾਉਂਦਾ ਹਾਂ। ਮੇਰਾ ਇਕ ਕੰਮ ਕਰਨ ਵਾਲਾ ਹੈ ਕਿ ਜੇ ਤੂੰ ਬਾਬੇ ਨੂੰ ਕਹਿਕੇ ਇਹ ਕੰਮ ਕਰਵਾ ਦੇਵੇ ਤਾਂ ਮੂੰਹ ਮੰਗਿਆ ਇਨਾਮ ਦੇਣ ਲਈ ਤਿਆਰ ਹਾਂ। ਉਹ ਕਹਿਣ ਲੱਗਾ ਕਿ ਤੂੰ ਦੱਸ ਤਾਂ ਸਹੀ। ਮੈਂ ਉਸਨੂੰ ਕਿਹਾ ਕਿ ਮੇਰੇ ਝੋਲੇ ਵਿੱਚ ਦੋ ਦਾਤੀਆਂ ਟੁੱਟੀਆਂ ਹੋਈਆਂ ਹਨ। ਤੂੰ ਕਿਰਪਾ ਕਰਕੇ ਬਾਬੇ ਨੂੰ ਕਹਿ ਕੇ ਇਹਨਾਂ ਦੋਵਾਂ ਦੇ ਟੁੱਚ ਹੀ ਲਗਵਾ ਦੇ। ਮੈਂ ਇਥੋਂ ਹੀ ਘਰ ਵਾਪਿਸ ਚਲਾ ਜਾਵਾਂਗਾ। ਸ਼ੇਰਪੁਰ ਮੈਨੂੰ ਹੋਰ ਖਾਸ਼ ਕੰਮ ਨਹੀਂ ਹੈ। ਕਹਿਣ ਲੱਗਾ ਕਿ ਇਹ ਕੰਮ ਤਾਂ ਬਾਬੇ ਤੋਂ ਹੋਣਾ ਨਹੀਂ ਹੈ। ਤੂੰ ਹੋਰ ਕੋਈ ਸੁੱਖ ਸੁਖ। ਅਗਲੀ ਸੁੱਖ ਬਾਰੇ ਮੈਂ ਸੋਚ ਹੀ ਰਿਹਾ ਸੀ ਕਿ ਸ਼ੇਰਪੁਰ ਜਾਣ ਵਾਲੀ ਬਸ ਅੱਡੇ 'ਚ, ਆਕੇ ਖੜ੍ਹੀ ਹੋ ਗਈ। ਅਸੀਂ ਦੋਵੇਂ ਬਸ 'ਚ, ਸਵਾਰ ਹੋਕੇ ਸ਼ੇਰਪੁਰ ਪਹੁੰਚ ਗਏ। ਅਗਲੀ ਸੁੱਖ ਵੀ ਮੇਰੀ ਵਿਚਾਲੇ ਹੀ ਅਟਕੀ ਪਈ ਹੈ।

ਜੇਕਰ ਉਸਨੇ ਸੁੱਖ ਸੁੱਖਣ ਵਾਸਤੇ ਜ਼ਿਆਦਾ ਹੀ ਜ਼ੋਰ ਪਾਇਆ ਤਾਂ ਮੈਂ ਕਹਾਂਗਾ ਕਿ ਮੇਰੀ ਸੱਜੀ ਲੱਤ ਦੇ ਅੰਦਰਲੇ ਪਾਸੇ ਇਕ ਜ਼ਖ਼ਮ ਦਾ ਨਿਸ਼ਾਨ ਹੈ। ਇਸਨੂੰ ਬਾਬੇ ਤੋਂ ਸਾਫ਼ ਕਰਵਾ ਦੇਵੇ।

**- ਮੇਵਾ ਸਿੰਘ ਹੇੜੀਕੇ**



# ਭਾਰਤ ਦੇ 'ਲੋਕਤੰਤਰ', 'ਬਰਾਬਰਤਾ' ਪ੍ਰਬੰਧ ਦੀ ਕਹਾਣੀ ਕੁਝ ਖ਼ਬਰਾਂ ਦੀ ਜ਼ੁਬਾਨੀ



**ਬਲਜਿੰਦਰ ਕੋਟਭਾਰਾ**

### * ਗੰਗਾ ਜਲ ਨਾਲ ਕੈਂਸਰ ਦਾ ਖਤਰਾ

ਗੰਗਾ ਵਿੱਚ ਡੁਬਕੀ ਨਾਲ ਕੈਂਸਰ ਹੋ ਸਕਦਾ ਹੈ। ਗੰਗਾਜਲ ਪੀਣ ਲਈ ਤਾਂ ਬਿਲਕੁਲ ਹੀ ਢੁਕਵਾਂ ਨਹੀਂ। ਤਾਜ਼ਾ ਜਾਂਚ ਨੇ ਖਤਰਨਾਕ ਰਿਪੋਰਟ ਦਿੱਤੀ ਹੈ ਕਿ ਗੰਗਾ ਜਲ ਵਿੱਚ ਕੈਂਸਰ ਪੈਦਾ ਕਰਨ ਵਾਲੇ ਤੱਤ ਆਮ ਨਾਲੋਂ 50 ਫੀਸਦੀ ਵੱਧ ਹਨ। ਕੁੰਭ ਲਈ ਲਏ ਗਏ ਗੰਗਾ ਜਲ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਵਿੱਚ ਜ਼ਹਿਰੀਲਾ ਕ੍ਰੋਮੀਅਮ ਤੱਤ ਗੰਭੀਰ ਹੱਦ ਤੱਕ ਵਧ ਚੁੱਕਿਆ ਹੈ, ਇਹ ਤੱਤ ਕਾਨਪੁਰ ਦੀਆਂ ਫੈਕਟਰੀਆਂ ਵਿਚੋਂ ਆ ਰਿਹਾ ਦੱਸਿਆ ਗਿਆ ਹੈ। ਮੋਦੀ ਸਰਕਾਰ ਪਹਿਲਾਂ ਹੀ ਗੰਗਾ ਦੀ ਸਫਾਈ ਲਈ ਜ਼ੋਰ ਦੇ ਚੁੱਕੀ ਹੈ, ਹੁਣ ਜਦ ਇਹ ਖਤਰਨਾਕ ਰਿਪੋਰਟ ਨਸ਼ਰ ਹੋਈ ਹੈ ਤਾਂ ਇਸ ਪਾਸੇ ਸਰਕਾਰ ਹੋਰ ਤੇਜ਼ੀ ਨਾਲ ਕੰਮ ਕਰੇਗੀ। ਗੰਗਾ ਜਲ ਦੀ ਸਫਾਈ ਲਈ ਕਈ ਕੰਪਨੀਆਂ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ।

### * ਦੇਸ਼ ਨੂੰ ਤੰਬਾਕੂ ਮੁਕਤ ਕਰਨ ਲਈ ਸਰਕਾਰਾਂ ਦੇ ਉਪਰਾਲੇ ਬੇਅਸਰ

ਦੇਸ਼ ਨੂੰ ਤੰਬਾਕੂ ਮੁਕਤ ਕਰਨ ਲਈ ਸਰਕਾਰਾਂ ਕਈ ਉਪਰਾਲੇ ਕਰ ਰਹੀਆਂ ਨੇ, ਜੋ ਵਰ੍ਹਿਆਂ ਤੋਂ ਜਾਰੀ ਨੇ, ਪਰ ਕੀ ਅਸਰ ਹੋਇਆ, ਇਹ ਕਿਧਰੇ ਵੀ ਨਹੀਂ ਲੱਭਦਾ, ਸਗੋਂ ਹਾਲ ਇਹ ਹੈ ਕਿ ਮਰਜ਼ ਬੜ੍ਹਤਾ ਗਯਾ ਯੂੰ ਯੂੰ ਦਵਾ ਕੀ..

ਭਾਰਤ ਸਰਕਾਰ ਨੇ ਸਿਗਰਟ 'ਤੇ ਐਕਸਾਈਜ਼ ਡਿਊਟੀ ਵਧਾ ਕੇ 72 ਫੀਸਦੀ ਕਰ ਦਿੱਤੀ ਹੈ। ਇਸ ਨਾਲ ਦੋ ਰੁਪਏ ਦੀ ਵਿਕਣ ਵਾਲੀ ਸਿਗਰਟ ਤਿੰਨ ਰੁਪਏ ਦੀ ਹੋ ਗਈ ਹੈ। ਭਾਰਤ ਸਰਕਾਰ ਨੂੰ ਰਿਫਾਈਂਡ, ਪੈਟਰੋਲ, ਡੀਜ਼ਲ, ਲੋਹਾ ਤੇ ਸਟੀਲ ਤੋਂ ਬਾਅਦ ਸਭ ਤੋਂ ਵੱਧ ਟੈਕਸ ਸਿਗਰਟ ਵਰਗੇ ਤੰਬਾਕੂ ਉਤਪਾਦਾਂ ਤੋਂ ਮਿਲਦਾ ਹੈ। ਪਰ ਹੈਰਾਨ ਪ੍ਰੇਸ਼ਾਨ ਕਰਦਾ ਸੱਚ ਇਹ ਹੈ ਕਿ ਇਸ ਟੈਕਸ ਦੀ ਰਕਮ ਨਾਲੋਂ ਕਿਤੇ ਵੱਧ ਹੈ ਤੰਬਾਕੂ ਨਾਲ ਹੋਣ ਬਿਮਾਰੀਆਂ ਦੇ ਇਲਾਜ 'ਤੇ ਸਰਕਾਰ ਵਲੋਂ ਕੀਤਾ ਜਾਂਦਾ ਖਰਚਾ।

ਅੰਕੜਿਆਂ ਦੇ ਹਿਸਾਬ ਨਾਲ ਪਿਛਲੇ ਸਾਲ ਸਰਕਾਰ ਨੂੰ ਤੰਬਾਕੂ ਉਤਪਾਦਾਂ ਤੋਂ ਟੈਕਸ ਦੇ ਰੂਪ ਵਿੱਚ 12 ਹਜ਼ਾਰ ਕਰੋੜ ਰੁਪਏ ਮਿਲੇ, ਪਰ ਤੰਬਾਕੂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ 'ਤੇ ਆਮ ਲੋਕਾਂ ਨੇ 1 ਲੱਖ 4 ਹਜ਼ਾਰ ਕਰੋੜ ਰੁਪਏ ਤੇ ਸਰਕਾਰ ਨੇ ਵੱਖਰੇ 3 ਹਜ਼ਾਰ ਕਰੋੜ ਰੁਪਏ ਖਰਚੇ।ਸਰਕਾਰ ਨੂੰ ਤੰਬਾਕੂ ਉਤਪਾਦਾਂ ਦਾ 85 ਫੀਸਦੀ ਟੈਕਸ ਸਿਗਰਟ ਤੋਂ ਅਤੇ ਬਾਕੀ 15 ਫੀਸਦੀ ਹੋਰ ਤੰਬਾਕੂ ਉਤਪਾਦਾਂ ਤੋਂ ਮਿਲਦਾ ਹੈ, ਜਿਹਨਾਂ ਵਿੱਚ ਬੀੜੀ, ਗੁਟਖਾ, ਜਰਦਾ ਆਦਿ ਸ਼ਾਮਲ ਨੇ। ਸਰਕਾਰ ਦੀ ਇਹ ਧਾਰਨਾ ਹੈ ਕਿ ਤੰਬਾਕੂ ਉਤਪਾਦਾਂ ਦੀ ਵਿਕਰੀ ਤਾਂ ਹੀ ਘਟੇਗੀ ਜੇ ਇਹਨਾਂ 'ਤੇ ਟੈਕਸਾਂ ਦਾ ਬੋਝ ਵਧਾਇਆ ਜਾਵੇਗਾ, ਪਰ ਸਰਕਾਰ ਦੀ ਇਹ ਧਾਰਨਾ ਲਗਾਤਾਰ ਫੇਲ੍ਹ ਹੁੰਦੀ ਆਈ ਹੈ। ਸਾਲ 2010-11 ਵਿੱਚ ਸਿਗਰਟ 'ਤੇ ਐਕਸਾਈਜ਼ ਡਿਊਟੀ ਵਿੱਚ 11 ਫੀਸਦੀ ਵਾਧਾ ਕੀਤਾ ਗਿਆ ਸੀ, ਉਸ ਸਾਲ ਸਿਗਰਟ ਵਿਕੀ 11,186 ਕਰੋੜ ਰੁਪਏ ਦੀ, ਅਗਲੇ ਸਾਲ ਭਾਵ 2011-12 ਵਿੱਚ ਐਕਸਾਈਜ਼ ਡਿਊਟੀ 18 ਫੀਸਦੀ ਹੋਰ ਵਧਾ ਦਿੱਤੀ ਗਈ, ਕਿਹਾ ਗਿਆ ਕਿ ਇਸ ਨਾਲ ਸਿਗਰਟ ਦੀ ਵਿਕਰੀ ਘਟੂ, ਪਰ ਵਿਕਰੀ ਵਧੀ ਇਸ ਸਾਲ ਸਿਗਰਟ ਵਿਕੀ 11,616 ਕਰੋੜ ਰੁਪਏ ਦੀ, ਫੇਰ ਉਸ ਤੋਂ ਅਗਲੇ ਸਾਲ ਟੈਕਸ 12 ਫੀਸਦੀ ਹੋਰ ਵਧਾ ਦਿੱਤਾ ਗਿਆ, ਪਰ ਸਿਗਰਟ ਦੀ ਵਿਕਰੀ ਵਿੱਚ ਕੋਈ ਫਰਕ ਨਹੀਂ ਪਿਆ, ਸਗੋਂ ਹੋਰ ਵਾਧਾ ਹੋਇਆ, ਉਸ ਸਾਲ ਸਿਗਰਟ ਦੀ ਵਿਕਰੀ 'ਤੇ ਜਨਤਾ ਨੇ 11,917 ਕਰੋੜ ਰੁਪਏ ਖਰਚੇ।

ਭਾਰਤ ਵਿੱਚ ਡਬਲਯੂ ਐਚ ਓ ਦੇ ਪ੍ਰਤੀਨਿਧੀ ਡਾ. ਨਾਤਾ ਮਨਾਬਦੇ ਦਾ ਕਹਿਣਾ ਹੈ ਕਿ ਸਰਕਾਰੀ ਰਿਪੋਰਟਾਂ ਹੀ ਦੱਸਦੀਆਂ ਨੇ ਕਿ ਭਾਰਤ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 20 ਫੀਸਦੀ ਤੰਬਾਕੂ ਉਤਪਾਦਾਂ ਨਾਲ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਨਾਲ ਹੁੰਦੀਆਂ ਨੇ, ਇਥੇ ਹਰ ਸਾਲ ਸਿਰਫ ਸਿਗਰਟ ਦੀ ਵਜ੍ਹਾ ਕਰਕੇ ਹੀ ਸਾਹ ਨਾਲ਼ੀ ਤੇ ਫੇਫੜਿਆਂ ਦੀਆਂ ਬਿਮਾਰੀਆਂ ਨਾਲ 10 ਲੱਖ ਮੌਤਾਂ ਹੁੰਦੀਆਂ ਨੇ, ਇਕ ਹੀ ਵਰ੍ਹੇ ਵਿੱਚ ਏਨੀਆਂ ਜਾਨਾਂ ਦਾ ਖੌਅ ਬਣਦੀ ਹੈ, ਇਹ ਸਿਗਰਟ, ਸਿਰਫ ਭਾਰਤ ਵਿੱਚ। ਭਾਰਤ ਵਿੱਚ ਪੂਰੀ ਦੁਨੀਆ ਨਾਲੋਂ ਸਭ ਤੋਂ ਸਸਤੀ ਸਿਗਰਟ ਵਿਕਦੀ ਹੈ, ਮੀਡੀਅਮ ਸਾਈਜ਼ ਦੀ ਸਿਗਰਟ ਦੀ ਡੱਬੀ ਭਾਰਤ ਵਿੱਚ ਡੇਢ ਸੌ ਰੁਪਏ ਦੀ ਵਿਕਦੀ ਹੈ, ਉਹੀ ਡੱਬੀ ਅਮਰੀਕਾ ਵਿੱਚ ਢਾਈ ਸੌ ਰੁਪਏ ਦੀ ਹੈ। ਭਾਰਤ ਵਿੱਚ 19 ਫੀਸਦੀ ਸਿਗਰਟ ਤੇ ਹੋਰ ਤੰਬਾਕੂ ਉਤਪਾਦ ਬਿਨਾ ਟੈਕਸ ਦਿੱਤਿਆਂ ਬਲੈਕ ਮਾਰਕਿਟ ਵਿੱਚ ਵਿਕਦੇ ਨੇ, ਇਸ 'ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਲੱਗ ਸਕਿਆ। ਸਗੋਂ ਸਰਕਾਰ ਟੈਕਟ ਵਾਲੇ ਖੁੰਢੇ ਹੋ ਚੁੱਕੇ ਹਥਿਆਰ ਦੇ ਬਲਬੂਤੇ ਹੀ ਤੰਬਾਕੂ ਨਾਲ ਲੜਾਈ ਲੜਨਾ ਚਾਹੁੰਦੀ ਹੈ।

ਐਤਕੀਂ ਬਜਟ ਸੈਸ਼ਨ ਦੌਰਾਨ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਸਿਗਰਟ 'ਤੇ ਐਕਸਾਈਜ਼ ਡਿਊਟੀ ਵਧਾਉਣ ਨਾਲ ਜੇ ਸਿਗਰਟ ਦਾ ਕਾਰੋਬਾਰ ਠੱਪ ਹੁੰਦਾ ਹੈ ਤਾਂ ਹੋ ਜਾਵੇ, ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ, ਪਰ ਇਸ ਟੈਕਸ ਵਾਧੇ ਨਾਲ ਵਿਕਰੀ ਜ਼ਰੂਰ ਘਟੂ, ਹਾਲਾਤ ਉਹੀ ਰਹਿਣੇ ਨੇ, ਜੋ ਪਹਿਲਾਂ ਦੱਸ ਚੁੱਕੇ ਹਾਂ।

### * ਅਰੁੰਧਤੀ ਰਾਏ ਨੇ ਗਾਂਧੀ ਨੂੰ ਫਿਰ ਕਿਹਾ ਜਾਤੀਵਾਦੀ

ਮਹਾਤਮਾ ਗਾਂਧੀ ਨੂੰ ਜਾਤੀਵਾਦੀ ਆਖਣ ਵਾਲੀ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ ਇਕ ਵਾਰ ਫੇਰ ਗਾਂਧੀ ਨੂੰ ਜਾਤੀਵਾਦੀ ਆਖਦਿਆਂ ਉਹਨਾਂ ਦੀ ਸਖਤ ਸ਼ਬਦਾਂ ਵਿੱਚ ਅਲੋਚਨਾ ਕੀਤੀ ਤੇ ਕਿਹਾ ਕਿ ਹੁਣ ਉਹ ਵੇਲਾ ਆ ਗਿਆ ਹੈ ਕਿ ਗਾਂਧੀ ਦੇ ਨਾਂ 'ਤੇ ਬਣੇ ਵਿੱਦਿਅਕ ਅਦਾਰਿਆਂ ਦੇ ਨਾਮ ਬਦਲਣੇ ਚਾਹੀਦੇ ਨੇ। ਇਸ ਦੀ ਸ਼ੁਰੂਆਤ ਕੇਰਲ ਦੀ ਮਹਾਤਮਾ ਗਾਂਧੀ ਯੂਨੀਵਰਸਿਟੀ ਦਾ ਨਾਮ ਬਦਲ ਕੇ ਕਰਨੀ ਚਾਹੀਦੀ ਹੈ। ਅਰੁੰਧਤੀ ਨੇ ਇਹ ਗੱਲ ਕਰਦਿਆਂ ਗਾਂਧੀ ਦੇ 1936 'ਚ ਲਿਖੇ ਲੇਖ 'ਦਿ ਆਈਡਲ ਭੰਗੀ' ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਲੇਖ ਵਿੱਚ ਗਾਂਧੀ ਨੇ ਸਫਾਈ ਕਰਨ ਵਾਲਿਆਂ ਨੂੰ ਮਲ-ਮੂਤਰ ਨੂੰ ਖਾਦ ਵਿੱਚ ਬਦਲਣ ਦੀ ਸਲਾਹ ਦਿੱਤੀ ਸੀ, ਜਿਸ ਤੋਂ ਉਹਨਾਂ ਦਾ ਹਰੀਜਨਾਂ ਪ੍ਰਤੀ ਵਿਹਾਰ ਤੇ ਜਾਤੀਪ੍ਰਥਾ ਦਾ ਸਮਰਥਕ ਹੋਣ ਦਾ ਪਤਾ ਲੱਗਦਾ ਹੈ।

# ਔਰਤਾਂ ਦੇ ਪੇਡੂ 'ਚ ਦਰਦ(PID) ਦਾ ਹੱਲ ਹੈ ਕੋਈ?



ਲਗਭਗ ਇਕ ਤਿਹਾਈ ਔਰਤਾਂ ਆਪਣੇ ਜੀਵਨ ਅਰਸੇ ਦੌਰਾਨ ਕਦੀ ਨਾ ਕਦੀ ਪੇਡੂ ਦੇ ਦਰਦ ਤੋਂ ਪੀੜਤ ਮਹਿਸੂਸ ਕਰਦੀਆਂ ਹਨ। ਪਹਿਲਾਂ ਜਦ ਵੀ ਉਹ ਇਸ ਦਰਦ ਦੀ ਸ਼ਕਾਇਤ ਆਪਣੇ ਪ੍ਰੀਵਾਰਿਕ ਮੈਂਬਰਾਂ ਨੂੰ ਕਰਦੀਆਂ ਹਨ ਤਾਂ ਅਕਸਰ ਉਹਨਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ ਦਰਦ ਉਹਨਾਂ ਦੇ ਦਿਮਾਗ ਵਿਚ ਹੈ ਪਰ ਹੁਣ ਅਧੁਨਿਕ ਮਸ਼ੀਨਾਂ ਤੇ ਜਾਂਚ ਰਾਹੀ ਖ਼ਤਰਨਾਕ ਦਰਦ ਤੇ ਇਸ ਦੇ ਕਾਰਣ ਨੂੰ ਭਾਂਪ ਲਿਆ ਜਾਂਦਾ ਹੈ ਜਿਸ ਦਾ ਨਾਂ ਹੈ ਪੈਲਵਿਕ ਕੰਜੇਕਸ਼ਨ ਸਿੰਡਰੋਮ। ਦਰਅਸਲ ਇਸ PIS ਦਾ ਸਬੰਧ ਪੈਲਵਿਕ (ਪੇਡੂ) ਹਿੱਸੇ ਨਾਲ ਹੈ। ਜਿਸ ਦੀ ਜਾਂਚ ਤੋਂ ਪਹਿਲਾਂ ਏਨਾਂ ਧਿਆਨ ਨਹੀਂ ਦਿੱਤਾ ਜਾਂਦਾ ਸੀ ਤੇ ਔਰਤਾਂ ਇਸ ਦਰਦ ਨਾਲ ਲਾਚਾਰ ਹੋ ਕੇ ਰਹਿ ਜਾਂਦੀਆਂ ਸਨ। ਜੇ ਇਸ ਦੇ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਅਨੇਕਾਂ ਕਾਰਨ ਹੋ ਸਕਦੇ ਹਨ ਪਰ ਇਕ ਵੱਡਾ ਕਾਰਣ ਹੁੰਦਾ ਹੈ- ਅੰਡੇਦਾਨੀ (ਓਵਰੀ) 'ਚ ਕੁਝ ਵਹਿਨੀਆਂ ਆਜੇਹੀਆਂ ਹੁੰਦੀਆਂ ਹਨ। ਜੋ ਕਿ ਸਹੀ ਢੰਗ ਨਾਲ ਕੰਮ ਨਹੀਂ ਕਰਦੀਆਂ ਤੇ ਖੂਨ ਨੂੰ ਜਮਾਅ ਦਿੰਦੀਆਂ ਹਨ। ਇਹ ਹਾਲਤ ਅਜੇਹੀ ਹੁੰਦੀ ਹੈ ਜਿਵੇਂ ਕਿ ਲੱਤਾਂ-ਪੈਰਾਂ 'ਚ ਨਾੜਾ ਦਾ ਫੁਲਣਾ (ਵੈਰੀਕੋਸ ਵੇਨਸ ਹੋਣਾ) ਪਰ ਇਸ ਸਮੱਸਿਆ ਨਾਲ ਬੱਚੇਦਾਨੀ ਨੂੰ ਨੁਕਸਾਨ ਹੋ ਸਕਦਾ ਹੈ। ਅਸਲ 'ਚ ਸਰੀਰ 'ਚ ਕਈ ਰਕਤ ਵਾਹਿਨੀਆਂ ਹੁੰਦੀਆਂ ਹਨ, ਜਿਹਨਾਂ 'ਚ ਛੋਟੇ-ਛੋਟੇ ਵਾਲਵ ਹੁੰਦੇ ਹਨ ਜੋ ਕਿ ਬਲੱਡ ਸਪਲਾਈ ਸਹੀ ਦਿਸ਼ਾ 'ਚ ਪਹੁੰਚਾਉਂਦੇ ਹਨ ਤਾਂ ਕਿ ਖੂਨ ਦਿਲ ਤਕ ਪਹੁੰਚਦਾ ਰਹੇ। ਵਾਲਵ ਉਸ ਛੋਟੇ ਦਰਵਾਜ਼ੇ ਵਾਗੂੰ ਹੁੰਦੀ ਹੈ, ਜੋ ਖੂਨ ਦੀ ਸਪਲਾਈ ਅੱਗੇ ਜਾਂਦਿਆਂ ਹੀ ਬੰਦ ਹੋ ਜਾਂਦਾ ਹੈ। ਤਾਂਕਿ ਖੂਨ ਉਲਟਾ ਦਿਸ਼ਾ 'ਚ ਨਾ ਵਹਿ ਸਕੇ। ਪਰ ਜਦ ਖੂਨ ਵਾਲਵ ਦੇ ਅੰਦਰ ਹੀ ਜਮ੍ਹਾਂ ਹੋ ਜਾਂਦਾ ਹੈ ਤੇ ਇਕ ਆਮ ਪ੍ਰਕ੍ਰਿਆ ਵਾਗੂੰ ਵਹਿ ਨਹੀਂ ਸਕਦਾ ਹੈ। ਅਜਿਹੇ ਵਿਚ ਪੈਲਵਿਕ (ਪੇਡੂ) ਭਾਗ ਵਿਚ ਵੀ ਜਦ ਅਜੇਹੀਆਂ ਰਕਤ ਵਹਿਣੀਆਂ ਦਾ ਝੁਰਮਟ ਹੋ ਜਾਂਦਾ ਹੈ ਤਾਂ ਉਸ ਨੂੰ ਪੈਲਵਿਕ ਕੰਜੈਕਸ਼ਨ ਸਿੰਡਰੋਮ ਕਿਹਾ ਜਾਂਦਾ ਹੈ।

ਖ਼ਤਰਾ ਇਸ ਦਾ ਹੁੰਦਾ ਹੈ ਕੋਈ? ਲਗਭਗ 20 ਤੋਂ 50 ਸਾਲਾਂ ਦੀਆਂ ਸਾਰੀਆਂ ਔਰਤਾਂ 'ਚ ਪੈਲਵਿਕ ਕੰਜੈਕਸ਼ਨ ਸਿੰਡਰੋਮ ਤਾਂ ਹੁੰਦਾ ਹੀ ਹੈ ਪਰ ਇਹ ਜ਼ਰੂਰੀ ਨਹੀਂ ਹੈ ਕਿ ਸਾਰਿਆਂ 'ਚ ਇਹ ਲੱਛਣ ਉਭਰਨ ਵੈਸੇ ਇਸ ਦੀ ਸ਼ਨਾਖ਼ਤ (ਨਿਧਾਨ) ਇਸ ਲਈ ਮੁਸ਼ਕਲ ਹੁੰਦੀ ਹੈ ਕਿਉਂਕਿ ਪੈਲਵਿਕ ਅਲਟ੍ਰਾਸਾਊਂਡ ਦੌਰਾਨ ਜੇ ਔਰਤਾਂ ਲੇਟ ਜਾਂਦੀਆਂ ਹਨ ਤਾਂ ਵੇਰੀਕੋਜ਼ ਪਾਲਵੈਕ (ਫੁਲੀਆ ਹੋਈਆਂ ਨਸਾਂ) ਦਿਸਦੀਆਂ ਨਹੀਂ ਹਨ ਤੇ ਜਾਂਚ ਬੇਕਾਰ ਹੋ ਜਾਂਦੀ ਹੈ। ਪੈਲਵਿਕ ਕੰਜੈਕਸ਼ਨ ਸਿੰਡ੍ਰੋਮ ਨਾਲ ਜੂਝ ਰਹੀਆਂ ਔਰਤਾਂ ਆਪਣੀ ਜਿੰਦਗੀ ਦੇ ਕਈ ਸਾਲ ਇਹੀ ਜਾਨਣ ਵਿਚ ਲਾ ਦਿੰਦੀਆਂ ਹਨ ਕਿ ਉਹਨਾਂ ਨੂੰ ਇਹ ਭਿਆਨਕ ਦਰਦ ਹੋ ਕਿਉਂ ਰਿਹਾ ਹੈ? ਇਸ ਨਾਲ ਉਹਨਾਂ ਨੂੰ ਤਕਲੀਫ਼ ਹੁੰਦੀ ਹੀ ਹੈ, ਨਾਲ ਹੀ ਉਸਦੇ ਸ਼ੁਭ ਚਿੰਤਕਾਂ ਤੇ ਪ੍ਰੀਵਾਰਿਕ ਮੈਂਬਰਾਂ ਨੂੰ ਵੀ ਮਾਨਸਿਕ ਦੁੱਖ ਹੁੰਦਾ ਹੈ। ਕਾਰਣ ਨਾ ਪਤਾ ਹੋਣ ਕਰਕੇ ਇਲਾਜ਼ ਮੁਹੱਈਆਂ ਹੋਣ ਦੇ ਬਾਵਜੂਦ ਵੀ ਔਰਤਾਂ ਨੂੰ ਸਹੀ ਇਲਾਜ਼ ਨਹੀਂ ਮਿਲਦਾ।

ਲੱਛਣ ਕੀ ਹੁੰਦੇ ਹਨ- ਵੈਸੇ ਤਾਂ ਰੋਗੀ ਇਹ ਦਰਦ ਅਕਸਰ ਮਹਿਸੂਸ ਕਰਦੀ ਹੀ ਰਹਿੰਦੀ ਹੈ ਪਰ ਹੇਠ ਲਿਖੇ ਕਾਰਣ ਕਰਕੇ ਕਮਰ ਦੇ ਹੇਠਾਂ ਤੇ ਪੇਡੂ ਵਾਲੇ ਹਿੱਸੇ ਵਿਚ ਦਰਦ ਬਦ ਤੋਂ ਬਦਤਰ ਹੋ ਜਾਂਦਾ ਹੈ। ਸੰਭੋਗ ਸਮੇਂ, ਮਹਾਂਵਾਰੀ ਦੌਰਾਨ, ਯੋਨੀ ਦੇ ਦਰਦ (ਲਕੋਰੀਆਂ ਆਦਿ) ਸਮੇਂ, ਖੜ੍ਹੇ ਹੋਣ ਵਾਲੀ ਥਕਾਵਟ ਦੌਰਾਨ, ਗਰਭ ਅਵਸਥਾ, ਕੁਲਿਆ ਜਾਂ ਪਿੰਜਣੀਆਂ ਹੋਣ ਵਾਲੀ ਥਕਾਵਟ ਦੌਰਾਨ, ਗਰਭ ਅਵਸਥਾ, ਕੁਲਿਆ ਜਾਂ ਪਿੰਜਣੀਆਂ 'ਚ ਵੇਰੀਕੋਜ਼ ਵੇਨ (ਨਸਾਂ ਦੇ ਗੁੱਛੇ) ਹੋਣਾ, ਬਲੈਡਰ ਅਸਹਿਜਤਾ।

ਖਤਰਾ- ਉਹ ਔਰਤਾਂ ਜੋ ਦੋ ਵਾਰੀ ਗਰਭਵਤੀ ਹੋ ਚੁੱਕੀਆਂ ਹੁੰਦੀਆਂ ਹਨ, ਜਿਹਨਾਂ ਨੂੰ ਪਹਿਲਾਂ ਤੋਂ ਹੀ ਵੇਰੀਕੋਜ਼ ਵੇਨ ਦੀ ਸਮੱਸਿਆ ਹੈ। ਹਾਰਮੋਨਜ਼ ਅਸੰਤੁਲਨ, ਪੋਲੀਸਿਸਟਕ ਅੰਡੇਦਾਨੀ(Polycystic Ovary) ਆਦਿ।

ਰੋਗ ਦੀ ਸ਼ਨਾਖ਼ਤ ਕਿਵੇਂ ਹੋਵੇ? ਪੈਲਵਿਕ ਵੇਨੋਗ੍ਰਾਫੀ, ਐਮ. ਆਰ. ਆਈ., ਪੈਲਵਿਕ ਅਲਟ੍ਰਾਸਾਊਂਡ, ਟਰਾਂਸਵਿਜਾਈਨਾਲ ਅਲਟ੍ਰਾਸਾਊਂਡ ਆਦਿ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਇਲਾਜ- ਇਸ ਮਰਜ ਦਾ ਇਲਾਜ ਹੋਣ ਪਿੱਛੋਂ ਇੰਟਰ ਵੇਂਸ਼ਨਲ ਰੇਡੀਓਲੋਜੀ ਦੀ ਮੱਦਦ ਨਾਲ ਇਸ ਦਾ ਇਲਾਜ਼ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਅਮਲ 'ਚ ਮਰੀਜ਼ ਨੂੰ ਬਹੋਸ਼ ਨਹੀਂ ਕੀਤਾ ਜਾਂਦਾ ਹੈ ਤੇ ਔਰਤ ਨੂੰ ਹਸਪਤਾਲ 'ਚ ਸਿਰਫ਼ ਇਕ ਦਿਨ ਹੀ ਰੁਕਣਾ ਪੈਂਦਾ ਹੈ।

ਇਸ ਪ੍ਰਕ੍ਰਿਆ ਪਿੱਛੋਂ ਜ਼ਿਆਦਾਤਰ ਔਰਤਾਂ ਇਕ ਤੋਂ ਤਿੰਨ ਦਿਨਾਂ 'ਚ ਆਮ ਰੂਪ 'ਚ ਕੰਮ ਕਰਨ ਲਗਦੀਆਂ ਹਨ। ਦਰਅਸਲ ਇਸ ਅਮਲ ਦੌਰਾਨ ਇਕ ਇੰਟਰਵੈਨਸ਼ਨਲ ਰੇਡੀਓਲੋਜ਼ਿਸਟ ਚਮੜੀ 'ਤੇ ਇਕ ਅਤੀ ਸੂਖਮ ਸੁਰਾਖ ਕਰਕੇ ਪੇਟ ਦੇ ਹੇਠਲੇ ਹਿੱਸੇ ਤੋਂ ਨਾਲੀ (ਕੈਥੀਟਰ) ਪਾ ਕੇ ਏਂਜਿਓਗ੍ਰਾਫੀ ਕਰਦਾ ਹੈ। ਫ਼ਿਰ ਪ੍ਰਭਾਵਿਤ ਵੇਨ ਤਕ ਛੋਟਾ ਜਿਹਾ ਛੱਲਾ (Coil or Stent) ਪਾਇਆ ਜਾਂਦਾ ਹੈ ਜੋ ਕਿ ਅਕਸਰ ਪੈਰਾਂ 'ਚ ਵੀ ਵੈਰਕੋਜ਼ ਵੇਨ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ। ਇਸ ਛੱਲੇ (Coil) ਨਾਲ ਵੇਰੀਕੋਜ਼ ਵੇਨ ਨੂੰ ਠੀਕ ਕਰ ਦਿੱਤਾ ਜਾਂਦਾ ਹੈ।

ਲਾਭ- ਇਸ ਖਾਤਰ ਬੇਹੋਸ਼ ਕਰਨ ਦੀ ਲੋੜ ਨਹੀਂ ਪੈਂਦੀ ਚਮੜੀ 'ਤੇ ਇਕ ਬ੍ਰੀਕ ਸੁਰਾਖ ਕਰਕੇ ਇਹ ਅਮਲ ਕੀਤਾ ਜਾਂਦਾ ਹੈ। ਰੋਗੀ ਦੂਜੀਆਂ ਤਕਨੀਕਾਂ ਦੇ ਮੁਕਾਬਲਤਨ ਛੇਤੀ ਠੀਕ ਹੁੰਦੇ ਹਨ। ਪੇਟ 'ਤੇ ਅਪ੍ਰੇਸਣ ਦਾ ਕੋਈ ਦਾਗ ਨਹੀਂ ਰਹਿੰਦਾ। ਇਸ ਤਕਨੀਕ ਨੂੰ ਵਾਰ-ਵਾਰ ਕਰਨ ਦੀ ਲੋੜ ਨਹੀਂ ਰਹਿੰਦੀ। ਖੂਨ ਦਾ ਕੋਈ ਨੁਕਸਾਨ ਜਾਂ ਖੂਨ ਚੜ੍ਹਾਉਣ ਦਾ ਕੋਈ ਖ਼ਤਰਾ ਨਹੀਂ ਰਹਿੰਦਾ। ਇਹ ਪ੍ਰੀਕ੍ਰਿਆ ਰੋਗੀਆਂ ਲਈ ਭਾਵੁਕ, ਆਰਥਕ ਤੇ ਸ਼ਰੀਰਕ ਤੌਰ 'ਤੇ ਪੂਰੀ ਤਰ੍ਹਾਂ ਫਾਇਦੇਮੰਦ ਸਾਬਤ ਹੋਈ ਹੈ।

ਕੁਝ ਜ਼ਰੂਰੀ ਗੱਲਾਂ- ਪੈਲਵਿਕ ਕੰਜੇਕਸ਼ਨ ਸਿੰਡ੍ਰੋਮ ਤੋਂ ਪੀੜਤ ਔਰਤਾਂ ਲਗਭਗ 45 ਸਾਲ ਤੋਂ ਘੱਟ ਉਮਰ ਦੀਆਂ ਹੁੰਦੀਆਂ ਹਨ ਅਤੇ ਉਹਨਾਂ 'ਚ ਪ੍ਰਜਨਣ ਸਮਰੱਥਾ ਵੀ ਬਰਕਰਾਰ ਰਹਿੰਦੀ ਹੈ। ਬੱਚੇਦਾਨ 'ਚ ਮੌਜੂਦ ਵੇਰੀਕੋਜ਼ ਗਰਭਧਾਰਣ ਦੇ ਕਾਰਣ ਵਧ ਜਾਂਦੀਆਂ ਹਨ ਅਤੇ ਅਜਹੇ ਕੇਸ਼ 'ਚ ਪੈਲਵਿਕ ਕੰਜ਼ੇਕਸ਼ਨ ਸਿੰਡ੍ਰੋਮ ਘੱਟ ਪਾਇਆ ਜਾਂਦਾ ਹੈ ਜਿਥੇ ਗਰਭਧਾਰਣ ਨਾ ਕੀਤਾ ਗਿਆ ਹੋਵੇ।

ਔਰਤਾਂ ਰੋਗਾਂ ਦੇ ਮਾਹਰਾਂ ਪਾਸ ਆਉਣ ਵਾਲੀਆਂ ਔਰਤਾਂ 'ਚੋਂ 15 ਫੀਸਦੀ ਔਰਤਾਂ ਪੈਲਵਿਕ ਕੰਜ਼ੇਕਸ਼ਨ ਸਿੰਡ੍ਰੋਮ ਦਾ ਸ਼ਿਕਾਰ ਹੁੰਦੀਆਂ ਹਨ। ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਕ੍ਰੋਨਿਕ ਪੈਲਵਿਕ ਪੇਨ (ਦਰਦ) ਦੇ 30 ਫੀਸਦੀ ਕੇਸਾਂ 'ਚ ਦਰਦ ਦਾ ਕਾਰਨ ਪੈਲਵਿਕ ਕੰਜ਼ੇਕਸ਼ਨ ਸਿੰਡ੍ਰੋਮ ਹੀ ਹੁੰਦਾ ਹੈ ਬਾਕੀ ਦੇ ਹੋਰ 15 ਫੀਸਦੀ 'ਚ ਹੋਰ ਕਾਰਣ ਵੀ ਹੋ ਸਕਦੇ ਹਨ।



# ਹੋਮੀਓਪੈਥੀ ਗੈਰ ਵਿਗਿਆਨਕ ਹੈ



ਮੇਘ ਰਾਜ ਮਿੱਤਰ
ਫੋਨ ਨੰ: 98887-87440

ਹੋਮੀਓਪੈਥੀ ਬਾਰੇ ਵਿਚਾਰ ਪ੍ਰਗਟ ਕਰਨ ਤੋਂ ਪਹਿਲਾਂ ਮੈਂ ਤੁਹਾਨੂੰ ਇਹਨਾਂ ਦਵਾਈਆਂ ਨੂੰ ਤਿਆਰ ਕਰਨ ਦੀ ਵਿਧੀ ਬਾਰੇ ਦੱਸਣਾ ਚਾਹੁੰਦਾ ਹਾਂ। ਹੋਮੀਓਪੈਥੀ ਵਿੱਚ ਦਵਾਈਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਇਹਨਾਂ ਵਿੱਚੋਂ ਇੱਕ ਸਾਧਾਰਣ ਦਵਾਈ, ਖਾਣ ਵਾਲਾ ਲੂਣ ਹੁੰਦਾ ਹੈ। ਇਸ ਨੂੰ ਨੈਟਰਮ ਮਿਉਰ ਕਿਹਾ ਜਾਂਦਾ ਹੈ। ਸਾਰੀਆਂ ਦਵਾਈਆਂ ਦੀ ਤਿਆਰ ਕਰਨ ਦੀ ਵਿਧੀ ਇੱਕੋ ਜਿਹੀ ਹੀ ਹੁੰਦੀ ਹੈ। ਇਸ ਲਈ ਅਸੀਂ 'ਨੈਟਰਮ ਮਿਉਰ' ਨੂੰ ਇੱਕ ਉਦਾਹਰਣ ਦੇ ਤੌਰ 'ਤੇ ਲਵਾਂਗੇ ਅਤੇ ਇਸ ਨੂੰ ਤਿਆਰ ਕਰਨ ਦੀ ਵਿਧੀ ਦਾ ਵਰਣਨ ਹੀ ਕਰਾਂਗੇ।

ਤਿਆਰੀ - ਜੇ ਤੁਸੀਂ ਇੱਕ ਗਰਾਮ ਖਾਣ ਵਾਲੇ ਲੂਣ ਨੂੰ ਇੱਕ ਬਰਤਨ ਵਿੱਚ ਪਾ ਲਵੋ, ਇਸ ਵਿੱਚ 9 ਮਿਲੀਲਿਟਰ ਸਪਿਰਟ ਪਾ ਕੇ ਇਸਨੂੰ ਹਿਲਾ ਲਵੋ। ਇਸ ਤਰ੍ਹਾਂ ਇਹ ਲੂਣ ਅਤੇ ਸਪਿਰਟ ਦਾ ਇੱਕ ਮਿਸ਼ਰਣ ਬਣ ਜਾਵੇਗਾ ਅਤੇ ਇਸਦੀ ਪੁਟੈਂਸੀ (ਤਾਕਤ) 1X ਹੋਵੇਗੀ। ਇਸ ਘੋਲ ਵਿੱਚੋਂ ਇੱਕ ਮਿਲੀਲਿਟਰ ਘੋਲ ਕਿਸੇ ਹੋਰ ਬਰਤਨ ਵਿੱਚ ਪਾ ਲਵੋ ਅਤੇ ਉਸ ਵਿੱਚ 9 ਮਿਲੀਲਿਟਰ ਸਪਿਰਟ ਹੋਰ ਪਾ ਦੇਵੋ ਅਤੇ ਇਸਨੂੰ ਹਿਲਾਓ। ਇਹ ਤੁਹਾਡੀ 2X ਪੁਟੈਂਸੀ ਦੀ ਦਵਾਈ ਤਿਆਰ ਹੋ ਜਾਵੇਗੀ। ਦੋ ਪੁਟੈਂਸੀ ਦੀ ਦਵਾਈ ਵਾਲੇ ਬਰਤਨ ਵਿੱਚੋਂ 1 ਮਿਲੀਲਿਟਰ ਦਵਾਈ ਲੈ ਲਉ। ਉਸ ਵਿੱਚ 9 ਮਿਲੀਲਿਟਰ ਸਪਿਰਟ ਹੋਰ ਪਾ ਦੇਵੋ ਅਤੇ ਹਿਲਾਓ। ਇਹ ਤੁਹਾਡੀ 3X ਪੁਟੈਂਸੀ ਦੀ ਦਵਾਈ ਤਿਆਰ ਹੋ ਜਾਵੇਗੀ।

ਇਸ ਤਰ੍ਹਾਂ ਵਾਰ ਵਾਰ ਕਰਦੇ ਜਾਣ ਨਾਲ ਤੁਸੀਂ 30X, 100X, 200X, 1000X, 10000X, ਜਾਂ 100000X ਜਾਂ ਦਸ ਲੱਖ ਪੁਟੈਂਸੀ ਤੱਕ ਦੀਆਂ ਦਵਾਈਆਂ ਤਿਆਰ ਕਰ ਸਕਦੇ ਹੋ। ਜਿੰਨੀ ਕਿਸੇ ਦਵਾਈ ਦੀ ਪੁਟੈਂਸੀ ਵੱਧ ਹੋਵੇਗੀ, ਉਨਾਂ ਹੀ ਉਹ ਵੱਧ ਅਸਰਦਾਰ ਹੋਵੇਗੀ, ਇਸ ਗੱਲ ਦਾ ਦਾਅਵਾ ਸਾਰੇ ਹੋਮੀਓਪੈਥ ਕਰਦੇ ਹਨ। ਇਸ ਤਰ੍ਹਾਂ ਤਿਆਰ ਕੀਤੀ ਦਵਾਈ ਦਾ ਇੱਕ ਤੁਪਕਾ ਖੰਡ ਦੀਆਂ ਨਿੱਕੀਆਂ-ਨਿੱਕੀਆਂ ਗੋਲੀਆਂ ਵਿੱਚ ਪਾ ਕੇ ਤੁਹਾਨੂੰ ਇੱਕ ਦਿਨ, ਇੱਕ ਮਹੀਨੇ ਜਾਂ ਦੋ ਮਹੀਨੇ ਦੀ ਦਵਾਈ ਦੇ ਦਿੱਤੀ ਜਾਂਦੀ ਹੈ। ਅੰਦਾਜ਼ੇ ਅਨੁਸਾਰ ਜੇ ਅਸੀਂ ਧਰਤੀ ਦੇ ਸਮੁੱਚੇ ਆਕਾਰ ਤੋਂ 920 ਗੁਣਾ ਸਪਿਰਟ ਵਿੱਚ ਇੱਕ ਗ੍ਰਾਮ ਲੂਣ ਘੋਲ ਦਿੰਦੇ ਹਾਂ ਤੇ ਇਸ ਘੋਲ ਦਾ ਇੱਕ ਤੁਪਕਾ ਸਾਡੀ ਹੋਮੀਓਪੈਥੀ ਦੀ 30X ਪੁਟੈਂਸੀ ਦਵਾਈ ਹੁੰਦੀ ਹੈ।

ਆਉ ਵੇਖੀਏ ਇਸ ਤਰ੍ਹਾਂ ਤਿਆਰ ਕੀਤੀ ਦਵਾਈ ਵਿੱਚ ਦਵਾਈ ਦੀ ਕੋਈ ਮਾਤਰਾ ਹੁੰਦੀ ਵੀ ਹੈ ਜਾਂ ਨਹੀਂ। ਖਾਣ ਵਾਲੇ ਲੂਣ ਦਾ ਰਸਾਇਣਕ ਨਾਂ ਸੋਡੀਅਮ ਕਲੋਰਾਈਡ ਹੈ ਅਤੇ ਰਸਾਇਣਕ ਫਾਰਮੂਲਾ NaCl ਹੈ। ਸੋਡੀਅਮ ਦਾ ਇੱਕ ਪ੍ਰਮਾਣੂ ਅਤੇ ਕਲੋਰੀਨ ਦਾ ਇੱਕ ਪ੍ਰਮਾਣੂ ਮਿਲ ਕੇ ਸੋਡੀਅਮ ਕਲੋਰਾਈਡ ਦਾ ਇੱਕ ਅਣੂ ਬਣਾਉਂਦੇ ਹਨ। ਸੋਡੀਅਮ ਦਾ ਪ੍ਰਮਾਣੂ ਭਾਰ 23 ਅਤੇ ਕਲੋਰੀਨ ਦਾ ਪ੍ਰਮਾਣੂ ਭਾਰ 35.5 ਹੁੰਦਾ ਹੈ। ਇਸ ਤਰ੍ਹਾਂ ਸੋਡੀਅਮ ਕਲੋਰਾਈਡ ਦਾ ਅਣੂ ਭਾਰ 58.5 ਹੁੰਦਾ ਹੈ।

ਦੁਨੀਆਂ ਵਿੱਚ ਹੁਣ ਤੱਕ 106 ਤੱਤ ਲੱਭੇ ਜਾ ਚੁੱਕੇ ਹਨ। ਦੁਨੀਆਂ ਤੇ ਮਿਲਦੀਆਂ ਦਸ ਲੱਖ ਤੋਂ ਵੱਧ ਸਾਰੀਆਂ ਵਸਤੂਆਂ ਇਹਨਾਂ 106 ਮੁੱਢਲੇ ਤੱਤਾਂ ਤੋਂ ਬਣੇ ਰਸਾਇਣਕ ਪਦਾਰਥਾਂ ਦੀਆਂ ਬਣੀਆਂ ਹੁੰਦੀਆਂ ਹਨ। ਤੱਤਾਂ ਦੇ ਸਭ ਤੋਂ ਛੋਟੇ ਕਣਾਂ ਨੂੰ ਪ੍ਰਮਾਣੂ ਕਹਿੰਦੇ ਹਨ। ਇਸ ਤੋਂ ਅੱਗੇ ਇਹਨਾਂ ਦੀ ਵੰਡ ਤਾਂ ਹੋ ਸਕਦੀ ਹੈ ਪਰ ਉਹਨਾਂ ਦੇ ਛੋਟੇ ਛੋਟੇ ਕਣਾਂ ਵਿੱਚ ਵਸਤੂਆਂ ਦੇ ਗੁਣ ਨਹੀਂ ਹੁੰਦੇ। ਕਿਸੇ ਵਸਤੂ ਦੇ ਛੋਟੇ ਤੋਂ ਛੋਟੇ ਕਣ ਨੂੰ ਅਣੂ ਕਹਿੰਦੇ ਹਨ ਇਹ ਪ੍ਰਮਾਣੂਆਂ ਦੇ ਬਣੇ ਹੁੰਦੇ ਹਨ।

ਐਵੋਗੇਡਰੋ ਸੰਖਿਆ - ਸਕੂਲਾਂ ਦੀ ਨੌਵੀਂ ਸ਼੍ਰੇਣੀ ਦੀ ਕਿਤਾਬ ਰਸਾਇਣਕ ਵਿਗਿਆਨ ਦੇ ਇੱਕ ਨਿਯਮ ਅਨੁਸਾਰ ਕਿਸੇ ਵੀ ਪਦਾਰਥ ਦੇ ਗ੍ਰਾਮਾਂ ਵਿੱਚ ਅਣੂ ਭਾਰ ਵਿੱਚ ਅਣੂਆਂ ਦੀ ਸੰਖਿਆ $6.02X10^{23}$ ਹੁੰਦੀ ਹੈ। ਅੰਦਾਜ਼ਨ 6 ਨਾਲ ਤੇਈ ਸਿਫਰਾਂ ਹੁੰਦੀਆਂ ਹਨ।

58.5 ਗ੍ਰਾਮ ਲੂਣ ਵਿੱਚ ਅਣੂਆਂ ਦੀ ਸੰਖਿਆ= $6.02X10^{23}$

1 ਗ੍ਰਾਮ ਵਿੱਚ ਅਣੂਆਂ ਦੀ ਸੰਖਿਆ = $10^{22}$ (ਅੰਦਾਜਣ)

1X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ = $10^{22}$ (ਅੰਦਾਜਣ)

2X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ = $10^{21}$ (ਅੰਦਾਜਣ)

3X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ = $10^{20}$ (ਅੰਦਾਜਣ)

4X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ = $10^{19}$ (ਅੰਦਾਜਣ)

ਇਸ ਤਰ੍ਹਾਂ ਘਟਦੇ ਹੋਏ

22X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ = $10^{1}$= 10 (ਅੰਦਾਜਣ)

23X ਪੋਟੈਂਸੀ ਵਿੱਚ ਅਣੂਆਂ ਦੀ ਸੰਖਿਆ =$10^{0}$= 1 (ਅੰਦਾਜਣ)

ਇਸ ਤਰ੍ਹਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ 23X ਪੋਟੈਂਸੀ ਦੀ ਦਵਾਈ ਵਿੱਚੋਂ ਇੱਕ ਆਦਮੀ ਨੂੰ 1 ਅਣੂ ਮਿਲ ਸਕਦਾ ਹੈ।

24X ਪੋਟੈਂਸੀ ਦੀ ਦਵਾਈ ਵਿੱਚ 10 ਵਿਅਕਤੀਆਂ ਵਿੱਚੋਂ ਇੱਕ ਨੂੰ ਅਣੂ ਮਿਲ ਸਕਦਾ ਹੈ।

25X ਪੋਟੈਂਸੀ ਦੀ ਦਵਾਈ ਵਿੱਚੋਂ 100 ਵਿਅਕਤੀਆਂ ਵਿੱਚੋਂ ਇੱਕ ਨੂੰ ਅਣੂ ਮਿਲ ਸਕਦਾ ਹੈ।

ਦੁਨੀਆਂ ਭਰ ਦੇ ਤਰਕਸ਼ੀਲਾਂ ਵਿੱਚੋਂ ਬਹੁਤੇ ਸੰਸਾਰ ਪ੍ਰਸਿੱਧ ਤਰਕਸ਼ੀਲ ਹੋਮੀਓਪੈਥੀ ਨੂੰ ਗੈਰ ਵਿਗਿਆਨਕ ਹੀ ਮੰਨਦੇ ਹਨ, ਪਰ ਹੋਮੀਓਪੈਥੀ ਬਾਰੇ ਪੰਜਾਬ ਵਿੱਚ ਤਰਕਸ਼ੀਲ ਇੱਕ ਮੱਤ ਨਹੀਂ। ਬੀਤੇ ਦਿਨੀਂ ਤਰਕਸ਼ੀਲ ਸੁਸਾਇਟੀ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਸਾਥੀ ਸੁਖਵੰਤ ਵਿਛੋੜਾ ਦੇ ਗਿਆ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਜਦੋਂ ਉਹ ਡੀ. ਐਮ. ਸੀ ਹਸਪਤਾਲ ਲੁਧਿਆਣਾ ਵਿੱਚ ਦਾਖਲ ਸੀ ਤਾਂ ਉਸਨੇ ਮਿਲਣ ਆਏ ਤਰਕਸ਼ੀਲ ਸਾਥੀਆਂ ਨੂੰ ਦੱਸਿਆ ਕਿ ਅੱਜ ਮੇਰੀ ਜੋ ਸਥਿਤੀ ਹੈ ਉਸ ਦਾ ਮੁੱਖ ਰੂਪ ਵਿੱਚ ਦੋਸ਼ੀ ਇੱਕ ਹੋਮੀਓਪੈਥੀ ਦਾ ਡਾਕਟਰ ਹੀ ਹੈ ਜੋ ਮੇਰੀ ਬਿਮਾਰੀ ਨੂੰ ਬਾਹਰ ਕੱਢਣ ਦੇ ਨਾਂ ਤੇ ਹੋਮੀਓਪੈਥੀ ਦੀ ਦੀਵਾਈ ਦਿੰਦਾ ਰਿਹਾ ਤੇ ਅੰਤ ਨੂੰ ਜਦੋਂ ਮੇਰੀ ਹਾਲਤ ਅਜਿਹੀ ਹੋ ਗਈ ਤਾਂ ਮੈਨੂੰ ਜੁਆਬ ਦੇ ਦਿੱਤਾ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸੁਖਵੰਤ ਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ? ਕੀ ਉਸ ਨੂੰ ਇਸ ਸਥਿਤੀ ਵਿੱਚ ਪਹੁੰਚਾਉਣ ਵਾਲੇ ਡਾਕਟਰ ਨੂੰ ਕੋਈ ਸਜ਼ਾ ਨਹੀਂ ਮਿਲਣੀ ਚਾਹੀਦੀ?

ਇਹ ਕਹਾਣੀ ਇਕੱਲੇ ਸਾਥੀ ਸਖਵੰਤ ਦੀ ਨਹੀਂ ਹੈ, ਪੰਜਾਬ ਵਿੱਚ ਰੋਜ਼ ਸੈਂਕੜੇ ਅਣਭੋਲ ਲੋਕ ਅਜਿਹੀਆਂ ਗੈਰ ਵਿਗਿਆਨਕ ਪੈਥੀਆਂ ਦੇ ਮਗਰ ਲੱਗਕੇ ਆਪਣੀ ਮੌਤ ਨੂੰ ਅਵਾਜ਼ਾਂ ਮਾਰਦੇ ਨੇ। ਮੈਂ ਸਮਝਦਾ ਹਾਂ ਕਿ ਅਜਿਹੀਆਂ ਪੈਥੀਆਂ ਦੇ ਮਾਮਲੇ 'ਤੇ ਤਰਕਸ਼ੀਲਾਂ ਨੂੰ ਗੰਭੀਰ ਚਰਚਾ ਦੀ ਜ਼ਰੂਰਤ ਹੈ।

ਮੈਂ ਇਹ ਲੇਖ 1986 ਵਿੱਚ ਲਿਖਿਆ ਸੀ।

ਪਾਠਕਾਂ ਦੀ ਮੰਗ 'ਤੇ ਅਸੀਂ ਮੁੜ ਇਹ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ। ਮੇਰੇ ਬਹੁਤ ਸਾਰੇ ਗੂੜ੍ਹੇ ਮਿੱਤਰ ਹੋਮੀਓਪੈਥੀ ਦੀ ਪ੍ਰੈਕਟਿਸ ਵੀ ਕਰਦੇ ਹਨ, ਕੋਈ ਵੀ ਹੋਮੀਓਪੈਥ ਇਸ ਪੈਥੀ ਨੂੰ ਵਿਗਿਆਨਕ ਸਿੱਧ ਕਰਨ ਲਈ ਕੋਈ ਪ੍ਰੀਤਕ੍ਰਿਆ ਦੇਣੀ ਚਾਹੇਗਾ ਤਾਂ ਅਸੀਂ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕਰਾਂਗੇ। ਮੈਂ ਸਮਝਦਾ ਹਾਂ ਕਿ ਇਸ ਵਿਸ਼ੇ ਤੇ ਖੁਲ੍ਹਕੇ ਚਰਚਾ ਹੋਣੀ ਚਾਹੀਦੀ ਹੈ।

–ਮੇਘ ਰਾਜ ਮਿੱਤਰ




26X ਪੋਟੈਂਸੀ ਦੀ ਦਵਾਈ ਵਿੱਚੋਂ 1,000 ਵਿੱਚੋਂ ਇੱਕ ਨੂੰ ਇੱਕ ਅਣੂ ਮਿਲ ਸਕਦਾ ਹੈ।

27X ਪੋਟੈਂਸੀ ਦੀ ਦਵਾਈ ਵਿੱਚੋਂ 10,000 ਵਿੱਚੋਂ ਇੱਕ ਨੂੰ ਇੱਕ ਅਣੂ ਮਿਲ ਸਕਦਾ ਹੈ।

28X ਪੋਟੈਂਸੀ ਦੀ ਦਵਾਈ ਵਿੱਚੋਂ 1,00,000 ਵਿੱਚੋਂ ਇੱਕ ਨੂੰ ਇੱਕ ਅਣੂ ਮਿਲ ਸਕਦਾ ਹੈ।

29X ਪੋਟੈਂਸੀ ਦੀ ਦਵਾਈ ਵਿੱਚੋਂ 10,00000 ਵਿੱਚੋਂ ਇੱਕ ਨੂੰ ਇੱਕ ਅਣੂ ਮਿਲ ਸਕਦਾ ਹੈ।

30X ਪੋਟੈਂਸੀ ਦੀ ਦਵਾਈ ਵਿੱਚੋਂ 100,000,00 ਵਿੱਚੋਂ ਇੱਕ ਨੂੰ ਇੱਕ ਅਣੂ ਮਿਲ ਸਕਦਾ ਹੈ।

ਇਸ ਤਰ੍ਹਾਂ ਇੱਕ ਕਰੋੜ ਵਿਅਕਤੀਆਂ ਨੂੰ 30X ਪੋਟੈਂਸੀ ਦਵਾਈ ਵਰਤਾਉਣ ਨਾਲ ਹੋ ਸਕਦਾ ਹੈ ਇੱਕ ਵਿਅਕਤੀ ਦੇ ਹਿੱਸੇ ਇੱਕ ਅਣੂ ਆ ਜਾਵੇ ਕਿਉਂਕਿ ਦਵਾਈ ਦਾ ਇੱਕ ਤੁਪਕਾ ਹੀ ਵਰਤਾਉਣਾ ਹੈ। ਇਸ ਲਈ ਅਰਬਾਂ ਵਿਅਕਤੀਆਂ ਵਿੱਚੋਂ ਕਿਸੇ ਇੱਕ ਨੂੰ ਇੱਕ ਅਣੂ ਆ ਸਕਦਾ ਹੈ ਤੇ ਬਾਕੀ ਸਾਰਿਆਂ ਦੇ ਬਗੈਰ ਦਵਾਈ ਦੇ ਹੀ ਰਹਿ ਜਾਣ ਦੀ ਸੰਭਾਵਨਾ ਹੁੰਦੀ ਹੈ। 30X ਪੋਟੈਂਸੀ ਤੋਂ ਵੱਧ ਪੋਟੈਂਸੀ ਵਾਲੀਆਂ ਦਵਾਈਆਂ 100X, 200X, 1000X, 10000X, 1,00000X ਜਾਂ 10,00000X ਵਿੱਚ ਕਿਸੇ ਵੀ ਵਿਅਕਤੀ ਨੂੰ ਕੋਈ ਦਵਾਈ ਦਾ ਅਣੂ ਆਉਣ ਦਾ ਸੰਭਾਵਨਾ ਨਹੀਂ ਹੁੰਦੀ।

ਇਸ ਤਰ੍ਹਾਂ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ 23X ਪੋਟੈਂਸੀ ਹੋਮੀਓਪੈਥੀ ਦੀ ਦਵਾਈ ਵਿੱਚ ਵੱਧ ਤੋਂ ਵੱਧ ਇੱਕ ਅਣੂ ਹੁੰਦਾ ਹੈ। ਜੇ ਇਸ ਨੂੰ ਪ੍ਰਮਾਣੂਆਂ ਵਿੱਚ ਵੀ ਤੋੜ ਲਈਏ ਤਾਂ ਸਭ ਤੋਂ ਗੁੰਝਲਦਾਰ ਰਸਾਇਣਕ ਪਦਾਰਥ ਵਿੱਚ ਵੱਧ ਤੋਂ ਵੱਧ ਦਸ ਹਜ਼ਾਰ ਪ੍ਰਮਾਣੂ ਹੋ ਸਕਦੇ ਹਨ। ਜੇ ਅਸੀਂ ਇਸ ਨੂੰ ਇਲੈਕਟਰਾਨਾਂ, ਪ੍ਰੋਟਾਨਾਂ ਅਤੇ ਨਿਊਟਰਾਨਾਂ ਵਿੱਚ ਵੀ ਤੋੜ ਲਈਏ ਤਾਂ ਇਹਨਾਂ ਦੀ ਗਿਣਤੀ ਵੱਧ ਤੋਂ ਵੱਧ 86 ਬਣ ਸਕਦੀ ਹੈ। ਇਸ ਤੋਂ ਅੱਗੇ ਕਿਸੇ ਪਦਾਰਥ ਨੂੰ ਤੋੜਨ ਸੰਬੰਧੀ ਅਜੇ ਖੋਜ ਜਾਰੀ ਹੈ। ਉਂਝ ਅਣੂ ਦੇ ਟੁੱਟਣ ਤੋਂ ਬਾਅਦ ਉਸ ਵਿੱਚ ਉਸ ਪਦਾਰਥ ਦਾ ਕੋਈ ਗੁਣ ਬਾਕੀ ਨਹੀਂ ਰਹਿੰਦਾ ਹੈ। ਇਸ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ



ਜੇਮਜ਼ ਰਾਂਡੀ

ਸੰਸਾਰ ਦੇ ਪ੍ਰਸਿੱਧ ਤਰਕਸ਼ੀਲ ਆਗੂਆਂ ਵਿੱਚੋਂ ਇੱਕ ਜੇਮਜ਼ ਰਾਂਡੀ ਜਿੰਨ੍ਹਾਂ ਵੱਖ ਵੱਖ ਵਿਸ਼ਿਆਂ ’ਤੇ ਬਹੁਤ ਕਿਤਾਬਾਂ ਲਿਖੀਆਂ ਹਨ, ਪੰਜਾਬੀ ਵਿੱਚ ਵੀ ਉਨ੍ਹਾਂ ਦੀਆ ਦੋ ਕਿਤਾਬਾਂ ‘ਚਮਤਕਾਰਾਂ ਦਾ ਰਹੱਸ’ ਅਤੇ ‘ਨਾਸਟੇਡਰਾਮਸ ਬੇਨਕਾਬ’ ਪ੍ਰਕਾਸ਼ਿਤ ਹੋਈਆਂ ਹਨ ਨੇ ਹਾਲ ਹੀ ਵਿੱਚ ਕਿਸੇ ਵੀ ਹੋਮੀਓਪੈਥ ਨੂੰ ਦਸ ਲੱਖ ਡਾਲਰ ਦਾ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਹੈ ਜੋ ਕਿ ਇਹ ਸਿੱਧ ਕਰ ਸਕੇ ਕਿ ਹੋਮੀਓਪੈਥੀ ਇੱਕ ਵਿਗਿਆਨ ਢੰਗ ਨਾਲ ਇਲਾਜ ਕਰਨ ਦੀ ਵਿਧੀ ਹੈ। ਵਧੇਰੇ ਜਾਣਕਾਰੀ ਲਈ ਤੁਸੀਂ ਇੰਟਰਨੈੱਟ ਤੇ ਵੀ ਰਾਂਡੀ ਦੇ ਇਹ ਪੇਸ਼ਕਸ਼ ਵੇਖ ਸਕਦੇ ਹੋ। ਹੋਮੀਓਪੈਥੀ ਬਾਰੇ ਇੱਕ ਬਲਾਗ http://banhomeopathy.blogspot.in/ ’ਤੇ ਵੀ ਬਹੁਤ ਸਾਰੇ ਸੰਸਾਰ ਪ੍ਰਸਿੱਧ ਬੁੱਧੀਜੀਵੀਆਂ ਦੇ ਵਿਚਾਰ ਪੜ੍ਹੇ ਜਾ ਸਕਦੇ ਹਨ।

ਕਿ ਹੋਮੀਓਪੈਥੀ ਦੀ ਦਵਾਈ ਵਿੱਚ ਸਪਿਰਟ ਦੇ ਇੱਕ ਤੁਪਕੇ ਤੋਂ ਬਗੈਰ ਹੋਰ ਕਿਸੇ ਕਿਸਮ ਦੀ ਦਵਾਈ ਦੀ ਬਿਲਕੁਲ ਕੋਈ ਮਾਤਰਾ ਨਹੀਂ ਹੁੰਦੀ। ਸਰੀਰਕ ਬਣਤਰ ਸਮਝਦੇ ਹੋਏ ਅਸੀਂ ਸਮਝਦੇ ਹਾਂ ਕਿ ਸਾਡੇ ਸਰੀਰ ਦੇ ਖਰਬਾਂ ਸੈੱਲਾਂ ਵਿੱਚ ਲੱਖਾਂ ਹੀ ਕਿਸਮ ਦੇ ਐਮੀਨੋ ਐਸਿਡ ਹੁੰਦੇ ਹਨ। ਉਹਨਾਂ ਵਿੱਚੋਂ ਕਿਸੇ ਵਿੱਚ ਹੋ ਰਹੀ ਰਸਾਇਣਕ ਕ੍ਰਿਆ ਨੂੰ ਤੇਜ਼ ਜਾਂ ਮੱਠਾ ਕਰਕੇ ਹੀ ਬਿਮਾਰੀਆਂ ਦਾ ਇਲਾਜ ਹੋ ਸਕਦਾ ਹੈ। ਇਸ ਲਈ ਰਸਾਇਣਕ ਕ੍ਰਿਆ ਦੇ ਤੇਜ਼ ਕਰਨ ਲਈ ਜਾਂ ਮੱਠਾ ਕਰਨ ਲਈ ਜਾਂ ਵਾਪਰਨ ਲਈ ਕਿਸੇ ਬਾਹਰੀ ਦਵਾਈ ਦੀ ਲੋੜ ਹੁੰਦੀ ਹੈ। ਹੋਮੀਓਪੈਥੀ ਦੀ ਦਵਾਈ ਵਿੱਚ ਕੋਈ ਦਵਾਈ ਨਹੀਂ ਹੁੰਦੀ, ਇਸ ਲਈ ਇਸਦਾ ਕੋਈ ਅਸਰ ਨਹੀਂ ਹੋ ਸਕਦਾ ਹੈ।

ਜਰਮਨੀ ਦੀ ਸਕੇਬੈ ਕੰਪਨੀ ਜਿਹੜੀ ਹੋਮੀਓਪੈਥੀ ਦੀਆਂ ਦਵਾਈਆਂ ਬਣਾਉਣ ਲਈ ਪ੍ਰਸਿੱਧ ਹੈ ਆਪਣੀ ਦਵਾਈਆਂ ਦੀ ਸੂਚੀ ਵਿੱਚ ਸਭ ਤੋਂ ਪਹਿਲਾਂ ਇਹ ਸ਼ਬਦ ਲਿਖਦੀ ਹੈ।

“ਹੋਮੀਓਪੈਥੀ ਨਾ ਤਾਂ ਵਿਗਿਆਨਕ ਹੈ ਅਤੇ ਨਾ ਹੀ ਗੈਰ ਵਿਗਿਆਨਕ ਹੈ ਅਤੇ ਨਾ ਹੀ ਇਸ ਨੂੰ ਸਿੱਧ ਕਰਨ ਦੀ ਲੋੜ ਹੈ।”

ਦੁਨੀਆਂ ਦੇ 133 ਦੇਸ਼ਾਂ ਵਿੱਚ ਤਾਂ ਹੋਮੀਓਪੈਥੀ ਦੀ ਪ੍ਰੈਕਟਿਸ ਕਰਨ ਸਮੇਂ ਡਾਕਟਰਾਂ ਨੂੰ ਇੱਕ ਫੱਟੀ ਲਟਕਾਉਣੀ ਪੈਂਦੀ ਹੈ ਜਿਸ ਉੱਪਰ ਲਿਖਿਆ ਹੁੰਦਾ ਹੈ ਕਿ “ਹੋਮੀਓਪੈਥੀ ਦਾ ਮਨੁੱਖਾਂ ਅਤੇ ਜਾਨਵਰਾਂ ’ਤੇ ਕੋਈ ਅਸਰ ਨਹੀਂ ਹੁੰਦਾ।” ਜਿੱਥੋਂ ਤੱਕ ਭਾਰਤ ਸਰਕਾਰ ਵੱਲੋਂ ਹੋਮੀਓਪੈਥੀ ਨੂੰ ਮਾਨਤਾ ਦੇਣ ਦਾ ਸੁਆਲ ਹੈ, ਇੱਥੇ ਤਾਂ ਜੋਤਿਸ਼ ਦੀ ਪੜ੍ਹਾਈ ਨੂੰ ਵੀ ਮਾਨਤਾ ਹੈ। ਇਸ ਸੰਬੰਧੀ ਵੀ ਯੂਨੀਵਰਸਿਟੀਆਂ ਵਿੱਚ ਵਿਭਾਗ ਬਣੇ ਹੋਏ ਹਨ। ਇੱਥੇ ਤਾਂ ਸਭ ਕੁੱਝ ਵੋਟਾਂ ਦੇ ਲਾਲਚ ਕਾਰਨ ਹੀ ਕੀਤਾ ਜਾਂਦਾ ਹੈ ਜਾਂ ਪ੍ਰਭਾਵਸ਼ਾਲੀ ਵਿਅਕਤੀ ਆਪਣੇ ਪ੍ਰਭਾਵ ਦਾ ਇਸਤੇਮਾਲ ਕਰਕੇ ਬੁੱਝੜ ਸਿਆਸਤਦਾਨਾਂ ਤੋਂ ਅਜਿਹੀਆਂ ਗੈਰ ਵਿਗਿਆਨਕ ਪ੍ਰਣਾਲੀਆਂ ਨੂੰ ਮਾਨਤਾ ਦਿਵਾ ਹੀ ਲੈਂਦੇ ਹਨ।

ਹੋਮੀਓਪੈਥੀ ਦੇ ਗੈਰ ਵਿਗਿਆਨਕ ਹੋਣ ਦਾ ਇੱਕ ਹੋਰ ਵੱਡਾ ਸਬੂਤ ਇਹ ਹੈ ਕਿ ਜੇ ਇਹਨਾਂ ਦੀ ਕਿਸੇ ਵੀ ਸ਼ੀਸ਼ੀ ਤੋਂ ਦਵਾਈ ਦਾ ਲੈਬਲ ਉੱਤਰ ਜਾਵੇ ਤਾਂ ਦੁਨੀਆਂ ਦੀ ਕੋਈ ਲੈਬ ਇਸਨੂੰ ਟੈਸਟ ਕਰਕੇ ਨਹੀਂ ਦੱਸ ਸਕਦੀ ਕਿ ਇਹ ਕਿਹੜੀ ਦਵਾਈ ਹੈ। ਜਦੋਂ ਕਿ ਇਲੈਕਟ੍ਰਾਨਕ ਖੁਰਦਬੀਨਾਂ ਅੱਜ ਹਰ ਯੂਨੀਵਰਸਿਟੀ ਵਿੱਚ ਉਪਲਬਧ ਹਨ। ਇਸ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਇਸ ਵਿੱਚ ਦਵਾਈ ਦਾ ਕੋਈ ਵੀ ਅਣੂ ਨਹੀਂ ਹੁੰਦਾ।

ਹੁਣ ਸੁਆਲ ਹੋਮੀਓਪੈਥੀ ਦੇ ਅਸਰ ਦਾ ਹੈ। ਸਾਰੇ ਐਲੋਪੈਥੀ ਡਾਕਟਰ ਜਾਣਦੇ ਹਨ ਕਿ ਸਾਡੇ ਸਰੀਰ ਦੇ ਅੰਦਰ ਰੋਗਾਂ ਨੂੰ ਆਪਣੇ ਆਪ ਵੀ ਠੀਕ ਕਰਨ ਦੀ ਸਮਰੱਥਾ ਦਿਨੋ ਦਿਨ ਮਜ਼ਬੂਤ ਹੁੰਦੀ ਜਾਂਦੀ ਹੈ ਅਤੇ ਇਸ ਤਰ੍ਹਾਂ 80 ਪ੍ਰਤੀਸ਼ਤ ਰੋਗ ਆਪਣੇ ਆਪ ਠੀਕ ਹੋ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਹੋਰ ਪਹਿਲਾਂ ਖਾਧੀਆਂ ਐਲੋਪੈਥਿਕ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ। ਉਂਝ ਵੀ ਜੰਗਲੀ ਜਾਨਵਰਾਂ ਜਾਂ 80% ਗਰੀਬਾਂ ਨੂੰ ਤਾਂ ਇਲਾਜ਼ ਵੀ ਨਹੀਂ ਮਿਲਦਾ ਕੀ ਇਹ ਸਾਰੇ ਬੀਮਾਰੀਆਂ ਨਾਲ ਮਰ ਜਾਂਦੇ ਹਨ? ਉਹਨਾਂ ਵਿੱਚੋਂ 99% ਸਮਾਂ ਪਾ ਕੇ ਆਪਣੇ ਆਪ ਠੀਕ ਹੋ ਜਾਂਦੇ ਹਨ।

ਜੇਕਰ ਕੋਈ ਵੀ ਹੋਮੀਓਪੈਥ ਮੇਰੀ ਉਪਰੋਕਤ ਦਲੀਲ ਦੇ ਆਧਾਰ ਤੇ ਹੋਮੀਓਪੈਥੀ ਦੀ 24X ਪੁਟੈਂਸੀ ਤੋਂ ਉੱਚੀਆਂ ਪੁਟੈਂਸੀਆਂ ਵਿੱਚ ਦਵਾਈਆਂ ਦੀ ਮਾਤਰਾ ਸਿੱਧ ਕਰ ਸਕਦਾ ਹੋਵੇ ਜਾਂ ਦਵਾਈ ਬਣਾਉਣ ਦੇ ਢੰਗ ਨੂੰ ਗਲਤ ਸਿੱਧ ਕਰ ਸਕਦਾ ਹੋਵੇ ਤਾਂ ਮੈਂ ਉਸਦੇ ਵਿਚਾਰਾਂ ਨੂੰ ਜੀ ਆਇਆਂ ਕਹਾਂਗਾ।

ਇਸ ਲਈ ਹੋਮੀਓਪੈਥੀ ਦਾ ਧਾਗੇ ਤਵੀਤਾਂ ਦੀ ਤਰ੍ਹਾਂ ਮਾਨਸਿਕ ਅਸਰ ਤਾਂ ਹੋ ਸਕਦਾ ਹੈ ਪਰ ਇਸ ਤੋਂ ਵੱਧ ਇਸ ਦੀ ਸੰਭਾਵਨਾ ਨਹੀਂ। ਇਸ ਤਰ੍ਹਾਂ ਹੋਮੀਓਪੈਥੀ ਬਿਲਕੁਲ ਹੀ ਗੈਰ ਵਿਗਿਆਨਕ ਹੈ।

**ਈਮੇਲ: tarksheel@gmail.com**

**11ਵਾਂ ਤਰਕਸ਼ੀਲ ਨਾਟਕ ਮੇਲਾ 21 ਸਤੰਬਰ ਨੂੰ**

ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਵੱਲੋਂ 21 ਸਤੰਬਰ ਨੂੰ ਇੱਕ ਵਿਸ਼ਾਲ ਤਰਕਸ਼ੀਲ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪ੍ਰੋਗਰਾਮ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਅਮਰ ਆਸ਼ਰਮ ਫਰੀਦਕੋਟ ਨੇੜੇ ਬੱਸ ਸਟੈਂਡ ਵਿਖੇ ਕਰਵਾਇਆ ਜਾਵੇਗਾ। ਇਸ ਮੌਕੇ ਤਰਕਸ਼ੀਲ ਆਗੂ ਮੇਘ ਰਾਜ ਰੱਲਾ ਦੀ ਟੀਮ ਵੱਲੋਂ ਨਾਟਕ ਅਤੇ ਜਾਦੂ ਦੇ ਟਰਿੱਕ ਵਿਖਾਏ ਜਾਣਗੇ। ਤਰਕਸ਼ੀਲ ਲਹਿਰ ਦੇ ਮੋਢੀ ਆਗੂ ਮੇਘ ਰਾਜ ਮਿੱਤਰ ਇਸ ਮੌਕੇ ਆਪਣੇ ਵਿਚਾਰ ਰੱਖਣਗੇ। ਪ੍ਰੋਗਰਾਮ ਸੰਬੰਧੀ ਵਧੇਰੇ ਜਾਣਕਾਰੀ ਲਈ ਸਾਥੀ ਲਖਵਿੰਦਰ ਹਾਲੀ ਜੀ ਨਾਲ ਫ਼ੋਨ 98761 63421 ’ਤੇ ਸੰਪਰਕ ਕੀਤਾ ਜਾ ਸਕਦਾ ਹੈ।